# ਸਮਤਾ

ਜੁਲਾਈ 1982 (ਅੰਕ 26)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਜੁਲਾਈ 1982
ਮੁਲ — ਦੋ ਰੁਪਏ
26

# ਸੰਪਾਦਕੀ

## ਖੱਬੀ ਏਕਤਾ ਬਾਰੇ ਇਕ ਵਾਰੀ ਫੇਰ

ਨਸਕਲਬਾੜੀ ਦੀ ਕਿਸਾਨੀ ਬਗ਼ਾਵਤ ਨੂੰ 15 ਸਾਲ ਹੋ ਗਏ ਹਨ। ਇਹ ਉਹ ਬਗ਼ਾਵਤ ਹੈ ਜਿਸ ਵਿਚ ਦੱਬੇ ਕੁਚਲੇ ਲੋਕਾਂ ਨੇ ਪੂਰੇ ਰੋਹ ਨਾਲ ਸਮੇਂ ਦੇ ਨਿਜ਼ਾਮ ਨੂੰ ਚੈਲਿੰਜ ਕੀਤਾ ਤੇ ਨਾਲ ਹੀ ਸੰਕੇਤ ਕੀਤਾ ਕਿ ਹਿੰਦੁਸਤਾਨ ਦਾ ਇਨਕਲਾਬ ਕਿਨ੍ਹਾਂ ਲੀਹਾਂ ਤੇ ਚੱਲੇਗਾ। ਇਸ ਕਿਸਾਨੀ ਬਗ਼ਾਵਤ ਨੇ ਦਿਨਾਂ ਵਿਚ ਹੀ ਇਕ ਲਹਿਰ ਦਾ ਰੂਪ ਧਾਰ ਲਿਆ ਤੇ ਇਸ ਦੀ ਗੂੰਜ ਦੇਸ਼ ਦੇ ਵੱਖ ਵੱਖ ਹਿਸਿਆਂ ਵਿਚ ਸੁਣਾਈ ਦੇਣ ਲਗ ਪਈ। ਸਾਰੇ ਉਹ ਲੋਕ, ਜਿਨ੍ਹਾਂ ਵਿਚ ਸਥਾਪਤ ਦੋਨੋਂ ਕਮਿਊਨਿਸਟ ਪਾਰਟੀਆਂ ਦਾ ਕੈਡਰ ਵੀ ਸ਼ਾਮਿਲ ਸੀ, ਜਿਹੜੇ ਸਥਾਪਤ ਕਮਿਊਨਿਸਟ ਪਾਰਟੀਆਂ ਦੀ ਕਾਰ-ਗੁਜ਼ਾਰੀਆਂ ਤੋਂ ਮਾਯੂਸ ਸਨ, ਉਹਨਾਂ ਨੇ ਖੱਬੀ ਲਹਿਰ ਵਿਚ ਇਸ ਖਾੜਕੂ ਰੁਝਾਣ ਦੀ ਆਮਦ ਨੂੰ 'ਜੀ ਆਇਆਂ' ਆਖਿਆ। ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਇਹ ਸਵੀਕਾਰ ਕਰਨ ਵਿਚ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਮੁੱਢਲੀਆਂ ਕਾਮਯਾਬੀਆਂ ਦੇ ਛੇਤੀ ਹੀ ਬਾਅਦ ਇਹ ਲਹਿਰ ਲੋੜੀਂਦੀ ਕਾਮਯਾਬੀ ਹਾਸਿਲ ਨਹੀਂ ਕਰ ਸਕੀ ਤੇ ਇਹਦਾ ਲੇਖਾ-ਜੋਖਾ ਕਰਨਾ ਬੜਾ ਜ਼ਰੂਰੀ ਹੋ ਗਿਆ ਹੈ। ਇਹ ਇਕ ਚੰਗੀ ਗੱਲ ਹੈ ਕਿ ਨਕਸਲਬਾੜੀ ਨਾਲ ਸਬੰਧਤ ਸਾਰੇ ਗਰੁਪ ਆਪਣੀ ਆਪਣੀ ਸੋਚ ਅਨੁਸਾਰ ਇਹ ਲੇਖਾ-ਜੋਖਾ ਕਰ ਰਹੇ ਹਨ।

ਮੁੱਢ ਤੋਂ ਹੀ ਇਸ ਲਹਿਰ ਦੇ ਸਮਰਥਕ ਹੋਣ ਦੇ ਨਾਤੇ ਮੈਂ ਆਪਣੀ ਕੁੱਛ ਰਾਏ ਇਸ ਵਿਸ਼ੇ ਤੇ ਜ਼ਰੂਰ ਦਸਣਾ ਚਾਹਵਾਂਗਾ। ਮੈਨੂੰ ਇਸ ਬਾਰੇ ਧੁੰਦਲਾ ਜਿਹਾ ਅਹਿਸਾਸ 1970-71 ਵਿਚ ਵੀ ਸੀ ਪਰ ਉਸ ਵੇਲੇ ਮੈਂ ਇਹ ਕੋਈ ਰਾਏ ਨਹੀਂ ਬਣਾ ਸਕਿਆ ਸੀ। ਇਹ ਅਹਿਸਾਸ ਸੀ ਕਿ ਨਕਸਲਬਾੜੀ ਲਹਿਰ ਹਿੰਦੋਸਤਾਨ ਦੀ ਸਮੁੱਚੀ ਖੱਬੀ ਲਹਿਰ ਦੀ ਖਾੜਕੂ ਧਿਰ ਹੋਣੀ ਚਾਹੀਦੀ ਹੈ ਨਾ ਕਿ ਇਕ ਵੱਖਰੀ ਧਿਰ ਜਿਸ ਨੇ ਮੁਢੋਂ ਸੁਢੋਂ ਫੇਰ ਕੰਮ ਸ਼ੁਰੂ ਕਰਨਾ ਹੈ। ਖੱਬੀ ਲਹਿਰ ਦੇ ਪਿਛੇ ਉਸ ਵੇਲੇ ਦਾ ਪੰਜਾਹ ਸਾਲ ਦਾ ਇਤਿਹਾਸ ਸੀ, ਉਹ ਥਿੜਕੀ ਵੀ ਬਹੁਤ ਵਾਰੀ ਸੀ ਪਰ ਉਹਦੀਆਂ ਆਪਣੀਆਂ ਕੋਈ ਪ੍ਰਾਪਤੀਆਂ ਵੀ ਸਨ। ਟਰੇਡ ਯੂਨੀਅਨਾਂ ਵਿਚ, ਖੇਤ ਮਜ਼ਦੂਰਾਂ ਵਿਚ ਅਤੇ ਹੋਰ ਤਬਕਿਆਂ ਵਿਚ ਉਹਦਾ ਸੁਹਿਰਦ ਕੇਡਰ ਸੀ। ਕੀ ਸਭ ਕੁਝ ਦੀ ਸਲੇਟ ਸਾਫ ਕਰਕੇ ਨਵੇਂ ਸਿਰੇ ਤੋਂ ਇਨਕਲਾਬੀ ਲਹਿਰ ਨੂੰ ਕਾਇਮ ਕਰਨ ਦਾ ਉਪਰਾਲਾ ਠੀਕ ਸੀ? ਇਹ ਕਿੰਤੂ ਉਠਣਾ ਬੜਾ ਸੁਭਾਵਕ ਸੀ ਕਿਉਂਕਿ ਨਕਸਲਬਾੜੀ ਦੀ ਕਿਸਾਨੀ ਬਗ਼ਾਵਤ ਉਸ ਵੇਲੇ ਕੋਈ ਹਵਾ ਵਿਚੋਂ ਨਹੀਂ ਉਤਰੀ ਸੀ। ਇਹਦਾ ਆਪਣਾ, ਵੱਧ ਨਹੀਂ ਤਾਂ 15-16 ਸਾਲਾਂ ਦਾ ਸੰਘਰਸ਼ੀਲ ਇਤਿਹਾਸ ਜ਼ਰੂਰ ਸੀ ਅਤੇ ਇਹ ਸੰਘਰਸ਼ ਉਹਨਾਂ ਕਮਿਊਨਿਸਟਾਂ ਨੇ ਹੀ ਲੜਿਆ ਸੀ, ਜਿਹੜੇ ਕਿਸੇ ਵੇਲੇ ਸਥਾਪਿਤ ਕਮਿਊਨਿਸਟ ਪਾਰਟੀਆਂ ਦੇ ਜ਼ੁਮੇਵਾਰ ਬੰਦੇ ਸਨ। ਕਮਿਊਨਿਸਟ ਲਹਿਰ ਤੇ ਉਹਨਾਂ ਦੇ ਭਾਰੀ ਦਾਅਵੇ ਸਨ ਅਤੇ ਇਸ ਲਹਿਰ ਵਿਚ ਉਹਨਾਂ ਦਾ ਫ਼ਖ਼ਰਯੋਗ ਹਿੱਸਾ ਸੀ।

ਇਹ ਸੱਚ ਹੈ ਕਿ 1966-67 ਦੇ ਕੌਮੀ ਉਭਾਰ ਦੇ ਪ੍ਰਸੰਗ ਵਿਚ ਵਾਚੀਏ ਤਾਂ ਸਪੱਸ਼ਟ ਹੈ ਕਿ ਸਥਾਪਤ ਕਮਿਊਨਿਸਟ ਲੀਡਰਸ਼ਿਪ ਹੰਭ ਗਈ ਸੀ ਤੇ ਕੌਮਾਂਤਰੀ ਜਾਂ ਹੋਰ ਮਜਬੂਰੀਆਂ ਥਲੇ ਸਥਾਪਤੀ ਨਾਲ ਸਮਝੌਤੇ ਤੇ ਸਮਝੌਤੇ ਕਰ ਰਹੀ ਸੀ। ਨਕਸਲਬਾੜੀ ਖੱਬੀ ਲਹਿਰ ਲਈ ਇਕ ਨਵਾਂ ਖੂਨ ਸੀ ਅਤੇ ਥੋੜੇ ਜਿਹੇ ਹੱਲੇ ਨਾਲ ਹੀ ਸਪਾਪਤ ਲੀਡਰਸ਼ਿਪ ਨੂੰ ਹਟਾਉਣ ਜਾਂ ਰਾਹ ਬਦਲਣ ਲਈ ਮਜਬੂਰ ਕਰ ਸਕਦੀ ਸੀ ਪਰ ਇਸ ਲਹਿਰ ਦੇ ਆਗੂਆਂ ਦੀ ਇਹ ਧਾਰਨਾ ਬਣੀ ਕਿ ਉਹਨਾਂ ਨੇ ਆਪਣੇ ਆਪ ਨੂੰ ਇਕ ਵੱਖਰੀ ਲਹਿਰ ਦਾ ਝੰਡਾ ਬਰਦਾਰ ਆਖਿਆ ਅਤੇ ਸਥਾਪਿਤ ਲਹਿਰ ਨੂੰ 'ਢੌਂਗੀ' ਅਤੇ ਗ਼ਦਾਰ ਦਾ ਪੱਕਾ ਫਤਵਾ ਦੇ ਦਿਤਾ। ਸਥਾਪਤ ਕਮਿਊਨਿਸਟ ਪਾਰਟੀਆਂ ਦੀ ਕੁਝ ਲੀਡਰਸ਼ਿਪ ਵਾਸਤੇ ਇਹ ਫਤਵਾ ਉਸ ਵੇਲੇ ਬਹੁਤ ਹੱਦ ਤਕ ਠੀਕ ਵੀ ਕਿਹਾ ਜਾ ਸਕਦਾ ਸੀ ਪਰ ਸਮੁੱਚੀ

---

ਇਸ ਅੰਕ ਵਿਚ: ਕਹਾਣੀ ਸੁਖਵੰਤ ਕੌਰ ਮਾਨ—ਇਹ ਹਮਾਰਾ ਜੀਵਣਾ: ਰਾਜਸੀ ਲਹਿਰ ਦੀ ਕਵਿਤਾ, ਕਥਾ ਕੁਲਵੰਤ ਸਿੰਘ ਦੀ, ਇੰਡੀਅਨ ਪੀਪਲਜ਼ ਫਰੰਟ ਤੋਂ ਹੋਰ ਟਿਪਣੀਆਂ। ਕਵਿਤਾ : ਹਰਚਰਨ ਸਿੰਘ ਬਾਸੀ, ਧਰਮਪਾਲ ਉਪਾਸ਼ਕ ਸੁਰਜੀਤ ਬਰਾੜ ਤੇ ਪਾਠਕ ਲੇਖਕ ਫੋਰਮ।

ਲਹਿਰ ਲਈ ਇਸ ਫਤਵੇ ਨੇ ਨਕਸਲਬਾੜੀਆਂ ਨੂੰ ਉਹਨਾਂ ਸੁਹਿਰਦ ਸਾਥੀਆਂ ਤੋਂ ਦੂਰ ਕੀਤਾ ਜੋ ਭਾਵੇਂ ਆਪਣ ਲੀਡਰਸ਼ਿਪ ਦੀਆਂ ਕਾਰਗੁਜ਼ਾਰੀਆਂ ਤੋਂ ਬਦਜ਼ਨ ਸਨ ਪਰ ਖੱਬੀ ਲਹਿਰ ਦੇ ਸਿਪਾਹੀ ਹੋਣ ਦਾ ਉਹਨਾਂ ਨੂੰ ਮਾਨ ਸੀ ਕਲਕੱਤਾ ਤੋਂ ਅਜੀਤ ਰਾਏ ਅਤੇ ਹੋਰ ਸੁਹਿਰਦ ਸਾਥੀ ਜੋ ਮਾਰਕਸੀ ਵਿਚਾਰਧਾਰਾ ਦੇ ·ਨਿਰਪੱਖ ਬੁਧੀਜੀਵੀ ਸਨ ਉਹਨਾਂ ਨੇ 1970 ਵਿਚ ਇਹ ਲਿਖਿਆ ਸੀ, "ਨਸਕਸਲਬਾੜੀ ਲਹਿਰ, ਖੱਬੀ ਲਹਿਰ ਵਿਚ ਇਕ ਨਵੀ ਬਹਾਰ ਜ਼ਰੂਰ ਹੈ, ਪਰ ਬਹਾਰ ਦੀ ਆਮਦ ਦਾ ਇਹ ਮਤਲਬ ਨਹੀਂ ਕਿ ਹਰ ਇਕ ਬੂਟਾ ਨਵ ਲਗਾਇਆ ਜਾਵੇ । ਬਹੁਤ ਬੂਟੇ ਫਲ ਦੇਣ ਦੀ ਹਾਲਤ ਤਕ ਪੁੱਜੇ ਹੋਏ ਹਨ ਅਤੇ ਥੋੜੀ ਜਿਹ ਗੋਡੀ ਨਾਲ ਹੀ ਫਲ ਦੇਣ ਦੇ ਯੋਗ ਹੋ ਸਕਦੇ ਹਨ" ਉਹਨਾਂ ਦੀ ਇਹ ਲਿਖਤ ਸਾਥੀ ਚਾਰੂ ਮਜਮੂਦਾਰ ਅਤੇ ਸਾਬ ਸਾਥੀ ਕਾਨੂੰ ਸਾਨਿਯਾਲ ਦੀ ਇਕ ਇੰਟਰਵੀਊ ਦੇ ਸਿਲਸਿਲੇ ਵਿਚ ਸੀ । ਦਿਲੀ ਯੂਨੀਵਰਸਿਟੀ ਦੇ ਪੁਲੀਟੀਕਲ ਸਾਇੰਸ ਦੇ ਪ੍ਰੋ. ਰਨਧੀਰ ਸਿੰਘ ਹੋਰਾਂ ਨੇ 1971 ਵਿਚ ਪ੍ਰਾਈਵੇਟ ਗੱਲਬਾਤ ਵਿਚ ਮੈਨੂੰ ਇਹ ਕਿਹਾ ਸੀ ਕਿ ਖੱਬੀ ਲਹਿਰ ਨੂੰ ਮਨਫੀ (Negate) ਕਰਨ ਨਾਲ ਲਹਿਰ ਅਗੇ ਨਹੀਂ ਵੱਧ ਸਕਦੀ, ਸਗੋਂ ਇਸ ਨੂੰ ਖੱਬੀ ਲਹਿਰ ਦੇ ਵਿਰਸੇ ਨੂੰ ਅਪਣਾਉਂਦਿਆਂ ਹੋਇਆਂ ਇਸ ਵਿਚ ਅਪਣੀ ਮਾਨਮਤੀ ਥਾਂ ਲੈਣੀ ਚਾਹੀਦੀ ਹੈ । ਇਸਦੇ ਉਲਟ ਨਕਸਲ-ਬਾੜੀ ਆਗੂਆਂ ਦੀ ਇਹ ਦਲੀਲ ਸੀ ਕਿ ਬੁਰਜ਼ੂਆਜ਼ੀ ਜਿਥੇ ਆਪਣੇ ਅਮਲ ਵਿਚ ਪਰੋਲਤਾਰੀ ਨੂੰ ਸਟੇਟ ਪਾਵਰ ਨਾਲ ਦਬਾਉਂਦੀ ਹੈ, ਉਥੇ ਹਮੇਸ਼ਾ ਪਰੋਲਤਾਰੀ ਦੇ ਖੁੰਡਾ ਕਰਨ ਲਈ ਆਪਣੇ ਏਜੰਟ ਪਰੋਲਤਾਰੀ ਪਾਰਟੀ ਵਿਚ ਛੱਡਦੀ ਹੈ ਜੋ ਪਰੋਲਤਾਰੀ ਲਹਿਰ ਨੂੰ ਕੁਰਾਹੇ ਪਾਂਦੀ ਹੈ । ਉਹਨਾਂ ਦੇ ਅਨੁਸਾਰ ਸੀ. ਪੀ. ਆਈ. ਅਤੇ ਸੀ. ਪੀ. ਐਮ. ਇਹ ਭੂਮਿਕਾ ਨਿਭਾ ਰਹੀਆਂ ਹਨ ਅਤੇ ਇਹਨਾਂ ਨੂੰ ਤਹਿਸ ਨਹਿਸ ਕੀਤੇ ਬਿਨਾਂ ਹਿੰਦੋਸਤਾਨ ਦਾ ਇਨਕਲਾਬ ਅਗੇ ਨਹੀਂ ਵੱਧ ਸਕਦਾ । ਬਹੁਤੀਆਂ ਹਾਲਤਾਂ ਵਿਚ ਇਹਨਾਂ ਪਾਰਟੀਆਂ ਨੂੰ ਦੁਸ਼ਮਣ ਨੰਬਰ ਇਕ ਹੀ ਸਮਝਿਆ ਜਾਏ । ਇਸ ਲਾਈਨ ਨੂੰ ਨਕਸਲਬਾੜੀਆਂ ਨੇ ਪੂਰੀ ਤਰ੍ਹਾਂ ਨਿਭਾਇਆ ਹੈ । ਜਨਮ ਤੋਂ ਹੀ ਹੋਰਨਾਂ ਸੰਘਰਸ਼ਾਂ ਦੇ ਨਾਲ ਨਾਲ ਨਕਸਲਬਾੜੀਆਂ ਦਾ ਸੰਘਰਸ਼ ਇਹਨਾਂ ਦੋਨਾਂ ਪਾਰਟੀਆਂ ਦੇ ਵਿਰੁਧ ਵੀ ਰਿਹਾ ਹੈ । ਜਦੋਂ ਵੀ ਕੋਈ ਬੁਲਾਰਾ ਨਕਸਲਬਾੜੀ ਸਟੇਜ ਤੋਂ ਬੋਲਿਆ ਹੈ, ਉਥੇ ਉਸਨੇ ਜਦੋਂ ਹਾਕਮ ਜਮਾਤਾਂ ਦੀਆਂ ਪਾਰਟੀਆਂ ਦਾ ਜ਼ਿਕਰ ਕੀਤਾ ਹੈ, ਉਥੇ ਖੱਬੇ ਸੱਜੇ ਕਮਿਊਨਿਸਟਾਂ ਦੀ ਨਿਖੇਧੀ ਵੀ ਨੀਤੀ ਦੇ ਤੌਰ ਤੇ ਕੀਤੀ ਹੈ । ਦੂਜੇ ਪਾਸੇ ਕਮਿਊਨਿਸਟ ਪਾਰਟੀਆਂ ਨੇ ਵੀ ਖਾਸ ਕਰਕੇ ਸੀ. ਪੀ. ਐਮ. ਨੇ ਨਕਸਲਬਾੜੀਆਂ ਨੂੰ ਆਪਣਾ ਦੁਸਮਣ ਨੰਬਰ ਇਕ ਹੀ ਕਰਾਰ ਦਿਤਾ ਹੈ ਤੇ ਉਹਨਾਂ ਨੂੰ ਸੀ. ਆਈ. ਏ ਦਾ ਏਜੰਟ ਕਰਾਰ ਦੇਣ ਤੋਂ ਕਦੇ ਵੀ ਝਿਜਕ ਨਹੀਂ ਜਾਹਿਰ ਕੀਤੀ । ਨਤੀਜੇ ਸਾਹਮਣੇ ਹਨ । ਸਮੁੱਚੇ ਹਿੰਦੋਸਤਾਨ ਦੀ ਸਿਆਸਤ ਵਿਚ ਖੱਬੀ ਲਹਿਰ ਜਿਥੇ ਖਲੋਤੀ ਹੈ, ਸੁਹਿਰਦ ਕਮਿਊਨਿਸਟਾਂ ਲਈ ਉਹ ਮਾਣ ਵਾਲੀ ਗੱਲ ਨਹੀਂ ।

ਹਿੰਦੋਸਤਾਨ ਦੀ ਮੌਜੂਦਾ ਸਥਿਤੀ ਨੂੰ ਵੇਖਦਿਆਂ ਹੋਇਆਂ ਇਹ ਅਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਆਰਥਕ ਸੰਕਟ ਸਿਖਰਾਂ ਤੇ ਪੁੱਜ ਰਿਹਾ ਹੈ ਪਰ ਕਿਉਂਕਿ ਖੱਬੀ ਲਹਿਰ ਇਸ ਸੰਕਟ ਨੂੰ ਨਜਿਠਣ ਲਈ ਜਥੇਬੰਦ ਨਹੀਂ ਇਸ ਲਈ ਵੱਖ-ਵਾਦੀ ਅਤੇ ਫ਼ਾਸ਼ੀ ਰੁੱਚੀਆਂ, ਥਾਂ ਥਾਂ ਤੇ ਜਨਮ ਲੈ ਰਹੀਆਂ ਹਨ । ਪੁਰਾਣੇ ਇਤਿਹਾਸ ਤੋਂ ਸਬਕ ਲੈਂਦਿਆਂ ਕਮਿਊਨਿਸਟ ਇਨਕਲਾਬੀਆਂ ਨੂੰ ਨਵੀਆਂ ਚਣੌਤੀਆਂ ਸਵੀਕਾਰ ਕਰਨੀਆਂ ਚਾਹੀਦੀਆਂ ਹਨ ਤੇ ਇਸ ਸਿਲਸਲੇ ਵਿਚ ਸਭ ਤੋਂ ਵੱਡਾ ਕੰਮ ਹੈ, ਲੋਕਾਂ ਵਿਚ ਇਹ ਵਿਸ਼ਵਾਸ਼ ਕਾਇਮ ਕਰਨਾ ਕਿ ਇਸ ਨਿਜ਼ਾਮ ਤੋਂ ਬੇਹਤਰ ਇਕ ਐਸਾ ਨਿਜ਼ਾਮ ਹੋ ਸਕਦਾ ਹੈ ਜਿਥੇ ਜ਼ਮੀਨ ਹਲਵਾਹਕ ਦੀ ਮਲਕੀਅਤ ਹੋਵੇ । ਜਿਥੇ ਮਜ਼ਦੂਰ ਦੀ ਮਿਹਨਤ ਤੇ ਅਯਾਸ਼ੀ ਕਰਨ ਵਾਲੇ ਧਨਾਢ ਨਾ ਹੋਣ ਤੇ ਜਿਥੇ ਜ਼ਿੰਦਗੀ ਅਮੀਰ ਗਰੀਬ ਦੇ ਵਿਤਕਰੇ ਜਾਂ ਜਾਤਾਂ ਦੇ ਵਿਤਕਰਿਆਂ ਤੋਂ ਬਗ਼ੈਰ ਚਲਾਈ ਜਾ ਸਕਦੀ ਹੈ । ਇਹ ਕਰਨ ਲਈ ਉਹਨਾ ਅਮਲਾਂ ਤੋਂ ਸੰਕੋਚ ਕਰਨਾ ਚਾਹੀਦਾ ਹੈ ਜੋ ਸਾਧਾਰਨ ਲੋਕਾਂ ਵਿਚ ਕਮਿਊਨਿਸਟ ਸਿਧਾਂਤ ਜਾਂ ਉਹਦੀ ਕਲਿਆਣਕਾਰੀ ਭੂਮਿਕਾ ਬਾਰੇ ਸ਼ੰਕੇ ਪੈਦਾ ਕਰਦੇ ਹਨ । ਅਮਲੀ ਸਿਆਸਤ ਵਿਚ ਸੀ.ਪੀ.ਆਈ. ਅਤੇ ਸੀ.ਪੀ.ਐਮ ਨੂੰ ਬੁਰਜੂਆਜੀ, ਜਾਗੀਰਦਾਰੀ ਪਾਰਟੀਆਂ, ਕਾਂਗਰਸ, ਜਨਸੰਘ, ਅਕਾਲੀਆਂ ਆਦਿਕ ਨਾਲ ਤੁਲਣਾ ਦੇਣੀ ਠੀਕ ਨਹੀਂ ਸਗੋਂ ਲੋੜ ਹੈ ਕਿ ਉਹਨਾਂ ਦੀ ਸਿਆਸੱਤ ਤੇ ਚਾਨਣਾ ਪਾਂਦੇ ਹੋਏ ਇਹ ਸਾਬਤ ਕੀਤਾ ਜਾਏ ਕਿ ਇਹ ਪਾਰਟੀਆਂ ਸਮਾਜਵਾਦੀ ਨਿਸ਼ਾਨਾ ਰਖਦੀਆਂ ਹੋਈਆਂ ਵੀ ਜਿਸ ਰਾਹ ਤੇ ਪਈਆਂ ਹੋਈਆਂ ਹਨ, ਉਹ ਆਪਣੇ ਏਲਾਨੀਆ ਮੰਤਵਾਂ ਨੂੰ ਪੂਰਾ ਨਹੀਂ ਕਰ ਸਕਣਗੀਆਂ । ਨਕਸਲਵਾੜੀਆਂ ਦਾ ਉਲੀਕਿਆ ਹੋਇਆ ਪ੍ਰੋਗਰਾਮ ਸਪਸ਼ਟ ਹੋਣਾ ਚਾਹੀਦਾ ਹੈ ਕਿ ਜਨਤਕ ਐਕਸ਼ਨ ਜਿਸ ਵਿਚ ਲੋੜ ਅਨੁਸਾਰ ਹਥਿਆਰਬੰਦ ਐਕਸ਼ਨ ਵੀ ਹਨ, ਇਸ ਲਹਿਰ ਨੂੰ ਅਗੇ ਲਿਜਾਣਾ ਹੈ । ਜਿਥੋਂ ਤਕ ਲੋਕਾਂ ਦਾ ਤੁਅਲਕ ਹੈ, ਉਹਨਾਂ ਨੂੰ ਇਹ ਯਕੀਨ ਦੁਆਉਣਾ ਹੈ ਕਿ ਖੱਬੀ ਲਹਿਰ ਵਿਚ ਹੀ ਉਹਨਾਂ ਦਾ ਕਲਿਆਣ ਹੈ । ਜਦੋਂ ਕਮਿਊਨਿਜ਼ਮ ਦੇ ਨਾਂ ਨਾਲ ਜੁੜੀਆਂ ਹੋਈਆਂ ਪਾਰਟੀਆਂ ਇਕ ਦੂਜੇ ਦੇ ਵਿਰੁਧ ਬੰਬਾਰੀ ਕਰਦੀਆਂ ਹਨ । ਲੋਕ ਭੰਬਲਭੂਸਿਆਂ ਵਿਚ ਪੈਂਦੇ ਹਨ । ਫਾਇਦਾ ਕਿਸਦਾ ਹੈ ? ਜੇ ਕੋਈ ਖੱਬੀ ਧਿਰ ਵਾਲਾ ਕਹਿ ਦੇਵੇ ਕਿ

ਸਤਪਾਲ ਡਾਂਗ ਤੇ ਸੇਵਾਰਾਮ ਵਿਚ ਕੋਈ ਫਰਕ ਨਹੀਂ ਤਾਂ ਇਹ ਮੂਰਖਤਾ ਤੋਂ ਸਿਵਾ ਕੁਝ ਨਹੀਂ। ਲੋਕ ਭਾਵੇਂ ਹੋਰ ਕੁਝ ਸਮਝਣ ਜਾਂ ਨਾ ਸਮਝਣ ਪਰ ਇਹੋ ਜਿਹੀ ਮੂਰਖਤਾ ਨੂੰ ਜ਼ਰੂਰ ਤਾੜ ਜਾਂਦੇ ਹਨ। ਇਸੇ ਤਰ੍ਹਾਂ ਜੇਕਰ ਕੋਈ ਆਖੇ ਯੂ.ਪੀ. ਸਰਕਾਰ ਤੇ ਬੰਗਾਲ ਸਰਕਾਰ ਦੀਆਂ ਜ਼ਮੀਨੀ ਨੀਤੀਆਂ ਵਿਚ ਕੋਈ ਫਰਕ ਨਹੀਂ ਤਾਂ ਇਹ ਅਸਲੀਅਤ ਤੋਂ ਅੱਖਾਂ ਬੰਦ ਕਰਨ ਵਾਲੀ ਗਲ ਹੋਵੇਗੀ। ਗੱਲ ਵਿਚ ਵਜ਼ਨ ਉਸ ਵੇਲੇ ਹੋਵੇਗਾ ਜਦੋਂ ਅਸੀਂ ਪੱਛਮੀ ਬੰਗਾਲ ਦੇ ਯਤਨਾਂ ਨੂੰ ਦਸਦਿਆਂ ਹੋਇਆਂ ਇਹ ਸਾਬਤ ਕਰਾਂਗੇ ਕਿ ਇਹ ਜ਼ਮੀਨੀ ਸੁਧਾਰ ਬਿਲਕੁਲ ਨਾਕਾਫੀ ਹਨ। ਹਿੰਦੁਸਤਾਨ ਦਾ ਵਿਧਾਨ ਇਸ ਵਿਚ ਵਡੀ ਰੁਕਾਵਟ ਹੈ। ਇਨਕਲਾਬ ਤੋਂ ਬਿਨਾਂ ਇਹ ਰੁਕਾਵਟ ਹਟ ਨਹੀਂ ਸਕਦੀ ਤੇ ਮਾਰਕਸੀ ਪਾਰਟੀ ਨੂੰ ਇਹ ਭੰਬਲਭੂਸਿਆਂ ਵਾਲਾ ਰਾਹ ਛੱਡਕੇ ਇਨਕਲਾਬ ਦੇ ਰਾਹ ਨੂੰ ਅਪਣਾਉਣਾ ਚਾਹੀਦਾ ਹੈ। ਜਦੋਂ ਇਹ ਗਲ ਸੀ.ਪੀ.ਆਈ. ਅਤੇ ਸੀ.ਪੀ.ਐਮ. ਵਾਸਤੇ ਆਖੀ ਜਾ ਸਕਦੀ ਹੈ ਤਾ ਉਸ ਤੋਂ ਵੀ ਵੱਧ ਜ਼ੋਰ ਨਾਲ ਇਹ ਨਕਸਲਬਾੜੀ ਗਰੁਪਾਂ ਵਾਸਤੇ ਆਖੀ ਜਾਣੀ ਚਾਹੀਦੀ ਹੈ। ਇਕ ਦੂਜੇ ਦੇ ਵਿਰੁਧ ਫਤਵੇ ਦੇਣ ਤੋਂ ਸੰਕੋਚ ਕਰੀਏ। ਅਸੀਂ ਸਾਰੇ ਚਾਨਣ ਦੀ ਤਲਾਸ਼ ਵਿਚ ਹਾਂ। ਇਕ ਦੂਜੇ ਦੇ ਵਿਚਾਰਾ ਜਾਂ ਫਾਰਮੂਲੇਸ਼ਨਜ਼ ਨੂੰ ਗਹੁ ਨਾਲ ਵਾਚੀਏ। ਲੋਕਾਂ ਵਿਚ ਜਦੋਂ ਵਿਚਰੀਏ ਤਾਂ ਦੂਜੇ ਦੇ ਵਿਚਾਰਾਂ ਨੂੰ ਸੁਹਿਰਦਤਾ ਨਾਲ ਦਸਦੇ ਹੋਏ ਅਪਣੇ ਵਿਚਾਰ ਦਸੀਏ ਤੇ ਉਹਦੇ ਦਰੁੱਸਤ ਜਾਂ ਗ਼ਲਤ ਹੋਣ ਬਾਰੇ ਦਲੀਲ ਨਾਲ ਗਲ ਕਰੀਏ। ਇਸ ਵਿਚ ਟਿਚਕਰ ਨਾਲੋਂ ਤਰਕ ਪ੍ਰਧਾਨ ਅੰਸ਼ ਹੋਣਾ ਚਾਹੀਦਾ ਹੈ, ਉਂਝ ਸਾਨੂੰ ਅੰਦਰ ਮੁੱਖੀ ਸੋਚ ਤੋਂ ਜ਼ਰੂਰ ਨਿਜਾਤ ਪਾਣੀ ਚਾਹੀਦੀ ਹੈ। ਜਿਥੋਂ ਤਕ ਸਾਧਾਰਨ ਲੋਕਾਂ ਦਾ ਤੁਅਲਕ ਹੈ, ਉਹਨਾਂ ਨੂੰ ਇਸ ਗਲ ਨਾਲ ਕੋਈ ਸਰੋਕਾਰ ਨਹੀਂ ਕਿ ਬਲਦੇਵ ਮਾਨ ਤਿੰਨ ਸੰਸਾਰੀਆ ਹੈ ਜਾਂ ਮਘਰ ਸਿੰਘ ਕੂਲਰੀਆ ਸੰਸਾਰ ਇਨਕਲਾਬ ਦਾ ਮੁੱਦਈ ਹੈ ਜਾਂ ਇਕ ਦੇਸ਼ ਦੇ ਇਨਕਲਾਬ ਦਾ ਮੁੱਦਈ ਹੈ। ਉਹਨਾਂ ਦਾ ਸਰੋਕਾਰ ਇਸ ਨਾਲ ਹੈ ਕਿ ਇਹ ਆਪਣੀਆਂ ਜਥੇਬੰਦੀਆਂ ਰਾਹੀਂ ਲੋਕਾਂ ਵਿਚ ਕਿਸ ਤਰ੍ਹਾਂ ਵਿਚਰਦੇ ਹਨ ਤੇ ਇਹਨਾਂ ਜਥੇਬੰਦੀਆਂ ਕੋਲ ਲੋਕਾਂ ਦੇ ਦੁਖ ਤਕਲੀਫ ਦੂਰ ਕਰਨ ਦੇ ਕੀ ਪ੍ਰੋਗਰਾਮ ਹਨ? ਆਪ ਵੀ ਸਪਸ਼ੱਟ ਹੋਈਏ ਤੇ ਲੋਕਾਂ ਨੂੰ ਵੀ ਅਪਣੇ ਨਿਸ਼ਾਨਿਆਂ ਬਾਰੇ ਸਪਸ਼ਟ ਦਸੀਏ ਅਮਲ ਵਿਚ ਕੋਈ ਵੀ ਐਸੀ ਕਾਰਵਾਈ ਨਾ ਕਰੀਏ ਜੋ ਲੋਕਾਂ ਨੂੰ ਖਾਹ-ਮਖਾਹ ਧੁੰਧਲਾਏ ਤੇ ਇਹ ਧੁੰਧਲਾਏ ਜਾਣ ਦਾ ਵਡਾ ਅਮਲ ਉਸ ਵੇਲੇ ਹੁੰਦਾ ਹੈ ਜਦੋਂ ਇਕੋ ਜਿਹੇ ਨਿਸ਼ਾਨੇ ਦਸਦੇ ਹੋਏ ਅਸੀਂ ਇਕ ਦੂਜੇ ਨੂੰ ਨਸ਼ਰ ਕਰਨੇ ਹਾਂ। ਲੋੜ ਹੈ ਕਿ ਸਮੇਂ ਦੇ ਯਥਾਰਥ ਅਨੁਸਾਰ ਵਿਚਰਨ ਦਾ ਉਪਰਾਲਾ ਕਰੀਏ। ਅਪਣੀਆਂ ਪੁਜ਼ੀਸ਼ਨਾਂ ਤੇ ਸਪੱਸ਼ਟ ਰਹਿੰਦੇ ਹੋਏ, ਲੋਕ ਸੰਘਰਸ਼ਾਂ ਵਿਚ ਵੱਧ ਤੋਂ ਵੱਧ ਏਕਤਾ ਕਾਇਮ ਕਰੀਏ। ਖੱਬੀ ਏਕਤਾ ਹੀ ਹਿੰਦੋਸਤਾਨ ਦੇ ਇਨਕਲਾਬ ਦਾ ਗਾਡੀ ਰਾਹ ਹੈ ਤੇ ਇਹ ਰਾਹ ਅਪਣਾਉਣਾ ਹੀ ਸਾਡਾ ਵਡਾ ਫਰਜ਼ ਹੈ।

ਗੁਰਸ਼ਰਨ ਸਿੰਘ

## ਪੰਜਾਬ ਲੋਕ ਸਭਿਆਚਾਰ ਮੋਰਚਾ

ਪੰਜਾਬ ਲੋਕ ਸਭਿਆਚਾਰ ਮੋਰਚਾ (ਪ.ਲ.ਸ.) ਦੀ ਪਹਿਲੀ ਕਾਨਫਰੰਸ ਬੜੀ ਕਾਮਯਾਬੀ ਨਾਲ 20 ਜੂਨ ਮਹਿਲ ਕਲਾਂ ਵਿਚ ਹੋਈ। ਰਾਤ ਦੇ ਦੋ ਵਜੇ ਤਕ ਵਿਸ਼ਾਲ ਪਧਰ ਤੇ ਇਕ ਸਭਿਆਚਾਰਕ ਪ੍ਰੋਗਰਾਮ ਹੋਇਆ, ਜਿਸਨੂੰ ਹਜ਼ਾਰਾਂ ਦਰਸ਼ਕਾਂ ਨੇ ਮਾਣਿਆ। ਕਾਨਫਰੰਸ ਵਿਚ ਪ.ਲ.ਸ. ਦਾ ਐਲਾਨਨਾਮਾ ਅਤੇ ਵਿਧਾਨ ਪਾਸ ਕੀਤਾ ਗਿਆ। ਐਲਾਨਨਾਮਾ ਵਿਚ ਜਿਥੇ ਲੋਕ ਪੱਖੀ ਸਭਿਆਚਾਰ ਦੀ ਵਿਆਖਿਆ ਕੀਤੀ ਗਈ ਅਤੇ ਲੋਕ ਕਲਿਆਨ ਲਈ ਇਸ ਦੀ ਮਹੱਤਤਾ ਦਸੀ ਗਈ, ਉਥੇ ਰਾਜਨੀਤਕ ਤੰਗਨਜ਼ਰੀ ਤੋਂ ਉਤੇ ਉਠਦੇ ਹੋਏ ਲੋਕ ਪੱਖੀ ਸਭਿਆਚਾਰ ਨੂੰ ਵਿਸ਼ਾਲ ਲੋਕਾਂ ਤਕ ਪਹੁੰਚਾਣ ਅਤੇ ਲੋਕਾਂ ਨੂੰ ਗੰਦੇ ਤੇ ਲੱਚਰ ਸਭਿਆਚਾਰ ਤੋਂ ਮੁੱਕਤ ਕਰਵਾਉਣ ਦੇ ਉਪਰਾਲੇ ਉਲੀਕੇ ਗਏ। ਇਕ 28 ਮੈਂਬਰੀ ਸੂਬਾ ਜਥੇਬੰਦਕ ਕਮੇਟੀ ਹਾਜ਼ਰ ਮੈਂਬਰਾਂ ਵਿਚੋਂ ਚੁਣੀ ਗਈ, ਜਿਸਨੇ ਫੇਰ ਅਪਣੇ ਵਿਚੋਂ ਗੁਰਸ਼ਰਨ ਸਿੰਘ, ਸੁਖਪਾਲ ਸਿੰਘ ਅਤੇ ਕੰਵਲਜੀਤ ਖੰਨਾ ਨੂੰ ਕਰਮਵਾਰ ਪ੍ਰਧਾਨ, ਸਕੱਤਰ ਅਤੇ ਵਿਤ ਸਕੱਤਰ ਦੇ ਅਹੁਦਿਆਂ ਲਈ ਚੁਣਿਆ। ਅਨੰਦਪੁਰ ਸਾਹਿਬ, ਲਹਿਰਾਗਾਗਾ, ਸਮਰਾਲਾ ਅਤੇ ਬਠਿੰਡਾ ਦੇ ਇਲਾਕਿਆਂ ਵਿਚ ਅਗਲੀਆਂ ਕਨਵੈਂਸ਼ਨਾਂ ਤੇ ਸਭਿਆਚਾਰਕ ਪ੍ਰੋਗਰਾਮ ਕਰਨੇ ਮਿੱਥੇ ਗਏ। ਪ. ਲ. ਸ. ਮੋਰਚੇ ਦੀ ਅਗਲੀ ਜਥੇਬੰਦਕ ਕਮੇਟੀ ਦੀ ਮੀਟਿੰਗ ਦੇਸ਼ ਭਗਤ ਹਾਲ ਜਲੰਧਰ ਵਿਚ 8 ਅਗਸਤ ਦੁਪਹਿਰ 12 ਵਜੇ ਕਰਨੀ ਮਿਥੀ ਗਈ। ਉਸੇ ਥਾਂ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤਕ ਇਕ ਗੀਤ ਸੰਗੀਤ ਸਭਾ ਹੋਵੇਗੀ, ਜਿਸ ਵਿਚ ਉਹਨਾਂ ਗੀਤਾਂ ਦੀ ਚੋਣ ਕੀਤੀ ਜਾਏਗੀ, ਜਿਨਾਂ ਦੇ ਰੀਕਾਰਡ ਅਤੇ ਟੇਪਾਂ ਪ. ਲ. ਸ. ਮੋਰਚੇ ਵਲੋਂ ਰੀਲੀਜ਼ ਕੀਤੇ ਜਾਣੇ ਹਨ। ਇਸ ਸਭਾ ਵਿਚ ਲੋਕ ਪੱਖੀ ਕਲਾਕਾਰਾਂ ਨੂੰ ਆਉਣ ਦਾ ਖੁਲ੍ਹਾ ਸੱਦਾ ਹੈ।

—ਗੁਰਸ਼ਰਨ ਸਿੰਘ, ਪ੍ਰਧਾਨ ਪ.ਲ.ਸ. ਮੋਰਚਾ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143002: ਵਾਰਸ਼ਿਕ ਚੰਦਾ 15 ਰੁ:, ਵਿਦੇਸ਼ ਹਵਾਈ ਡਾਕ ਰਾਹੀਂ 100 ਰੁ:।

ਕਹਾਣੀ—

# ਅੜਿੱਆ ਹੋਇਆ ਹੱਥ

o

ਸੁਖਵੰਤ ਕੌਰ ਮਾਨ

"ਘੰਟਾ ਹੋ ਗਿਆ ਏ ਟਾਹਰਾਂ ਮਾਰਦਿਆਂ ਨੂੰ, ਮੱਝੀਂ ਭੁੱਖੀਆਂ ਫਾਹੇ ਦਿਤੀਆਂ ਹੋਈਆਂ ਨੇ ਕਿੱਲਿਆ 'ਤੇ...ਨੌਕਰ ਸਾਬ੍ਹ ਆਰਾਮ ਫਰਮਾ ਰਹੇ ਨੇ...।" ਗੁੱਸੇ 'ਚ ਵੱਡੀਆਂ ਵੱਡੀਆਂ ਪੁਲਾਂਘਾਂ ਪੁੱਟਦਾ ਹੋਇਆ, ਬਰਸੀਮ ਦੇ ਖੇਤ ਵਲੋਂ ਫੇਰਾ ਮਾਰਕੇ ਆਉਂਦਾ ਭਰਾ, ਧਰੇਕ ਦੀ ਛਾਵੇਂ ਪਏ ਬਾਪੂ ਜੀ ਨੂੰ ਉੱਚੀ ਉੱਚੀ ਸੁਣਾਉਂਦਾ ਹੋਇਆ ਆਖਦਾ । ਫਿਰ ਟਿਊਬਵੈੱਲ ਦੇ ਚੁਬੱਚੇ 'ਤੇ ਕਪੜੇ ਧੋ ਰਹੀ ਆਪਣੀ ਘਰ-ਵਾਲੀ ਨੂੰ ਮਾਘੀ ਲਈ ਚਾਹ ਬਨਾਉਣ ਲਈ ਆਖ ਮੁੜ ਮੱਥੇ ਤੇ ਹੱਥ ਧਰੀ ਬਰਸੀਮ ਦੇ ਖੇਤ ਵੱਲ ਵੇਖਣ ਲਗਦਾ ।

"ਸਾਨੂੰ ਤੇ ਇਹਦੀ ਲੱਕ-ਪੀੜ ਲੈ ਲੱਥੀ ਏ... ਆਖਿਆ ਸੀ ਐਤਕੀਂ ਨਾ ਰੱਖੋ ਇਹਨੂੰ ।" ਹਥਲੇ ਕੱਪੜੇ ਨੂੰ ਜ਼ੋਰ ਜ਼ੋਰ ਦੀ ਛੰਡ ਕੇ ਲਾਂਅ ਤੇ ਸੁੱਟਦੀ ਹੋਈ, ਬੁੜ ਬੁੜ ਕਰਦੀ ਹੋਈ ਉਹ ਚੌਂਕੇ ਵੱਲ ਹੋ ਜਾਂਦੀ ।

ਪੱਠਿਆਂ ਦੀ ਭਰੀ ਥੱਲੇ ਹੌਂਕਦਾ ਜਿਹਾ ਮਾਘੀ, ਭਰੀ ਟੋਕੇ ਕੋਲ ਸੁੱਟ ਚੌਂਕੇ ਦੀ ਕੰਧ ਨਾਲ ਢਾਸਣਾ ਲਾਈ ਚਾਹ ਦੀ ਉਡੀਕ ਕਰਨ ਲੱਗਦਾ ।

"ਤੂੰ ਐਵੇਂ ਏਨਾ ਔਖਾ ਨਾਂ ਹੋਇਆ ਕਰ ਇਹਦੇ ਨਾਲ..." ਉਹਦੇ ਚਾਹ ਪੀ ਕੇ ਚਲੇ ਜਾਣ ਬਾਅਦ, ਬਾਹਰੋਂ ਧਰੇਕ ਥੱਲਿਓਂ ਉੱਠਕੇ ਘਰ ਅੰਦਰ ਆਉਂਦੇ ਬਾਪੂ ਜੀ ਆਖਦੇ :

"ਤੁਸਾਂ ਮੈਨੂੰ ਧੱਕੇ ਨਾਲ ਚਮੋੜ ਦਿੱਤਾ ਏ ਐਂਤਕੀ ਇਹ...।" ਅੱਗੇ ਹੀ ਅੱਕਿਆ ਬੈਠਾ ਭਰਾ ਅੱਗੋਂ ਖਿਝਕੇ ਆਖਦਾ, "ਓਏ ਇਹ ਹਾਲੀ ਵੀ ਸੈਆ ਨਾਲੋਂ ਚੰਗਾ ਏ..." ਬਾਪੂ ਜੀ ਓਨੇ ਹੀ ਜ਼ੋਰ ਨਾਲ ਅਗੋਂ ਆਖਦੇ ।

"ਮੈਥੋਂ ਪੁੱਛਦੇ ਓ ਤਾਂ ਟਕਿਓਂ ਖੋਟਾ ਏ, ਘੰਟਾ ਘੰਟਾ ਵਾਜਾਂ ਮਾਰੀ ਜਾਓ, ਸੁਣਦਾ ਈ ਨਹੀਂ । ਲੱਕ ਇਹਦਾ ਟੁੱਟ ਕੇ ਗੰਢਿਆ ਹੋਇਆ ਏ, ਪੱਠਿਆਂ ਦੀ ਭਰੀ ਇਹ ਨਹੀਂ ਚੁੱਕ ਸਕਦਾ ਚੱਜ ਨਾਲ । ਕਾਰੇ ਕਜਾਏ ਕਿਧਰੇ ਘਲਣਾ ਈ ਪੈ ਜਾਏ ਸੈਕਲ ਇਹ ਨਹੀਂ ਚਲਾ ਸਕਦਾ; ਖਾਦ ਦਾ ਥੈਲਾ ਕੰਡ 'ਤੇ ਚੁੱਕਣਾ ਪੈ ਜਾਏ ਤਾਂ ਇਹਨੂੰ ਵਖ਼ਤ ਪੈ ਜਾਂਦਾ ਏ..."

"ਸਤਿਨਾਮ ਸਿੰਘ ਇਹ ਹਾਲੀ ਵੀ ਕਿਸੇ ਗਲੋਂ ਮਾੜਾ ਨਹੀਂ...।"

"ਮਾੜਾ ਹੋਵੇ ਜਾਂ ਤਕੜਾ, ਮੈਂ ਕੋਈ ਸ਼ਾਹ ਨਹੀਂ ਉਤਰਿਆ ਹੋਇਆ, ਮੁਫ਼ਤ ਦੀਆਂ ਪੈਨ-ਸ਼ਨਾਂ ਲਾਈ ਜਾਵਾਂ...।" ਬਾਪੂ ਜੀ ਦੀ ਗੱਲ ਵਿੱਚੇ ਟੁੱਕਦਾ ਹੋਇਆ ਭਰਾ ਹੋਰ ਵੀ ਖਿਝ ਜਾਂਦਾ । ਬਾਪੂ ਜੀ ਉੱਠਕੇ ਧਰੇਕ ਥੱਲੇ ਜਾ ਬੈਠਦੇ । ਟੱਕ 'ਚ ਬੈਠਾ ਮਾਘੀ ਪੱਠੇ ਵੱਢਦਾ ਰਹਿੰਦਾ । ਕਿੱਲਿਆਂ 'ਤੇ ਬੱਝੀਆਂ ਮੱਝੀਂ ਅੜਿੰਗਦੀਆਂ ਰਹਿੰਦੀਆਂ ਤੇ ਚੌਂਕੇ 'ਚ ਬੈਠੀ ਭਾਬੀ ਖਿਝਦੀ ਰਹਿੰਦੀ ।

o o o

ਬਿਜਲੀ ਦੋ ਫੇਸਾਂ 'ਚ ਆ ਰਹੀ ਹੁੰਦੀ ਮਾਘੀ ਟੀਊਬਵੈੱਲ ਚਲਾ ਦੇਂਦਾ । ਭਰਾ ਦੇ ਭੱਜ ਕੇ ਜਾਂਦਿਆਂ ਜਾਂਦਿਆਂ ਮੋਟਰ 'ਚੋਂ ਧੂੰਆਂ ਨਿਕਲ ਜਾਂਦਾ । ਬੋਲਾ ਹੋਣ ਕਰਕੇ ਮੋਟਰ ਦੀ ਘੂੰ ਘੂੰ ਉਹ ਸੁਣ ਨਾ ਸਕਦਾ । ਭਰਾ ਖੇਤ 'ਚ ਯੂਰੀਆਂ ਪਾਣ ਲਈ ਆਖਦਾ ਉਹ ਸੁਪਰ ਦਾ ਛੱਟਾ ਦੇ ਆਉਂਦਾ । ਕਮਜ਼ੋਰ ਹੋਣ ਕਰਕੇ ਉਹ ਪੱਠਿਆਂ ਦੀ ਭਰੀ ਸਮੇਤ ਵੱਟ ਤੋਂ ਡਿੱਗ ਪੈਂਦਾ । ਫ਼ਿਰ ਕਈ ਦਿਨ ਕੰਮ 'ਤੇ ਨਾ ਆਉਂਦਾ । ਭਰਾ ਆਖਦਾ, 'ਐਤਕੀਂ ਮਾਘੀ ਨੂੰ ਰੱਖਕੇ ਉਹ ਦੁਖੀ ਹੋ ਗਿਆ ਸੀ' । ਭਾਬੀ ਆਖਦੀ, 'ਇਹਦਾ ਹਿਸਾਬ ਕਰਕੇ ਕੋਈ ਹੋਰ ਕਾਮਾ ਰੱਖ ਲਵੋ'

"ਤਨਖ਼ਾਹ ਇਹਦੀ ਦੂਜਿਆਂ ਨਾਲੋਂ ਅੱਧੀ ਏ, ਮੱਝ ਇਹਨੇ ਨਹੀਂ ਤੁਹਾਡੇ ਕਿੱਲੇ 'ਤੇ ਬੱਧੀ ਹੋਈ ਜਦੋਂ ਕਿ ਪਿੰਡ 'ਚ ਪੱਠੇ ਦੇਣ ਦਾ ਰਿਵਾਜ ਏ । ਹਨੇਰਾ ਸਵੇਰਾ ਇਹ ਨਹੀਂ ਵਿਹੰਦਾ...ਪਿੰਡ 'ਚ ਹੋਰ ਨੌਕਰ ਵੀ ਤਾਂ ਹੈਣ, ਗੁੱਟਾਂ ਨਾਲ ਘੜੀਆਂ ਬੰਨ੍ਹੀ ਫ਼ਿਰਦੇ ਨੇ, ਗਿਣ ਗਿਣ ਕੇ ਪੁਲਾਂਘਾਂ ਪੁੱਟਦੇ ਨੇ...।"

"ਓਹੀ ਚੰਗੇ ਕਰਦੇ ਤਾਂ ਹੈਣ ਕੁਝ...।" ਭਰਾ ਬਾਪੂ ਜੀ ਦੀ ਗੱਲ ਵਿਚੋਂ ਕੱਟ ਤਲਖ਼ੀ ਨਾਲ ਆਖਦਾ ।

ਝਗੜਾ ਵੱਧ ਜਾਂਦਾ।ਨਾਂ ਹੀ ਬਾਪੂ ਜੀ ਹਾਰ ਮੰਨਦੇ ਨਾਂ ਹੀ ਭਰਾ ਹਾਰਦਾ । ਭਾਬੀ ਭਰਾ 'ਤੇ ਖਿਝਣ ਲਗਦੀ । ਬਾਪੂ ਜੀ ਬੋਲਦੇ ਬੋਲਦੇ ਬੇ-ਮਤਲਬ ਹੀ ਨਲਕੇ ਕੋਲ ਆ ਖਲੋਂਦੇ । ਹੌਲੀ ਹੌਲੀ ਨਲਕਾ ਗੇੜਦੇ ਹੋਏ ਬੇ-ਮਤਲਬ ਹੀ ਮੁੜ ਮੁੜ ਉਹ ਹੱਥ ਧੋਈ ਜਾਂਦੇ; ਐਨਕ ਦੇ ਮੋਟੇ ਮੋਟੇ ਸ਼ੀਸ਼ਿਆਂ ਥਾਣੀਂ ਉਹ ਏਧਰ ਓਧਰ ਝਾਕਦੇ ਰਹਿੰਦੇ; ਭਰਾ ਦੇ ਕਮਰੇ ਵੱਲ ਜਾਂਦੇ ਉਹ ਅਟਕ ਜਾਂਦੇ । ਪਿਛਾਂਹ ਨੂੰ ਪਰਤਦੇ ਹੋਏ ਉਹ ਮੇਰੇ ਕਮਰੇ ਦੀਆਂ ਬੂਹਾਂ 'ਚ ਖਲੋਅ ਸਿਰ ਨਿਵਾਈ ਕੁਝ ਸੋਚਣ ਲੱਗਦੇ ਫਿਰ ਅਝਕਦੇ ਜਿਹੇ ਉਹ ਕਮਰੇ 'ਚ ਆ ਬੈਠਦੇ ।

"ਪਤਾ ਨਹੀਂ ਕੀ ਹੋ ਗਿਆ ਏ ਇਹਨਾਂ ਦੀ ਮੱਤ ਨੂੰ ?".

"ਤੁਹਾਨੂੰ ਕੀ ਪਈ ਏ ਮਾਘੀ ਦੀ ਸਿਫ਼ਾਰਸ਼ ਕਰਨ ਦੀ...।" ਉਹਨਾਂ ਦੀ ਗੱਲ ਵਿਚੇ ਕੱਟ ਮੈਂ ਖਿਝੀ ਜਿਹੀ ਆਖਦੀ। "ਪਤਾ ਨਹੀਂ ਤੁਹਾਡੀ ਮੱਤ ਨੂੰ ਕੀ ਹੋ ਗਿਆ ਏ ਸਾਰੇ ਟੱਬਰ ਦੀ ਨੂੰ ? ਕਿਉਂ ਸਾਰੇ ਰਲਕੇ ਉਹਦੇ ਖੱਤੇ ਪੈ ਗਏ ਓ ? ਕਿਉਂ ਬੰਦੇ ਕੁਬੰਦੇ ਦੀ ਪਛਾਣ ਨਹੀਂ ਰਹੀ ਤੁਹਾਨੂੰ ?...ਗੁੱਸੇ 'ਚ ਉਹ ਆਪਣੀ ਬੋਲਣ ਦੀ ਰਫ਼ਤਾਰ ਉੱਚੀ ਤੋਂ ਉੱਚੀ ਕਰੀ ਜਾਂਦੇ। ਮੇਰੇ ਨਾਲੋਂ ਵੱਧ ਉਹ ਇਹ ਸਭ ਕੁਝ ਭਰਾ ਨੂੰ ਸੁਨਾਣਾ ਚਾਹ ਰਹੇ ਹੁੰਦੇ।

"ਜਦੋਂ ਉਹਨਾਂ ਨੂੰ ਉਹ ਪਸੰਦ ਈ ਨਹੀਂ...।"

"ਪਸੰਦ ਨਹੀਂ, ਖਾਓ ਖਸਮਾਂ ਨੂੰ ਸਾਰੇ .।" ਉਹ ਭੁੜਕ ਕੇ ਮੰਜੀ ਤੋਂ ਉੱਠ ਖਲੋਂਦੇ। ਫਿਰ ਹਫਦੇ ਜਿਹੇ ਉਹ ਬਾਹਰ ਨੂੰ ਭਜ ਉਠਦੇ। ਹਵਾ 'ਚ ਬਾਹਵਾਂ ਮਾਰ ਮਾਰ ਉਚੀ ਉਚੀ ਬੋਲਣ ਲੱਗਦੇ ਕਿ ਉਹਨਾਂ ਜੀਊਂਦੇ ਜੀਅ ਭੋਏਂ ਕਿਉਂ ਵੰਡ ਦਿੱਤੀ ਏ ? ਭੋਏਂ ਵੰਡ ਕੇ ਉਹਨਾਂ ਆਪਣੇ ਪੈਰੀਂ ਆਪ ਕੁਹਾੜਾ ਮਾਰ ਲਿਆ ਏ; ਉਹਨਾਂ ਦੀ ਉਲਾਦ ਨਲਾਇਕ ਤੇ ਨਿਕੰਮੀ ਏ ਜਿਨ੍ਹਾਂ ਚੋਂ ਕੋਈ ਵੀ ਉਹਨਾਂ ਦਾ ਹੁਕਮ ਨਹੀਂ ਮੰਨਦਾ...।

ਕੋਈ ਵੀ ਘਰ ਦਾ ਜੀਅ ਉਹਨਾਂ ਦੀ ਕਿਸੇ ਗੱਲ ਦਾ ਜੁਆਬ ਨਾ ਦੇਂਦਾ। ਇਕ ਤਣਾਓ ਜਿਹਾ ਛਾ ਜਾਂਦਾ। ਜੋ ਸੰਘਣਾ ਹੋਰ ਸੰਘਣਾ ਹੋਈ ਜਾਂਦਾ।

"ਕਿਉਂ ਕੀ ਕਰਵਾਣਾ ਚਾਹੁੰਦੇ ਹੋ ਹੁਣ ਮੈਥੋਂ ?" ਭਰਾ ਦੇ ਧਮਾਕੇ ਵਰਗੇ ਬੋਲ ਇਕ ਵਾਰ ਹੀ ਵਿਹੜੇ 'ਚ ਫੁਟ ਉਠਦੇ। ਫਿਰ ਬਾਪੂ ਜੀ ਤੇ ਭਰਾ ਲਗਾਤਾਰ ਕਿੰਨਾ ਕਿੰਨਾ ਚਿਰ ਬੋਲਦੇ ਰਹਿੰਦੇ।

o o o

ਮਾਘੀ ਦੀ ਸ਼ਕਾਇਤ ਹੁੰਦੀ ਕਿ ਉਹਦੀ ਚਾਹ 'ਚ ਗੁੜ ਪੁਰਾਣਾ ਪਾਇਆ ਗਿਆ ਸੀ ਜਿਸ ਚੋਂ ਮੁਸ਼ਕ ਆਉਂਦੀ ਸੀ। ਭਾਬੀ ਦਾ ਕਹਿਣਾ ਸੀ ਕਿ ਉਹ ਐਵੇਂ ਉਹਨੂੰ ਭੰਡਦਾ ਸੀ।

ਬਾਪੂ ਜੀ ਨੇ ਐਵੇਂ ਓਦਨ ਧੱਕੇ ਨਾਲ ਲੱਤ ਅੜਾ ਲਈ ਸੀ। "ਤੈਨੂੰ ਪਤਾ ਏ ਤੇਰੀ ਮਾਂ ਨੇ ਕਦੀ, ਮਾੜੀ ਰੋਟੀ ਦਿੱਤੀ ਸੀ ਕਾਮੇ ਨੂੰ ?...ਦੁੱਧ, ਦਹੀਂ, ਚੋਪੜੀ ਹੋਈ ਰੋਟੀ...ਇਹ ਅੱਜ ਕੱਲ ਦੀਆਂ ਸੁਆਣੀਆਂ ਅਕਲ ਵੀ ਹੋਵੇ ਕਾਮਾ ਰਖਣ ਦੀ...।"

"ਵੇਖਿਆ ਹੋਇਆ ਏ ਤੁਹਾਨੂੰ ਵੀ ! ਕਿਹੜੀ ਘੱਟ ਗੁਜ਼ਾਰਦੇ ਹੁੰਦੇ ਸਾਓ ਇਹਦੇ ਨਾਲ...।" ਭਰਾ ਉਹਨਾਂ ਨੂੰ ਆਪਣੇ ਗਲੋਂ ਲਾਹੁਣ ਲਈ ਆਖਦਾ।

ਹੈਰਾਨੀ ਭਰੇ ਗੁੱਸੇ ਨਾਲ ਬਾਪੂ ਜੀ ਦਾ ਮੂੰਹ ਅੱਡੇ ਦਾ ਅੱਡਿਆ ਰਹਿ ਜਾਂਦਾ। ਸਾਰੇ ਦਾ ਸਾਰਾ ਬੀਤਿਆ ਹੋਇਆ ਇਤਿਹਾਸ ਉਹਨਾਂ ਦੀਆਂ ਅੱਖੀਆਂ ਅੱਗੇ ਘੁੰਮ ਜਾਂਦਾ...ਬੇ-ਮਤਲਬ ਹੀ ਬਾਪੂ ਜੀ ਕਿਸੇ ਨਿੱਕੀ ਜੀ ਗੱਲ ਨੂੰ ਲੈ ਕੇ ਛਿੰਨ ਪਾ ਬੈਠਦੇ ਸਨ ਫ਼ਜ਼ੂਲ ਹੀ ਮਾਘੀ ਬਹਿਸ ਹੀ ਕਰੀ ਜਾਇਆ ਕਰਦਾ ਸੀ। ਪਰਾਣੀ ਵਿਹੜੇ 'ਚ ਵਗਾਹ, ਪਰਨਾ ਮੋਢੇ ਸੁੱਟ ਆਪਣੇ ਆਪ ਨੂੰ ਗਾਲ੍ਹਾਂ ਕੱਢਦਾ, ਕਦੀ ਵੀ ਨਾ ਪਰਤਣ ਦੀਆਂ ਸਹੁੰਆਂ ਖਾਂਦਾ, ਵਾਹੋ ਦਾਹੀ ਉਹ ਆਪਣੇ ਘਰ ਨੂੰ ਤੁਰ ਪੈਂਦਾ ਸੀ...ਘਰ ਜਾਕੇ ਮੰਜੀ ਤੇ ਬੈਠਾ ਬਾਪੂ ਜੀ ਦੀ ਉਡੀਕ ਕਰਨ ਲੱਗਦਾ ਸੀ... ਭੁੱਖੀਆ ਮੱਝੀਂ ਖੁਰਲੀਆਂ ਤੇ ਰਿੰਗਣ ਲੱਗਦੀਆਂ। ਬਾਪੂ ਜੀ ਉਹਨੂੰ ਲੈਣ ਤੁਰ ਪੈਂਦੇ। ਉਹਦੀ ਘਰ-ਵਾਲੀ ਉਹਨਾਂ ਨੂੰ ਉਲ੍ਹਾਮੇ ਦੇਂਦੀ, ਭਾਰਾਂ ਤੇ ਪੈਂਦੀ, ਨਾਂਹ ਨਾਂਹ ਕਰਦੀ ਪਰ ਮਾਘੀ ਅਡੋਲ ਈ ਉੱਠਕੇ ਉਂਜ ਦਾ ਉਂਜ ਮੋਢੇ ਤੇ ਪਰਨਾ ਲਮਕਾਈ ਬਾਪੂ ਜੀ ਦੇ ਮਗਰ ਤੁਰ ਪੈਂਦਾ ਸੀ।

"ਅਗਲੇ ਵਰ੍ਹੇ ਅਸਾਂ ਨਹੀਂ ਰਹਿਣਾ ਇਹਨਾਂ ਨਾਲ।" ਉਹਦੀ ਘਰ-ਵਾਲੀ ਬੁੜ ਬੁੜ ਕਰਦੀ ਧਿਰ ਧਿਰ ਨੂੰ ਦੱਸਦੀ ਫ਼ਿਰਦੀ। ਨਵਾਂ ਵਰ੍ਹਾ ਚੜ੍ਹ ਜਾਂਦਾ। ਮਾਘੀ ਨੇ ਨਾ ਹੀ ਕਿਧਰੇ ਜਾਣਾ ਹੁੰਦਾ, ਨਾ ਹੀ ਉਹ ਜਾਂਦਾ।

"ਦਸ, ਪੰਦਰਾਂ, ਅਠਾਰਾਂ...।" ਪੁੱਛਣ, ਤੇ ਵੀ ਉਹਨੂੰ ਯਾਦ ਨਾ ਆਉਂਦਾ ਕਿ ਉਹ ਕਿੰਨੇ ਵਰ੍ਹਿਆਂ ਤੋਂ ਸਾਡੇ ਨਾਲ ਰਹਿੰਦਾ ਆ ਰਿਹਾ ਸੀ। "ਸ਼ੇਂਤ ਅੱਸੂ ਵਾਲੇ ਮੀਂਹਾਂ ਤੋਂ ਦੋ ਸਾਲ ਪਹਿਲਾਂ ਜਾਂ ਸ਼ੌਣੀ. ਰੌਲਿਆਂ ਤੋਂ ਚੌਥੇ ਵਰ੍ਹੇ...।" ਉਹ ਆਪਣੀ ਯਾਦ ਸ਼ਕਤੀ ਨੂੰ ਠਕੋਰਦਾ। ਨਾਲ ਦੇ ਖੇਤਾਂ ਵਾਲੇ ਜੱਟ ਉਹਨੂੰ ਵਧੇਰੀ ਤਨਖ਼ਾਹ ਦੇ ਕੇ ਆਪਣੇ ਵੱਲ ਖਿਸਕਾਣ ਦਾ ਯਤਨ ਕਰਦੇ ਰਹਿੰਦੇ ਪਰ ਅੰਤ ਥੱਕ ਹਾਰ ਕੇ ਚੁੱਪ ਹੋ ਜਾਂਦੇ।

o o o

ਸਾਡੇ ਘਰ ਕੋਈ ਕਾਰਜ ਹੁੰਦਾ, ਉਹਦੀ ਅੱਡੀ ਭੋਏਂ ਤੇ ਨਾ ਲੱਗਦੀ। ਕਈ ਕਈ ਦਿਨ ਪਹਿਲਾਂ ਹੀ ਉਹ ਸੁੱਕਾ ਬਾਲਨ ਪਾੜ ਪਾੜ ਕੇ ਢੇਰ ਲਾਈ ਜਾਂਦਾ। ਘਰ ਦੀ ਉਹਦੀ ਕਈ ਦਿਨ ਪਹਿਲਾਂ ਹੀ ਮਸਾਲੇ ਕੁੱਟਣ, ਪੀਹਣ ਕਰਨ ਤੇ ਦਾਲਾਂ ਚੁਨਣ ਆ ਲੱਗਦੀ। ਘਰ ਦੇ ਹਰੇਕ ਜੀਅ ਨੂੰ ਉਹ ਵੱਖੋ ਵੱਖ ਵਧਾਈ ਦੇਂਦਾ ਫਿਰਦਾ। ਮੁੜ ਮੁੜ ਕਰਨ ਲਈ ਕੋਈ ਕੰਮ ਪੁੱਛਦਾ ਰਹਿੰਦਾ।

o o o

ਬਿਨਾਂ ਕਿਸੇ ਨਾਂਵੇਂ ਪੱਤਰੇ, ਬਿਨਾਂ ਕਿਸੇ ਸੂਦ ਵਿਆਜ ਦੇ ਉਹਦੀ ਧੀ ਦੇ ਵਿਆਹ ਤੇ ਪੰਦਰਾਂ ਸੌ ਦੀ ਰਕਮ ਬਾਪੂ ਜੀ ਨੇ ਉਹਦੀ ਝੋਲੀ 'ਚ ਪਾ ਦਿੱਤੀ ਸੀ।

o o o

ਅਚਾਨਕ ਕਿਸੇ ਨਿੱਕੀ ਜਿਹੀ ਬੀਮਾਰੀ ਨਾਲ ਹੀ ਉਹਦੀ ਘਰ-ਵਾਲੀ ਤੁਰਦੀ ਬਣੀ ਸੀ। ਉਹਨੂੰ ਉਦਾਸ ਹੋਇਆ ਵੇਖ ਬਾਪੂ ਜੀ ਤੇ ਮਾਂ ਨੇ ਉਹਨੂੰ ਆਪਣੇ ਘਰ ਹੀ ਲੈ ਆਂਦਾ ਸੀ। ਉਹ ਨਿੰਮੋਝੂਣ ਹੁੰਦਾ ਸਾਰੇ ਟੱਬਰ ਦੇ ਜੀਅ ਉਹਦੇ ਦੁਆਲੇ ਬੈਠ ਜਾਂਦੇ, ਉਹਦੀ ਘਰਦੀ ਦੀਆਂ ਗੱਲਾਂ ਕਰਕੇ ਉਹਨੂੰ ਧੀਰਜ ਦਈ ਜਾਂਦੇ। ਸਿਰ-ਸੁਟੀ ਬੈਠੇ ਨੂੰ ਵੇਖ ਮਾਂ ਉਹਨੂੰ ਹੌਂਸਲਾ ਕਰਨ ਤੇ ਦਿਲ ਧਰਨ ਲਈ ਆਖਦੀ।

ਉਹਦੀ ਧੀ ਸਹੁਰਿਓਂ ਆਉਂਦੀ, ਮਾਂ ਉਹਦੀ ਰੋਟੀ ਕਰਦੀ, ਮੁੜ ਮੁੜ ਛੇਤੀ ਆਉਣ ਲਈ ਆਖਦੀ; ਉਹਦਾ ਸਿਰ ਪਲੋਸਦੀ ਹੋਈ ਉਹਦੀ ਝੋਲੀ 'ਚ ਸ਼ਗਣ ਪਾ ਦੇਂਦੀ।

o o o

ਫਿਰ ਮੇਰੀ ਮਾਂ ਦੇ ਮਰਨ ਤੇ ਤਾਂ ਉਹ ਜਿਵੇਂ ਭੋਏਂ 'ਤੇ ਹੀ ਲੱਥ ਗਿਆ ਸੀ। ਜਿਥੇ ਬਹਿੰਦਾ ਮਾਂ ਦੀਆਂ ਗੱਲਾਂ ਕਰਦਾ ਰਹਿੰਦਾ, ਪਰਨੇ ਦੇ ਲੜ ਨਾਲ ਅੱਖਾਂ ਪੂੰਝਦਾ ਰਹਿੰਦਾ।

o o o

"ਮੇਰੀ ਇਕ ਸਿਫਾਰਸ਼ ਕਰ ਭਰਾ ਅੱਗੇ ਇਕ ਕਿਲੋ ਘਿਓ (ਦੇਸੀ) ਉਹ ਮਾਘੀ ਨੂੰ ਦੇ ਦੇਵੇ।" ਬਾਪੂ ਜੀ ਨੇ ਗੱਲ ਕਰਨ ਲੱਗਿਆਂ ਬਹੁਤੇ ਵਲ-ਵਲੇਵੇਂ ਨਹੀਂ ਸਨ ਪਾਏ।

"ਭਰਾ ਨੂੰ ਆਖ ਘੁੱਟ ਦੁੱਧ ਦਾ ਮਾਘੀ ਨੂੰ ਵੀ ਦੇ ਦਿਆ ਕਰੇ।" ਕੁਝ ਦਿਨਾਂ ਦੇ ਵਿਚ ਵਿਚ ਹੀ ਬਾਪੂ ਨੇ ਇਹ ਦੂਜੀ ਸਿਫਾਰਸ਼ ਕਰਨ ਲਈ ਕਹਿ ਦਿੱਤਾ ਸੀ। ਮੇਰੀ ਕੋਈ ਵੀ ਦਲੀਲ ਕਿ ਦੁੱਧ ਉਹ ਡੇਅਰੀ ਭੇਜ ਦੇਂਦੇ ਹਨ ਜਾਂ ਵਕਤ ਬਦਲ ਚੁਕੇ ਹਨ, ਉਹਨਾਂ ਤੇ ਕਾਟ ਨਾ ਕਰਦੀ। ਉਹਨਾਂ ਦਾ ਪੱਕਾ ਵਿਚਾਰ ਸੀ ਕਿ ਮਾਘੀ ਇਕ ਚੰਗਾ ਕਾਮਾ ਸੀ ਤੇ ਸਿਰਫ ਖੁਰਾਕੋਂ ਟੁੱਟਾ ਹੋਇਆ ਸੀ।

o o o

ਗਰਾਹੀ ਮੂੰਹ 'ਚ ਪਾਈ ਉਹ ਕਿੰਨਾ ਕਿੰਨਾ ਚਿਰ ਚਬਲੋਦਾ ਰਹਿੰਦਾ।

"ਹਾਲੀ ਰੋਟੀ ਨਹੀਂ ਮੁਕੀ ਤੇਰੀ।" ਅੱਕ ਕੇ ਭਰਾ ਆਖਦਾ। ਉਹ ਰੋਟੀ ਡਾਢੀ ਹੋਣ ਦੀ ਸ਼ਕਾਇਤ ਕਰਦਾ।

"ਇਹਨੂੰ ਹੁਣ ਗੱਲਾਂ ਬਹੁਤੀਆਂ ਆ ਗਈਆਂ ਨੇ, ਨੌਕਰਾਂ ਨੂੰ ਰਸਦਾਂ ਦੇ ਦੇ ਕੇ ਲੋਕ ਮਗਰੋਂ ਲਾਹ ਛੱਡਦੇ ਨੇ..." ਭਾਬੀ ਇਕ ਲੰਮਾ ਲੈਕਚਰ ਝਾੜ ਦੇਂਦੀ।

"ਰਸਦ ਲੈ ਆਪਣੀ, ਅਸੀਂ ਨਹੀਂ ਪਕਾ ਸਕਦੇ ਤੇਰੀ ਰੋਟੀ।" ਭਰਾ ਆਖਦਾ। ਬਾਪੂ ਜੀ ਕੋਲ ਹੁੰਦੇ ਤਾਂ ਝਗੜਾ ਕਾਫ਼ੀ ਵੱਧ ਜਾਂਦਾ। ਨਾ ਹੀ ਭਰਾ ਹਾਰਦਾ, ਨਾਂ ਹੀ ਬਾਪੂ ਜੀ ਚੁੱਪ ਕਰਨ 'ਚ ਆਉਂਦੇ। ਮੋਢੇ 'ਤੇ ਪਰਨਾ ਰੱਖੀ ਮਾਘੀ ਘਰ ਨੂੰ ਤੁਰ ਪੈਂਦਾ। ਅਖੀਰ ਬਾਪੂ ਜੀ ਸਮਝਾ ਬੁਝਾ ਕੇ ਉਹਨੂੰ ਮੋੜ ਲਿਆਉਂਦੇ ਭਰਾ ਤੇ ਭਾਬੀ ਨੂੰ ਵੀ ਸਮਝ ਆ ਜਾਂਦੀ ਕਿ ਐਸ ਵੇਲੇ ਨੌਕਰ ਹੋਰ ਕੋਈ ਮਿਲਣਾ ਨਹੀਂ। ਸੋ ਕੁਝ ਹੋਰ ਸਮਾਂ ਅਮਨ ਚੈਨ ਨਾਲ ਬੀਤ ਜਾਂਦਾ।

o o o

ਵਰ੍ਹਾ ਮੁਕਣ 'ਤੇ ਆਇਆ ਸੀ। ਵੱਡਾ ਭਰਾ ਹੋਰ ਕਾਮਾ ਲੱਭ ਰਿਹਾ ਸੀ। ਬਾਪੂ ਜੀ ਦਾ ਕਹਿਣਾ ਸੀ ਉਹ ਰਖੇ ਤਾਂ ਸਿਰਫ਼ ਮਾਘੀ ਨੂੰ...। ਭਰਾ ਦਾ ਕਹਿਣਾ ਸੀ ਕਿ ਉਹ ਇਸ ਮਾਮਲੇ 'ਚ ਉਹਨੂੰ ਮਜਬੂਰ ਨਹੀਂ ਕਰ ਸਕਦੇ। ਬਾਪੂ, ਰਾਂ ਦੀ ਦਲੀਲ ਸੀ ਕਿ ਬੁੱਢਾ ਹੋਣ ਦੇ ਬਾਵਜੂਦ ਵੀ ਉਹ ਪਿੰਡ ਦੇ ਸਾਰੇ ਕਾਮਿਆਂ ਤੋਂ ਚੰਗਾ ਸੀ। ਭਰਾ ਦਾ ਉਜ਼ਰ ਸੀ ਕਿ ਮਾਘੀ ਸਾਈਕਲ ਨਹੀਂ ਸੀ ਚਲਾ ਸਕਦਾ ਤੇ ਭਰਾ ਆਪਣੀਆਂ ਗਾਈਆਂ ਦਾ ਦੁੱਧ ਨਾਲ ਦੇ ਪਿੰਡ 'ਚ ਬਣੇ ਦੁੱਧ ਕੇਂਦਰ 'ਚ ਭੇਜਣਾ ਚਾਹੁੰਦਾ ਸੀ ਤੇ ਨਾਲੇ ਬੋਲਾ ਹੋਣ ਕਰਕੇ ਉਹਨੇ ਪਿਛਲੇ ਸਾਲ ਬਿਜਲੀ ਦੀ ਮੋਟਰ ਸਾੜ ਛੱਡੀ ਸੀ ਪਰ ਬਾਪੂ ਜੀ ਦਾ ਕਹਿਣਾ ਸੀ ਕਿ ਉਹ ਦੂਜੇ ਕਾਮਿਆਂ ਤੋਂ ਅਗਦੀ ਆਉਂਦਾ ਤੇ ਮਗਰੋਂ ਜਾਂਦਾ ਸੀ।

o o o

ਅਖੀਰ ਬਾਪੂਜੀਨੇ ਆਪਣਾ ਅਖ਼ੀਰਲਾ ਹਥਿਆਰ ਅਜ਼ਮਾਨ ਦੀ ਕੋਸ਼ਿਸ਼ ਕੀਤੀ ਸੀ ਕਿ ਜਾਂ ਤਾਂ ਵੱਡਾ ਮਾਘੀ ਨੂੰ ਰੱਖੇ ਨਹੀਂ ਤਾਂ ਉਹ ਆਪਣੇ ਹਿਸੇ ਦੀ ਜ਼ਮੀਨ ਉਹਦੇ ਹੇਠੋਂ ਕਢਵਾ ਕੇ ਛੋਟੇ ਨਾਲ ਜਾ ਰਲਨਗੇ। ਦੋਹਾਂ ਪਿਓ-ਪੁਤਰਾਂ 'ਚ ਗੱਲ ਤੂੰ ਤੂੰ ਮੈਂ ਮੈਂ ਤੋਂ ਵਧਦੀ ਕਾਫ਼ੀ ਵੱਧ ਗਈ ਸੀ। ਬਾਪੂ ਜੀ ਕਹਿ ਰਹੇ ਸਨ ਕਿ ਇਹ ਉਹਦਾ 'ਨਿੱਜੀ ਮੁਆਮਲਾ ਸੀ। ਡੂੰਘੇ ਸੋਤੇ ਤੱਕ ਉਹ ਇੱਕ ਦੂਜੇ ਨਾਲ ਬੋਲਦੇ ਰਹੇ ਸਨ। ਅਖ਼ੀਰ ਬਾਪੂ ਜੀ ਆਪਣੀ ਟਰੰਕੀ ਚੁੱਕੀ ਮਾਘੀ ਨੂੰ ਬਾਹੋਂ ਫੜ ਧਰੀਕਦੇ ਜਿਹੇ ਛੋਟੇ ਵੱਲ ਹੋ ਤੁਰੇ ਸਨ। ਛੋਟੇ ਨੇ ਮਾਘੀ ਨੂੰ ਨੌਕਰ ਰੱਖਣਾ ਮੰਨ ਲਿਆ ਸੀ। ਦੂਜੀ ਸਵੇਰ ਬਾਪੂ ਜੀ ਵਾਲੀ ਜ਼ਮੀਨ 'ਚ ਛੋਟੇ ਦਾ ਹਲ ਵੱਗ ਰਿਹਾ ਸੀ।

o o o

ਜਾਪਦਾ ਸੀ ਜਿਵੇਂ ਆਪਣੀ ਇਕ ਜ਼ਿਦ ਪੁਗਾ ਕੇ ਬਾਪੂ ਜੀ ਨੇ ਕਾਫ਼ੀ ਅਧਿਕਾਰ ਪ੍ਰਾਪਤ ਕਰ ਲਏ ਸਨ। ਰੋਟੀ ਖਾਣ ਲੱਗੇ ਉਹ ਮਾਘੀ ਨੂੰ ਅਵਾਜ਼ ਮਾਰ ਲੈਂਦੇ ਆਪਣੇ ਕੋਲ ਬਹਾ ਕੇ ਉਹਨੂੰ ਰੋਟੀ ਖੁਆਂਦੇ, ਪੁੱਤਰ ਨੂੰ ਉਚੇਚਾ ਆਖ ਕੇ ਉਹਨੂੰ ਦੁੱਧ ਦੁਆਂਦੇ। ਛੋਟੇ ਦੇ ਘਰੋਂ ਉਜਰ ਕਰਦੀ ਤਾਂ ਲੈਕਚਰ ਸ਼ੁਰੂ ਹੋ ਜਾਂਦਾ। ਮੈਂ ਵੀ ਭਰਾ ਤੇ ਭਰਜਾਈ ਤੋਂ ਓਹਲੇ ਉਹਨਾਂ ਨੂੰ ਬਥੇਰਾ ਸਮਝਾਂਦੀ ਪਰ ਜੋ ਕੁਝ ਕਹਿਣਾ ਹੁੰਦਾ ਉਹ

ਕਹਿਕੇ ਹੀ ਛੱਡਦੇ ।

o o o

ਚੌਥੇ ਮੀਂਹ ਪੈਣ ਕਾਰਨ ਮੋਟਰ ਵਾਲੇ ਟੋਏ 'ਚ ਪਾਣੀ ਸਿੰਮ ਆਉਣ ਕਰਕੇ ਰਸਿਆਂ ਨਾਲ ਬੰਨ੍ਹ ਕੇ ਮੋਟਰ ਟੋਏ ਤੋਂ ਬਾਹਰ ਖਿੱਚੀ ਜਾ ਰਹੀ ਸੀ ਕਿ ਠਾਣ ਦੇਣੀ ਮਾਘੀ ਰੱਸੇ ਦੇ ਨਾਲ ਹੀ ਖਿੱਚੀਦਾ ਬਾਰਾਂ ਫੁੱਟ ਡੂੰਘੇ ਟੋਟੇ 'ਚ ਜਾ ਡਿੱਗਿਆ ਸੀ । ਟੋਏ 'ਚੋਂ ਕੱਢ ਕੇ ਮੰਜੀ ਤੇ ਧਰਦਿਆਂ ਪਾਦਿਆਂ ਉਹ ਬੇਸੁਰਤ ਹੋ ਚੁਕਾ ਸੀ । ਕਿੰਨਾ ਚਿਰ ਹੀ ਘੁੱਟਣ ਨੱਪਣ ਤੇ ਤਲੀਆਂ ਝੱਸਣ ਬਾਅਦ ਉਸ ਅੱਖ ਪੁੱਟੀ ਸੀ ਕਾਫੀ ਗੁੱਝੀਆਂ ਸਨ । ਇਹੋ ਜਿਹੀ ਹਾਲਤ 'ਚ ਕੱਲਿਆਂ ਉਹਨੂੰ ਉਹਦੀ ਕੋਠੜੀ 'ਚ ਛੱਡ ਆਉਣਾ ਠੀਕ ਨਹੀਂ ਸੀ ਸੋ ਬਾਪੂ ਜੀ ਵਾਲੇ ਕੋਠੇ 'ਚ ਹੀ ਉਹਦਾ ਮੰਜਾ ਵੀ ਡਾਹ ਦਿਤਾ ਗਿਆ ਸੀ ।

ਲੋਗੜ ਤਾਅ ਤਾਅ ਬਾਪੂ ਜੀ ਆਪ ਉਹਨੂੰ ਸੇਕ ਕਰਦੇ ਰਹਿੰਦੇ, ਰੋਟੀ ਪਾਣੀ ਖੁਆਂਦੇ, ਸਹਾਰਾ ਦੇ ਕੇ ਅੰਦਰ ਲੈ ਜਾਂਦੇ । ਥਾਂ ਨਾ ਹੋਣ ਕਰਕੇ ਅੰਞਾਣਿਆਂ ਦੀਆਂ ਮੰਜੀਆਂ ਬਾਪੂ ਜੀ ਦੇ ਕੋਠੇ 'ਚੋਂ ਕੱਢ ਕੇ ਬਰਾਂਡੇ 'ਚ ਡਾਹ ਦਿਤੀਆਂ ਗਈਆਂ ਸਨ । ਵੱਡੇ ਪੱਪੂ ਨੂੰ ਠੰਡ ਲੱਗ ਗਈ ਸੀ ਤੇ ਅੱਧੀ ਰਾਤੀਂ ਡਰ ਕੇ ਉਠਦਿਆਂ ਬੰਟੀ ਨੇ ਡਰਿਆ ਕੇ ਸਾਰਾ ਘਰ ਹੀ ਸਿਰ 'ਤੇ ਚੁੱਕ ਲਿਆ ਸੀ ।

"ਭਾਈ (ਮਾਘੀ) ਨੂੰ ਜੇ ਇਹਦੇ ਘਰ ਛੱਡ ਆਈਏ ਸਵੇਰੇ...। ਭਰਾ ਨੇ ਬਾਪੂ ਦੀ ਮੰਜੀ ਬਾਹੀ 'ਤੇ ਬੈਠਦਿਆਂ ਹੌਲੀ ਦੇਣੀ ਕਿਹਾ ਸੀ ।

"ਗੁਰਨਾਮ ਸਿਹਾਂ ਹਾਲੀ ਤੇ ਇਹ ਚੰਗੀ ਤਰ੍ਹਾਂ ਉੱਠ ਕੇ ਬਹਿ ਵੀ ਨਹੀਂ ਸਕਦਾ । ਉਥੇ ਕੌਣ ਏ ਇਹਦਾ ? ... ... ਸੌ ਬੰਦੇ ਨੂੰ ਹਰਜ਼ ਮਰਜ਼... ...।" ਬਾਪੂ ਜੀ ਨਹੀਂ ਸਨ ਚਾਹੁੰਦੇ ਕਿ ਪੂਰੀ ਤਰ੍ਹਾਂ ਰਾਜ਼ੀ ਹੋਣ ਤੋਂ ਪਹਿਲਾਂ ਉਹਦੀ ਕੋਠੜੀ 'ਚ ਉਹਨੂੰ ਕੱਲਿਆਂ ਛੱਡ ਦਿੱਤਾ ਜਾਏ ।

"ਅੰਞਾਣਿਆਂ ਨੂੰ ਘਰੋਂ ਬਾਹਰ ਕੱਢ ਆਵਾਂ ?" ਭਰਾ ਨੇ ਕੁਝ ਤਲਖ਼ ਹੁੰਦਿਆਂ ਕਿਹਾ ਸੀ । ਕਾਫ਼ੀ ਦੇਰ ਪਿਓ-ਪੁੱਤਰ 'ਚ ਬਹਿਸ ਚੱਲਦੀ ਰਹੀ ਸੀ ।

"ਵੇਖੋ ਭੈਣ ਜੀ, ਥਾਂ ਸਾਡੇ ਕੋਲ ਹੈ ਨਹੀਂ; ਅੰਞਾਣੇ ਵਿਚਾਰੇ ਰਾਤੀਂ ਕੰਧੀਂ ਕੌਲੀਂ ਲੱਗਦੇ ਫਿਰਦੇ ਨੇ; ਹੁਣ ਉਠਕੇ ਬਹਿੰਦਾ ਖਲੋਂਦਾ ਏ ਅਕਸਰ ਅਸੀਂ ਵੀ ਕਿੰਨਾ ਕੁ ਚਿਰ...।" ਬਾਪੂ ਜੀ ਦੇ ਚਲੇ ਜਾਣ ਬਾਅਦ ਛੋਟੀ ਭਾਬੀ ਮੇਰੇ ਕਮਰੇ 'ਚ ਬੈਠੀ ਆਪਣਾ ਪੱਖ ਪੇਸ਼ ਕਰ ਰਹੀ ਸੀ ।

"ਘਰ ਦੇ ਲੋਕਾਂ ਕੋਲੋਂ ਸਾਂਭੇ ਨਹੀਂ ਜਾਂਦੇ...ਕੀ ਪਤਾ ਇਹਨੇ ਉਠਣਾ ਕਿ ਨਹੀਂ...ਕੌਣ ਸਾਂਭੇਗਾ ਇਹਨੂੰ ਏਥੇ ?" ਭਾਬੀ ਦੇ ਮਗਰੇ ਆਉਂਦਿਆਂ ਭਰਾ ਨੇ ਵੀ ਆਪਣੇ ਦਿਲ ਦਾ ਡਰ ਪਰੋਗਟ ਕੀਤਾ ਸੀ ।

"ਤੁਸਾਂ ਧਿਙਾਣੇ ਆਪਣੇ ਗਲ ਬਲਾਅ ਚਮੋੜ ਲਈ ਏ ।" ਉਹਨਾਂ ਦੋਹਾਂ ਨੂੰ ਮੇਰੇ ਕਮਰੇ ਚੋਂ ਨਿਕਲਦਿਆਂ ਵੇਖ ਆਪਣੇ ਕਮਰੇ ਦੀਆਂ ਬਰੂਹਾਂ 'ਚ ਖਲੋਤੀ ਭਾਬੀ ਨੇ ਚੁਆਤੀ ਲਾਈ ਸੀ ।

"ਭਾਈ ਕਿੱਥੇ ਵੇ ?" ਦੂਜੇ ਦਿਨ ਵਾਂਢਿਓਂ ਆਉਂਦਿਆਂ ਹੀ ਬਾਪੂ ਜੀ ਨੇ ਆਪਣੇ ਕਮਰੇ ਅੰਦਰ ਝਾਤੀ ਮਾਰਦਿਆਂ ਪੁੱਛਿਆ ਸੀ ।

"ਛੱਡ ਆਇਆਂ ਉਹਨੂੰ...।" ਭਰਾ ਨੇ ਬਿਨਾ ਝਿਜਕ ਕਿਹਾ ਸੀ ।

"ਮਾੜਾ ਕੀਤਾ ਈ ।" ਕੁਝ ਚਿਰ ਤਾਂ ਉਹ ਉਥੇ ਦੇ ਉਥੇ ਹੀ ਗੱਡੇ ਰਹਿ ਗਏ ਸਨ । ਫਿਰ ਸਿਰ ਨਿਵਾਈ ਨਿੰਮੋਝੂਣ ਉਹ ਆਪਣੇ ਕਮਰੇ 'ਚ ਜਾ ਵੜੇ ਸਨ ।

o o o

ਪੱਪੂ ਮਾਘੀ ਨੂੰ ਰੋਟੀ ਦੇ ਆਉਂਦਾ । ਕਦੀ ਕਿਸੇ ਯਾਰ ਬੇਲੀ ਦੇ ਘਰ ਗਿਆ ਨਾ ਬਹੁੜਦਾ, ਕਦੀ ਆਇਆ ਹੋਇਆ ਵੀ ਘੇਸ ਵੱਟ ਜਾਂਦਾ । ਬਾਪੂ ਜੀ ਝਿੜਕਾਂ ਦੇਂਦੇ ਤਾਂ ਭਾਬੀ ਗੁੱਸਾ ਕਰਦੀ । ਬਾਪੂ ਜੀ ਦੇ ਸਿਰ ਚੜ੍ਹ ਮੁੰਡੇ ਨੂੰ ਕੁੱਟਦੀ । ਵੱਡੀ ਭਾਬੀ ਆਪਣੀਆਂ ਬਰੂਹਾਂ 'ਚ ਖਲੋਤੀ ਮੂੰਹ ਅੱਗੇ ਚੁੰਨੀ ਕਰੀ ਹੱਸਦੀ ਰਹਿੰਦੀ । ਭੁੱਖਾ ਸੌਂਤਾ ਪਿਆ ਹੁੰਦਾ, ਮੁੰਡਾ ਰੋਟੀ ਲੈ ਕੇ ਜਾਂਦਾ ਅਗੋਂ ਕੁੱਤੇ ਪੈ ਜਾਂਦੇ, ਅਗਲੇ ਭਲਕ ਮੁੰਡਾ ਨਾ ਜਾਂਦਾ । ਬਾਪੂ ਜੀ ਆਪ ਤੁਰ ਪੈਂਦੇ । ਹਨੇਰੀਆਂ ਗਲੀਆਂ 'ਚ ਠੇਡੇ ਖਾਂਦੇ ਫਿਰਦੇ । ਰੋਟੀ ਰਤਾ ਸਵੇਰੇ ਪੁਚਾਉਣ ਦੀ ਤਾਕੀਦ ਕਰਦੇ । ਹਨੇਰਾ ਪੈ ਜਾਂਦਾ-ਤਾਂ ਨੂੰਹ ਨਾਲ ਲੜਦੇ, ਘਰ ਆਏ ਖਸਮ ਨੂੰ ਨੂੰਹ ਸਿਖਾਂਦੀ, ਗੱਲ ਵੱਧ ਜਾਂਦੀ ।

o o o

"ਚਿੜੀ ਚੁੰਚ ਭਰ ਲੈ ਗਈ ਨਦੀ ਨਾ ਘਟਿਓ ਨੀਰ ..।" ਬਾਪੂ ਜੀ ਨੇ ਦਾਨ ਪੁੰਨ ਦੀ ਮਹੱਤਤਾ ਸਮਝਾਂਦਿਆਂ ਕਈ ਸਲੋਕ ਉਪਰ-ਥਲੀ ਉਚਰ ਦਿੱਤੇ ਸਨ । ਉਹਨਾਂ ਦਾ ਕਹਿਣਾ ਸੀ ਕਿ ਉਹਨਾਂ ਦੋਹਾਂ ਪੁੱਤਰਾਂ ਵਲੋਂ, ਮਾਘੀ ਨੂੰ ਹਾੜੀ ਸਾਉਣੀ ਮਣ ਮਣ ਪੱਕੇ ਦਾਣੇ ਦੇਣੇ ਬਣਦੇ ਸਨ ਕਿਉਂਕਿ ਸਾਰੀ ਉਮਰ ਉਹਨੇ ਏਸ ਘਰ ਦੀ ਸੇਵਾ ਕੀਤੀ ਸੀ । ਦੋਹਾਂ ਭਰਾਵਾਂ ਦੇ ਉਜ਼ਰ ਕਰਨ ਤੇ ਉਹਨਾਂ ਨੇ ਮਿਸਾਲਾਂ ਦੇਣੀਆਂ ਸ਼ੁਰੂ ਕਰ ਦਿਤੀਆਂ ਸਨ ਕਿ ਉਹਨਾਂ ਦੇ ਦਾਦੇ ਦੇ ਘਰ ਲੋੜਵੰਦਾਂ ਦੀਆਂ ਕਤਾਰਾਂ ਲੱਗੀਆਂ ਰਹਿੰਦੀਆਂ ਸਨ ਤੇ ਉਹਨਾਂ ਦੇ ਪਿਤਾ ਨੇ ਕਈ ਵਰ੍ਹੇ ਇਕ ਬੁੱਢੇ ਬ੍ਰਾਹਮਣ ਨੂੰ ਆਪਣੇ ਘਰ ਰਖਕੇ ਉਹਦੀ

ਸੇਵਾ ਕੀਤੀ ਸੀ ।

ਦੂਜੇ ਦਿਨ ਹੀ ਬਾਪੂ ਜੀ ਮਾਘੀ ਨੂੰ ਨਾਲ ਲਈ ਛੋਟੇ ਦੇ ਖੇਤ 'ਚ ਲੱਗੇ ਕਣਕ ਦੇ ਬੋਹਲ ਦੇ ਸਿਰਹਾਣੇ ਆਪ ਖਲੋਤੇ ਸਨ । ਤੱਕੜੀ ਆਪ ਅੰਦਰੋਂ ਲਿਆ ਕੇ ਉਹ ਦਾਣੇ ਤੋਲਣ ਲਗ ਪਏ ਸਨ । ਭਰਾ ਤੇ ਭਾਬੀ ਹੈਰਾਨ ਹੋਏ ਖੜੇ ਦੇ ਖੜੇ ਰਹਿ ਗਏ ਸਨ । ਬਾਪੂ ਜੀ ਦੇ ਇਸ਼ਾਰੇ ਤੇ ਮਾਘੀ ਦਾਣਿਆਂ ਦੀ ਪੰਡ ਸਿਰ ਤੇ ਚੁਕੀ ਵੱਡੇ ਦੇ ਵਿਹੜੇ ਵਲ ਤੁਰ ਪਿਆ ਸੀ ।

"ਬੱਸ ਵੀ ਕਰੋ ਹੁਣ ...।" ਪੰਜਵੀਂ ਪਨਸੇਰੀ ਪਾਣ ਲਗਿਆਂ ਭਰਾ ਨੇ ਤੱਕੜੀ ਇਕ ਤਰ੍ਹਾਂ ਬਾਪੂ ਜੀ ਦੇ ਹਥੋਂ ਆਣ ਫੜੀ ਸੀ । ਪਰਾਂ ਖਲੋਤੀ ਭਾਬੀ ਦੀ ਬੁੜ ਬੁੜ ਸਾਫ ਸੁਣਾਈ ਦੇ ਰਹੀ ਸੀ ।

"ਗੁਰਨਾਮ ਨੇ ਮਣ ਪੱਕੀ ਦਿਤੀ ਏ ।"

"ਉਹ ਵੱਧ ਵੀ ਦੇ ਸਕਦਾ ਏ, ਉਹਦੇ ਕੋਲ ਜ਼ਮੀਨ ਦੀਆਂ ਦੋ ਢੇਰੀਆਂ ਨੇ...ਇਹ ਵੀ ਸਮਝੋ ਮੈਂ ਰੱਬ ਤਰਸੀ...।" ਕਹਿੰਦਿਆਂ ਭਰਾ ਨੇ ਬਾਪੂ ਜੀ ਨੂੰ ਬੇ-ਦਲੀਲੇ ਕਰ ਦਿੱਤਾ ਸੀ ।

"ਅਗਲੀ ਛਿਮਾਹੀ ਆਉਣ 'ਤੇ ਵੱਡੇ ਨੇ ਉਂਞ ਈ ਸਾਫ਼ ਇਨਕਾਰ ਕਰ ਦਿੱਤਾ ਸੀ ਤੇ ਛੋਟੇ ਦਾ ਕਹਿਣਾ ਸੀ ਕਿ ਉਹ ਜਿਣਸ ਮੰਡੀ ਸੁੱਟ ਆਇਆ ਸੀ ।

o o o

"ਭਾਈ ਨੂੰ ਵੇਖ ਆਇਆਂ; ਵਿਚਾਰਾ ਇਕ ਇਕਾਰੀ ਜਿਹੀ ਖੇਸੀ 'ਚ ਕੰਬੀ ਜਾਏ, ਹੱਥ ਲਾਇਆਂ ਪਿੰਡੋਂ ਨੂੰ ਹੱਥ ਨਾਂ ਛੁਹਾਇਆ ਜਾਏ, ਪੰਜ-ਭੱਠ ਬੁਖ਼ਾਰ !.. ਭਾਈ ਗੁਰੂਦੁਆਰੀਏ ਤੋਂ ਦੁਆਈ ਲੈ ਕੇ ਦੇ ਆਇਆਂ ।" ਆਉਂਦਿਆਂ ਹੀ ਵਿਹੜੇ 'ਚ ਖ਼ਲੋਅ ਇੱਕੋ ਸਾਹੇ ਬਾਪੂ ਜੀ ਆਖ ਰਹੇ ਸਨ । "ਵੇਖੋ ਰਜ਼ਾਈ ਮੈਂ ਉਹਨੂੰ ਆਖ ਆਇਆਂ, ਹੁਣ ਭਾਵੇਂ ਔਖੇ ਹੋਵੋ ਜਾਂ ਸੌਖੇ, ਰਜ਼ਾਈ ਉਹਨੂੰ ਮੈਂ ਦੇਣੀ ਜ਼ਰੂਰ ਏ...।" ਉਥੋ ਹੀ ਖੜਿਆਂ ਖੜੋਤਿਆਂ ਉਹਨਾਂ ਨੇ ਇਕ ਹੋਰ ਐਲਾਨ ਕਰ ਦਿੱਤਾ ਸੀ ।

ਨੂੰਹ ਵਲੋਂ ਕੋਈ ਵੀ ਜੁਆਬ ਨਾਂ ਮਿਲਨ 'ਤੇ ਠਿੱਠ ਜਿਹੇ ਹੋਏ ਜੁੱਤੀ ਜਿਹੀ ਘੜੀਸਦੇ ਉਹ ਆਪਣੀ ਕੋਠੜੀ 'ਚ ਜਾ ਵੜੇ ਸਨ ।

"ਇੱਕ ਗੱਲ ਤੈਨੂੰ ਮੇਰੀ ਮੰਨਣੀ ਪਵੇਗੀ, ਰਜ਼ਾਈ ਮੈਂ ਆਖ ਆਇਆਂ ਭਾਈ ਨੂੰ...।" ਪੁੱਤਰ ਦੇ ਘਰ ਆਉਣ 'ਤੇ ਉਹਨਾਂ ਆਪਣੀ ਗੱਲ ਬੜੇ ਜ਼ੋਰ ਨਾਲ ਦਹੁਰਾਂਦਿਆਂ ਕਿਹਾ ਸੀ ।

"ਸਾਈਂ ਮਰ ਗਏ ਸੂ, ਧੀ ਸੂ, ਭਤ੍ਰੀਏ ਸੂ, ਸਾਰੀ ਉਮਰ ਕਮਾਅ ਕਮਾਅ ਖੁਆਂਦਾ ਰਿਹਾ ਏ ਉਹਨਾਂ ਨੂੰ ।" ਕੁਝ ਚਿਰ ਚੁੱਪ ਰਹਿਣ ਬਾਅਦ ਭਰਾ ਦਾ ਪਾਰਾ ਇੱਕ-ਦਮ ਚੱੜ੍ਹ ਗਿਆ ਸੀ ।

"ਭਤ੍ਰੀਆਂ ਨੂੰ ਉਹ ਆਪ ਸੌ ਸੌ ਗਾਲ੍ਹ ਕੱਢਦਾ ਏ...।" ਮਾਘੀ ਨੇ ਭਤੀਜਿਆਂ ਨੂੰ ਮੋਟੀ ਸਾਰੀ ਗਾਲ੍ਹ ਕੱਢਦਿਆਂ ਉਹਨਾਂ ਭੋਏਂ ਤੇ ਥੁੱਕ ਦਿੱਤਾ ਸੀ । ਫਿਰ ਕਲਜੁਗੀ ਪੁੱਤਰ ਤੇ ਭਤੀਜਿਆਂ ਦੀ ਨਿਸ਼ਠੁਰਤਾ ਤੇ ਇਕ ਲੰਮਾਂ ਲੈਕਚਰ ਝਾੜਦਿਆਂ ਬਾਪੂ ਜੀ ਨੇ ਆਪਣੀ ਮੰਗ ਦਹੁਰਾ ਦਿੱਤੀ ਸੀ ।

"ਮਖ ਮੇਰੀ ਗੱਲ ਦਾ ਜੁਆਬ ਨਹੀਂ ਦੇਂਦਾ ਤੂੰ...।" ਪੁੱਤਰ ਦੇ ਚੁੱਪ ਰਹਿਣ ਤੇ, ਬਾਪੂ ਜੀ ਦੀ ਅਵਾਜ਼ 'ਚ ਤਲਖੀ ਸੀ ।

"ਸੁਣ ਲਓ ਕੰਨ ਖੋਲ੍ਹ ਕੇ ਅਸੀਂ ਨਹੀਂ ਰਜ਼ਾਈਆਂ ਦਾਨ ਕਰ ਸਕਦੇ...।" ਭਰਾ ਇਕ ਵਾਰ ਹੀ ਕੜਕ ਕੇ ਕੂਇਆ ਸੀ । ਇਕ ਮਿੰਟ ਲਈ ਤਾਂ ਬਾਪੂ ਜੀ ਵੀ ਸੁੰਨ ਹੋ ਕੇ ਰਹਿ ਗਏ ਸਨ ।

"ਆਹ ਮੈਂ ਚਲਿਆ ਜੇ, ਆਓ ਕੋਈ ਡੱਕ ਕੇ ਵਿਖਾਓ ਮੈਨੂੰ...।" ਮੋਢੇ ਤੇ ਆਪਣੇ ਵਾਲੀ ਰਜ਼ਾਈ ਸੁਟੀ ਉੱਚੀ ਉੱਚੀ ਬੋਲਦੇ ਹੋਏ, ਚੈਲੰਜ ਕਰਦੇ ਹੋਏ, ਪੈਰ ਪਟਕਦੇ ਉਹ ਮਾਘੀ ਦੇ ਘਰ ਵੱਲ ਹੋ ਤੁਰੇ ਸਨ ।

ਫਿਰ ਮਾਘੀ ਦੇ ਡੱਕਦਿਆਂ ਡਕਾਂਦਿਆਂ ਵੀ ਉਹ ਉਹਦੇ ਭਤੀਜੇ ਦੇ ਘਰ ਜਾ ਧਮਕੇ ਸਨ । ਮਾਘੀ ਦੀ ਮਾੜੀ ਜਿਹੀ ਹਾਂ ਕਰਨ ਤੇ ਹੀ ਉਹ ਮਾਘੀ ਨੂੰ ਆਪ ਸਹਾਰਾ ਦੇਈ ਉਹਨੂੰ ਉਹਦੇ ਭਤੀਜੇ ਦੇ ਘਰ ਛੱਡ ਆਏ ਸਨ ।

ਪਰ ਕੁਝ ਦਿਨਾਂ ਬਾਅਦ ਭਤੀਜੇ ਦੀ ਘਰਵਾਲੀ ਦੇ ਬੋਲਾਂ-ਕੁਬੋਲਾਂ ਤੋਂ ਸੜਿਆ ਲੇਫ਼-ਤੁਲਾਈ ਚੁੱਕੀ ਉਹ ਫੇਰ ਆਪਣੀ ਕੋਠੜੀ 'ਚ ਆਣ ਵੜਿਆ ਸੀ । ਪਤਾ ਲੱਗਣ ਤੇ ਬਾਪੂ ਜੀ ਆਪ ਉਹਦੇ ਭਤੀਜੇ ਦੇ ਘਰ ਚੜ੍ਹਾਈ ਕਰਕੇ ਗਏ ਸਨ । ਉਹਨੂੰ ਲਾਹਨਤਾਂ, ਫਿਟਕਾਂ ਪਾਉਂਦੇ, ਹਾਉਂਕਦੇ ਜਿਹੇ ਉਹ ਘਰ ਆ ਵੜੇ ਸਨ । ਆਉਂਦਿਆਂ ਹੀ ਵਿਹੜੇ 'ਚ ਖਲੋਅ ਉਹਨਾਂ ਅੱਜ ਕੱਲ੍ਹ ਦੇ ਨਿਰਮੋਹੇ ਤੇ ਖ਼ੁਦਗਰਜ਼ ਪੁੱਤਰਾਂ ਤੇ ਭਤੀਜਿਆਂ ਨੂੰ ਪਾਣੀ ਪੀ ਪੀ ਕੋਸਿਆ ਸੀ ।

o o o

ਭਲਾਈ ਸਕੀਮ ਨਿਕਲਣ 'ਤੇ ਬਾਪੂ ਜੀ ਆਪ ਚੰਡੀਗੜ੍ਹ ਦੇ ਵਿਭਾਗ ਤੋਂ ਫ਼ਾਰਮ ਲੈ ਕੇ ਆਏ ਸਨ । ਆਉਂਦਿਆਂ ਹੀ ਉਹਨਾਂ ਦਸਿਆ ਸੀ ਕਿ ਹੁਣ ਮਾਘੀ ਦੀ ਪੈਨਸ਼ਿਨ ਲੱਗ ਜਾਣੀ ਸੀ, ਸਗੋਂ ਉਹ ਤਾਂ ਅਚੰਭਤ ਸਨ ਕਿ ਹਕੂਮਤ ਇਹੋ ਜਿਹੀ ਭਲਾਈ ਦੀ ਸਕੀਮ ਵੀ ਚਲਾ ਸਕਦੀ ਸੀ । ਤਸਦੀਕ ਕਰਾਉਣ ਲਈ ਸਰਪੰਚ ਦੇ ਘਰ ਵੱਲ ਜਾਂਦਿਆਂ ਰਾਹ 'ਚ ਮਿਲੇ ਮਹਿਰਿਆਂ ਦੇ ਮੰਗੂ ਤੇ ਚੁਮਾੜੀ ਦੀ ਅੰਨ੍ਹੀ ਤੇ ਬੇ-ਸਹਾਰਾ ਮਾਈ ਮੰਦੋ ਨੂੰ ਆਪ ਫ਼ਾਰਮ

ਲਿਆਕੇ ਦੇਣ ਦਾ ਵਾਅਦਾ ਕਰਦੇ ਹੋਏ, ਉਹ ਪਿੰਡ ਦੇ ਚੌਕ 'ਚ ਲੋਕਾਂ ਨੂੰ ਖਲ੍ਹਾਰ ਖਲ੍ਹਾਰ ਇਸ ਭਲਾਈ ਵਾਲੀ ਸਕੀਮ ਬਾਰੇ ਦੱਸਦੇ। ਉਹਦੀ ਉਮਰ ਤੇ ਸਿਹਤ ਦੀ ਤਸਦੀਕ ਕਰਾਣ ਲਈ ਮਾਘੀ ਨੂੰ ਆਪ ਬਾਪੂ ਜੀ ਡਾਕਟਰ ਕੋਲ ਲੈ ਗਏ ਸਨ। ਫਿਰ ਕਦੀ ਤਹਿਸੀਲਦਾਰ ਵੱਲ ਤੇ ਕਦੀ ਬੀ. ਡੀ. ਓ ਦੇ ਆਫਿਸ ਮਾਘੀ ਦੇ ਕਾਗਜ਼ ਉਹ ਆਪਣੀ ਹੱਥੀਂ ਭਲਾਈ ਵਿਮਾਗ 'ਚ ਦੇ ਕੇ ਆਏ ਸਨ। ਸਾਲ ਹੋਣ ਤੇ ਆਇਆ ਸੀ ਪਰ ਮਾਘੀ ਦਾ ਕੇਸ ਹਾਲੀਂ ਤਾਈਂ ਲਟਕਦਾ ਆ ਰਿਹਾ ਸੀ। ਹੁਣ ਜਦੋਂ ਚੰਡੀਗੜ ਜਾਣ ਲੱਗਦੇ ਤਾਂ ਵਿਹੜੇ ਵਿਚ ਖੜੋਅ ਸਰਕਾਰ ਨੂੰ ਸਖ਼ਤ ਸੁੱਸਤ, ਅਫ਼ਸਰਾਂ ਨੂੰ ਲਾ-ਪ੍ਰਵਾਹ, ਅਲਗਰਜ਼, ਵੱਢੀ-ਖ਼ੋਰ ਤੇ' ਨਾ-ਅਹਿਵਤ ਕਹਿਕੇ ਦਿਲ ਦੀ ਭੜਾਸ ਕੱਢਕੇ।

o o o

"ਮਾਘੀ ਦੀ ਧੀ ਉਹਨੂੰ ਆਕੇ ਲੈ ਗਈ ਏ।" ਸੁਣ ਕੇ ਸ਼ਾਰਿਆਂ 'ਨੂੰ ਖੁਸ਼ੀ ਹੋਈ ਸੀ ਕਿ ਚਲੋ ਬਾਪੂ ਜੀ ਦਾ ਫ਼ਿਕਰ ਤਾਂ ਮੁੱਕਿਆ। ਫ਼ਿਰ ਕਾਫ਼ੀ ਦੇਰ ਉਹਦੀ ਕੋਈ ਖ਼ਬਰ ਸੂਰਤ ਨਹੀਂ ਸੀ ਆਈ। ਹੋਰ ਸੁਣਿਆ ਸੀ ਕਿ ਉਹ ਵਾਪਸ ਆ ਗਿਆ ਏ, ਉਹਦੇ ਕੁੜਮ ਕੁੜਮਣੀ ਨੇ ਲੜਕੇ ਕੱਢ ਦਿੱਤਾ ਏ।

ਉਹ ਬਾਪੂ ਜੀ ਨੂੰ ਮਿਲਣ ਆਇਆ ਸੀ, ਕਾਫ਼ੀ ਕਮਜ਼ੋਰ ਲੱਗ ਰਿਹਾ ਸੀ। ਛੇਆਂ ਮਹੀਨਿਆਂ 'ਚ ਹੀ ਉਹ ਉੜ ਜਿਹਾ ਗਿਆ ਸੀ। ਕਿੰਨਾਂ ਚਿਰ ਹੀ ਉਹ ਧਰੇਕ ਥੱਲੇ ਬਾਪੂ ਜੀ ਕੋਲ ਬੈਠਾ ਝੂਰਦਾ ਰਿਹਾ ਸੀ। ਕਿੰਨੀ ਵਾਰ ਹੀ ਉਹਦਾ ਗਲਾ ਭਰ ਭਰ ਆਇਆ ਸੀ ਤੇ ਕਿੰਨੀ ਵਾਰ ਹੀ ਪਰਨੇ ਦੇ ਲੜ ਨਾਲ ਉਹਨੇ ਆਪਣੇ ਅੱਥਰੂ ਪੂੰਝੇ ਸਨ। ਪੁੱਤਰ ਦੀ ਅਣਹੋਂਦ ਦਾ ਉਸ ਦਿਨ ਉਹਨੂੰ ਸਖ਼ਤ ਅਹਿਸਾਸ ਹੋ ਰਿਹਾ ਸੀ।

ਹੁਣ ਉਹ ਬਹੁਤਾ ਚਿਰ ਆਪਣੀ ਕੋਠੜੀ 'ਚ ਹੀ ਪਿਆ ਰਹਿੰਦਾ। ਕਦੀ ਕਦਾਈਂ ਬਾਪੂ ਜੀ ਕੋਲ ਆ ਬਹਿੰਦਾ। ਉਚੇਚੀ ਆਖਕੇ ਬਾਪੂ ਜੀ ਉਸਦੇ ਲਈ ਰੋਟੀ ਪਕਵਾਂਦੇ। ਧਰੇਕ ਥੱਲੇ ਕਪੜਾ ਵਿਛਾਅ ਕੇ ਉਹ ਬਾਪੂ ਜੀ ਕੋਲ ਲੰਮਾ ਪਿਆ ਰਹਿੰਦਾ। ਚਾਹ ਦਾ ਵੇਲਾ ਹੋ ਜਾਂਦਾ, ਆਖਕੇ ਬਾਪੂ ਜੀ ਚਾਹ ਦਾ ਗਿਲਾਸ ਉਹਨੂੰ ਵੀ ਦੁਆ ਦੇਂਦੇ। ਉਹਦਾ ਇਸ ਤਰ੍ਹਾਂ ਧੱਕੇ ਦਾ ਪ੍ਰਾਹੁਣਾ ਬਣ ਜਾਣਾ ਭਰਾ ਤੇ ਭਾਬੀ ਨੂੰ ਚੰਗਾ ਨਾ ਲੱਗਦਾ। ਭਾਬੀ ਨੂੰ ਉਹ ਸਤਿ ਸ੍ਰੀ ਅਕਾਲ ਆਖਦਾ, ਨਿੰਮ੍ਹਾ ਜਿਹਾ ਜੁਆਬ ਦੇ, ਬਿਨ ਵੇਖੇ ਬਿਨ ਬੋਲੇ ਉਹ ਕੋਲੋਂ ਦੀ ਲੰਘ ਜਾਂਦੀ। ਬੱਚਿਆਂ ਦੇ ਸਿਰ ਪਲੋਸਨ ਲਗਦਾ, ਬੱਚੇ ਅਗਾਂਹ ਨੂੰ ਦੌੜੇ ਜਾਂਦੇ। ਭਰਾ ਨੂੰ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਆਖਦਾ, ਮਾੜਾ ਜਿਹਾ ਜੁਆਬ ਦੇ ਉਹ ਚੁੱਪ ਹੋ ਜਾਂਦਾ।

"ਰੋਟੀ ਮਾਘੀ ਲਈ ਵੀ ਪਕਾਇਆ ਜੇ" ਤੰਦੂਰੇ ਰੋਟੀਆਂ ਲਾਂਦੀ, ਨੂੰਹ ਨੂੰ ਸੁਣਾਉਂਦੇ ਹੋਏ ਬਾਪੂ ਜੀ ਪੋਤਰੇ ਨੂੰ ਆਖਦੇ। ਤੰਦੂਰ ਚੋਂ ਖਿੱਚ ਖਿੱਚ ਰੋਟੀਆਂ ਲਾਹੁੰਦੀ ਹੋਈ ਨੂੰਹ ਬੁੜ ਬੁੜ ਕਰਨ ਲੱਗਦੀ।

"ਆਹ ਭਾਈ ਲਈ ਵੀ ਦੋ ਰੋਟੀਆਂ ਲਿਆਈਂ...।" ਰੋਟੀ ਫੜਾਣ ਆਏ ਪੋਤਰੇ ਨੂੰ ਬਾਪੂ ਜੀ ਆਖਦੇ।

ਦੋ ਰੋਟੀਆਂ ਉਤੇ ਦਾਲ ਪਾਈ ਪੱਪੂ ਮਾਘੀ ਦੇ ਹੱਥ ਤੇ ਸੁੱਟ ਜਿਹਾ ਜਾਂਦਾ। ਵੱਡੀਆਂ ਵੱਡੀਆਂ ਗ੍ਰਾਹੀਆਂ ਬਿਨ ਚਿੱਥੇ ਉਹ ਅੰਦਰ ਨੂੰ ਨਿਘਾਰ ਜਾਂਦਾ।

ਫਿਰ ਬਾਪੂ ਜੀ ਤੇ ਉਹ ਪੁਰਾਣੀਆਂ ਗੱਲਾਂ ਛੋਹ ਲੈਂਦੇ ਜਦੋਂ ਉਹਨਾਂ ਤੇ ਜੁਆਨੀ ਦਾ ਜ਼ੋਰ ਸੀ। ਜਦੋਂ ਅੱਠ ਅੱਠ ਦਸ ਦਸ ਮੱਝੀਂ ਕਿੱਲਿਆਂ ਤੇ ਬੱਝੀਆਂ ਰਹਿੰਦੀਆਂ ਸਨ। ਘਰ ਦਾ ਘਿਓ ਚਾਰ ਚਾਰ ਪਾਲੇ ਹੋਏ ਵਹਿੜਕੇ ਜਿੰਨ੍ਹਾਂ ਦੇ ਪਿੰਡਿਆਂ 'ਤੇ ਮੱਖੀ ਤਿਲਕਦੀ ਸੀ।

"ਬਾਦਸ਼ਾਹੀ ਸੀ ਕਿ ਓਦੋਂ।" ਮਾਘੀ ਚਾਮਲਕੇ ਆਖਦਾ।

"ਮੈਂ ਤੇ ਉਸ ਵੇਲੇ ਨੂੰ ਪਛਤਾਨਾ, ਜਦੋਂ ਭੋਏਂ ਵੰਡ ਬੈਠਾਂ...।" ਪੁੱਤਰ ਦੇ ਕੋਲੋਂ ਲੰਘਣ ਤੇ ਬਾਪੂ ਜੀ ਅੱਗੋਂ ਕੁਝ ਕਹਿੰਦੇ ਕਹਿੰਦੇ ਰੁਕ ਜਾਂਦੇ। ਫਿਰ ਦੋਵੇਂ ਹੌਲੀ ਹੌਲੀ ਬੜੀਆਂ ਧੀਮੀਆਂ ਗੱਲਾਂ ਕਰਨ ਲੱਗਦੇ ਤੇ ਗੱਲਾਂ ਕਰਦਿਆਂ ਕਰਦਿਆਂ ਵਿਚ ਵਿਚ ਉਹ ਹੌਕੇ ਭਰਣ ਲਗਦੇ। ਉਹਨਾਂ ਦੇ ਚਿਹਰਿਆਂ 'ਤੇ ਅਜੀਬ ਤਰ੍ਹਾਂ ਦੀ ਉਦਾਸੀ ਛਾ ਜਾਂਦੀ।

o o o

"ਮੰਮੀ ਨੂੰ ਪੁੱਛੀਂ ਕੋਈ ਵਧੀ ਹੋਈ ਰੋਟੀ ਹੋਏ ਤਾਂ...।" ਦੁਪਹਿਰ ਦੀਆਂ ਰੋਟੀਆਂ ਖਾਧੀਆਂ ਪੀਤੀਆਂ ਜਾਣ ਬਾਅਦ ਮਾਘੀ ਦੇ ਆਉਣ 'ਤੇ ਬਾਪੂ ਜੀ ਨੇ ਪੱਪੂ ਨੂੰ ਕਿਹਾ ਸੀ।

"ਗੁਰਨਾਮ ਸਿੰਘ, ਅੰਦਰੋਂ ਦੋ ਰੋਟੀਆਂ ਮਾਘੀ ਲਈ ਵੀ ਭੇਜ ਦੇਈਂ। ਕੋਲੋਂ ਲੰਘਦੇ ਪੁੱਤਰ ਕੋਲ ਬਾਪੂ ਜੀ ਇਕ ਤਰ੍ਹਾਂ ਤਰਲਾ ਮਾਰਦੇ। ਰਸੋਈ 'ਚ ਜਾ ਕੇ ਬਾਪੂ ਜੀ ਦਾ ਸੁਨੇਹਾ ਦੇਣ ਤੇ ਭਾਬੀ ਬੁੜ ਬੁੜ ਕਰਨਾ ਸ਼ੁਰੂ ਕਰ ਦੇਂਦੀ। ਦੁਬਾਰਾ ਆਟਾ ਗੁੰਨ੍ਹ ਕੇ ਰੋਟੀ ਪਕਾਉਂਦੀ ਹੋਈ ਭਾਬੀ ਲੋਹੇ ਲਾਖੀ ਹੋ ਜਾਂਦੀ।

o o o

ਮਾਘੀ ਨੂੰ ਪੰਜਾਂ ਦਾ ਨੋਟ ਫੜਾਂਦਿਆਂ ਵੇਖ ਪੱਪੂ ਨੇ ਆਪਣੀ ਮੰਮੀ ਨੂੰ ਜਾ ਦੱਸਿਆ ਸੀ। ਰਾਤ ਨੂੰ ਭਰਾ ਦੇ ਘਰ ਆਉਣ 'ਤੇ ਬਾਪੂ ਜੀ ਦੀ ਜਵਾਬ ਤਲਬੀ ਕੀਤੀ ਗਈ ਸੀ। ਪਹਿਲਾਂ ਤਾਂ ਉਹਨਾਂ ਨੇ ਟਾਲਣ ਦੀ ਕੋਸ਼ਿਸ਼ ਕੀਤੀ ਸੀ ਫਿਰ ਆਪਣੀ ਬੇ-ਇਜ਼ਤੀ ਕੀਤੀ ਗਈ ਸਮਝਕੇ ਉਹ ਕਾਫੀ ਤੈਸ਼ 'ਚ ਆ ਗਏ ਸਨ।

ਗਈ ਰਾਤ ਤੱਕ ਉਹ ਇਕ ਦੂਜੇ ਨਾਲ ਖਹਿਬੜਦੇ ਰਹੇ ਸਨ। ਗੁੱਸੇ 'ਚ ਉੱਠ ਕੇ ਬਾਪੂ ਜੀ ਗਾੜ੍ਹੇ ਹਨੇਰੇ ਨੂੰ ਚੀਰਦੇ ਹੋਏ ਸੜਕੋ ਸੜਕ ਹੋ ਤੁਰੇ ਸਨ। ਵੱਡੇ ਭਰਾ ਨੇ ਪਿਛੇ ਭੱਜ ਕੇ ਮਸਾਂ ਫੜ੍ਹਕੇ ਲਿਆਂਦਾ ਸੀ। ਫਿਰ ਕਿੰਨੀ ਰਾਤ ਗਈ ਤੱਕ ਉਹ ਤੇ ਭਰਾ ਖਹਿਬੜਦੇ ਰਹੇ ਸਨ।

o o o

ਮਾਘੀ ਹੁਣ ਕਾਫ਼ੀ ਘੱਟ ਆਉਂਦਾ, ਬਾਪੂ ਜੀ ਵੀ ਹੁਣ ਗੋਡੇ ਦੁੱਖਣ ਕਰਕੇ ਘੱਟ ਹੀ ਘਰੋਂ ਬਾਹਰ ਨਿਕਲਦੇ। ਹੁਣ ਉਹਦੇ ਆਉਣ ਤੇ ਕੋਈ ਨਹੀਂ ਸੀ ਪੁੱਛਦਾ ਕਿ ਉਹਦਾ ਕੀ ਹਾਲ ਏ ? ਉਹ ਕਿੱਥੇ ਰਹਿੰਦਾ ਏ ? ਤੇ ਕਿਵੇਂ ਗੁਜ਼ਾਰਾ ਕਰਦਾ ਏ ?

"ਚਾਹ ਦਾ ਘੁੱਟ ਹੈ ਮਾਘੀ ਵਾਸਤੇ ? ਝਿਜਕੇ ਜਿਹੇ ਬਾਪੂ ਜੀ ਰਸੋਈ 'ਚ ਜਾ ਕੇ ਨੂੰਹ ਤੋਂ ਪੁਛਦੇ। ਬਿਨਾ ਕੁਝ ਜੁਆਬ ਦਿਤੇ ਨੂੰਹ ਅਗਲੇ ਅੰਦਰ ਚਲੀ ਜਾਂਦੀ। ਮਾਘੀ ਬੈਠਾ ਰਹਿੰਦਾ। ਕੋਲ ਹੀ ਸਾਰੇ ਰੋਟੀਆਂ ਖਾਈ ਜਾਂਦੇ, ਚਾਹਵਾਂ ਪੀਵੀ ਜਾਂਦੇ।

ਮੰਮੀ ਮੈਂ ਰੋਟੀ ਖਾਂਦਾ ਸਾਂ, ਬੁੱਢਾ ਮੇਰੇ ਵੱਲ ਈ ਵੇਖੀ ਜਾਏ। ਪੱਪੂ ਮਾਂ ਨੂੰ ਦੱਸਦਾ।

"ਆਹੋ ਮੰਮੀ ਪਰਸੋਂ ਮੈਂ ਖੀਰ ਪਿਆ ਖਾਂਦਾ ਸਾਂ ਐਵੇਂ ਅੱਖਾਂ ਪਾੜ ਪਾੜ ਵੇਖੀ ਜਾਏ।" ਨਿੱਕਾ ਰਾਜੂ ਵੱਡੇ ਦੀ ਗੱਲ ਵਿਚ ਕਟਦਿਆਂ ਦੱਸਦਾ।

ਹੁਣ ਉਹ ਕਾਫ਼ੀ ਵਡੇਰਾ ਤੇ ਕਮਜ਼ੋਰ ਹੋ ਚੁਕਾ ਸੀ। ਕਦੀ ਕਦਾਈਂ ਕਿਧਰੇ ਆ ਵੜਦਾ ਤਾਂ ਬਾਪੂ ਜੀ ਆਪਣੇ ਹੱਥ 'ਚ ਫੜਿਆ ਚਾਹ ਦਾ ਗਿਲਾਸ ਤੇ ਆਪਣੇ ਅੱਗੇ ਰੱਖੀ ਹੋਈ ਰੋਟੀ ਉਹਨੂੰ ਫੜਾ ਦੇਂਦੇ ਪਰ ਪੱਪੂ ਨੂੰ ਹੋਰ ਚਾਹ ਤੇ ਰੋਟੀ ਲਿਆਉਣ ਲਈ ਨਾਂ ਆਖਦੇ।

o o o

ਕਈਆਂ ਦਿਨਾਂ ਬਾਅਦ ਓਦਰ ਉਹ ਆਇਆ ਸੀ। ਉਹ ਅੱਗੇ ਨਾਲੋਂ ਊੜਿਆ ਹੋਇਆ ਤੇ ਕਮਜ਼ੋਰ ਲੱਗ ਰਿਹਾ ਸੀ। ਉਹਨੇ ਦੱਸਿਆ ਸੀ ਕਿ ਉਹਦੀਆਂ ਅੱਖੀਆਂ 'ਚ ਮੋਤੀਆ ਪਿਆ ਉਤਰਦਾ ਏ, ਉਹਨੂੰ ਅੱਗੇ ਨਾਲੋਂ ਘੱਟ ਦਿੱਸਦਾ ਏ ਤੇ ਉਹ ਪਰਸੋਂ ਦਾ ਭੁੱਖਾ ਏ। ਆਪਣੀ ਅਣਛੋਹੀ ਥਾਲੀ ਬਾਪੂ ਜੀ ਨੇ ਉਹਦੇ ਅੱਗੇ ਰੱਖ ਦਿੱਤੀ ਸੀ। ਉਹਨੇ ਵੀ ਅੱਗੇ ਵਾਂਗ ਅੱਗੋਂ ਕੋਈ ਨਾਂਹ ਨੁੱਕਰ ਨਹੀਂ ਸੀ ਕੀਤੀ। ਵੱਡੀਆਂ ੨ ਗ੍ਰਾਹੀਆਂ ਤਰੋੜਦਾ ਹੋਇਆ ਉਹ ਛੇਤੀ ਛੇਤੀ ਰੋਟੀ ਖਾਈ ਜਾ ਰਿਹਾ ਸੀ। ਫ਼ਿਰ ਕਿੰਨ੍ਹਾ ਚਿਰ ਹੀ ਉਹ ਇਕ ਦੂਜੇ ਨਾਲ ਹਉਕਿਆ ਵਰਗੀ ਜ਼ਬਾਨ 'ਚ ਗੱਲਾਂ ਕਰਦੇ ਰਹੇ ਸਨ ਜੋ ਕੋਸ਼ਿਸ਼ ਕਰਨ 'ਤੇ ਵੀ ਸੁਣੀਆਂ ਨਹੀਂ ਸਨ ਜਾਂਦੀਆਂ। ਹਵਾ ਦੇ ਇਕ ਤੇਜ਼ ਬੁੱਲੇ ਨਾਲ ਕਿੰਨੇ ਸਾਰੇ ਪੁਰਾਣੇ ਪੱਤੇ ਧਰੇਕ ਤੋਂ ਲੱਥ ਕੇ ਦੂਰ ਤੱਕ ਹਵਾ 'ਚ ਫੈਲ ਗਏ ਸਨ।

o o o

ਕਾਫ਼ੀ ਦਿਨਾਂ ਤੋਂ ਉਹ ਨਹੀਂ ਸੀ ਆਇਆ। ਬਾਪੂ ਹਰਾਂ ਦੇ ਆਪਣੇ ਗੋਡੇ ਵੀ ਕੁਝ ਵਧੇਰੇ ਦਰਦ ਲੱਗ ਪਏ ਸਨ ਇਸ ਕਰਕੇ ਉਹ ਵੀ ਉਹਦੀ ਕੋਠੜੀ 'ਚ ਨਹੀਂ ਸਨ ਜਾ ਸੱਕੇ।

ਫ਼ਿਰ ਕਈ ਮਹੀਨਿਆਂ ਬਾਅਦ ਅਚਾਣਕ ਉਹਦਾ ਆਉਣਾ ਸਾਰਿਆਂ ਨੂੰ ਅਜੀਬ ਜਿਹਾ ਲੱਗਾ ਸੀ। ਉਹਦੀ ਇਕ ਅੱਖ ਬੁਰੀ ਤਰ੍ਹਾਂ ਬੰਦ ਹੋ ਚੁਕੀ ਸੀ ਤੇ ਦੂਜੀ ਵਿੱਚੋਂ ਵੀ ਘੱਟ ਦਿੱਸਦਾ ਸੀ। ਬਾਪੂ ਜੀ ਤੇ ਭਰਾ ਨੇ ਉਸਨੂੰ ਸਮਝਾਇਆ ਸੀ ਕਿ ਉਹਨੂੰ ਹੁਣ ਆਪਣੀ ਧੀ ਕੋਲ ਚਲੇ ਜਾਣਾ ਚਾਹੀਦਾ ਸੀ। ਫ਼ਿਰ ਬਾਪੂ ਉਹਨੂੰ ਕਿੰਨਾ ਚਿਰ ਹੀ ਆਪਣੇ ਗੋਡਿਆਂ ਦੀ ਦਰਦ ਬਾਰੇ ਦੱਸਦੇ ਰਹੇ ਸਨ।

"ਗੁਰਨਾਮ ਸਿਹਾਂ ਜੇ ਇਹਦੀਆਂ ਅੱਖਾਂ ਵਿਖਾ ਲਿਆਵੇਂ ?" ਕੋਲੋਂ ਲੰਘਦੇ ਭਰਾ ਨੂੰ ਐਵੇਂ ਹੀ ਬਾਪੂ ਜੀ ਆਖ ਗਏ ਸਨ। ਰਤਾ ਤਾੜਵੀਆਂ ਨਜ਼ਰਾਂ ਨਾਲ ਬਾਪੂ ਜੀ ਵੱਲ ਵੇਖਦਾ ਹੋਇਆ ਭਰਾ ਚੁਪ-ਚਾਪ ਅੱਗੇ ਨੂੰ ਲੰਘ ਗਿਆ ਸੀ।

"ਮਾਘੀ ਅੰਨ੍ਹਾ ਹੋ ਗਿਆ ਏ।" ਗੋਹਾ ਲਾਹੁਣ ਆਏ ਬਾਬੇ ਗੇਂਦੇ ਨੇ ਦੱਸਿਆ ਸੀ। ਇਕ ਦੋ ਮਿੰਟ ਲਈ ਤਾਂ ਜਿਵੇਂ ਸਾਰਿਆਂ ਤੇ ਸੁੰਨਤਾ ਛਾ ਗਈ ਸੀ।

"ਧੀ ਸੂ, ਭਤੀਜੇ ਸੂ, ਉਹਨਾਂ ਦਾ ਵੀ ਕੁਝ ਲੱਗਦਾ ..।" ਛੇਤੀ ਨਾਲ ਮੌਕੇ ਨੂੰ ਸੰਭਾਲਦੀ ਹੋਈ ਭਾਬੀ ਕਹਿ ਗਈ ਸੀ।

o o o

ਮੱਥਾ ਟੇਕ ਕੇ ਵੱਡੇ ਗੁਰਦੁਆਰਿਓਂ ਪਰਤ ਰਹੀ ਸਾਂ ਠੇਡਾ ਖਾ ਕੇ ਅਚਾਣਕ ਕੋਈ ਡਿਗ ਪਿਆ ਸੀ, ਮਾਘੀ ਸੀ। ਇਕ ਦਮ ਅੱਗੇ ਵਧ, ਉਹਨੂੰ ਉਠਾ ਕੇ ਉਹਦੇ ਹੱਥ 'ਚ ਸੋਟੀ ਥਮ੍ਹਾਂਦੀ ਹੋਈ ਉਹਨੂੰ ਗੁਰਦਆਰੇ ਦੇ ਲੰਗਰ 'ਚ ਛੱਡ, ਬਿਨ ਬੋਲੇ ਕੂਏ ਪਿਛਾਂਹ ਪਰਤ ਆਈ ਸਾਂ।

o o o

ਬਾਪੂ ਦੇ ਗੋਡਿਆਂ ਦੀ ਪੀੜ ਹੁਣ ਕਾਫੀ ਵਧ ਗਈ ਏ। ਹਰ ਵੇਲੇ ਆਪ ਹੀ ਆਪਣੇ ਗੋਡਿਆਂ ਨੂੰ ਮਾਲਸ਼ ਕਰਦੇ ਰਹਿੰਦੇ ਹਨ। ਡਬੀ 'ਚੋਂ ਮੋਟੀਆਂ ਕਾਲੀਆਂ ਕਾਲੀਆਂ ਗੋਲੀਆਂ ਕੱਢ ਕੱਢ ਖਾਂਦੇ ਰਹਿੰਦੇ ਹਨ। ਗੋਡਿਆਂ ਨੂੰ ਹਰ ਵੇਲੇ ਕੰਬਲ ਨਾਲ ਢਕੀ ਰੱਖਦੇ ਹਨ ਤੇ ਗੱਲ ਗੱਲ ਨਾਲ, "ਇੰਨੀ ਨਿੱਕੀ ਜ਼ੁੰਘੀਐ...ਅਜ ਫਰੀਦੇ ਕੂਜੜਾ ਸੈ ਕੋਹਾਂ ਥੀਓਮ.. ।" ਦਾ ਸਲੋਕ ਉਚਾਰਦੇ ਰਹਿੰਦੇ ਹਨ। ਮਾਘੀ ਬਾਰੇ ਜੋ ਕੁਝ ਕੋਈ ਦੱਸਦਾ, ਸੁਣਦੇ ਰਹਿੰਦੇ ਹਨ, ਸੁਣ ਕੇ ਚੁੱਪ

ਜਿਹੇ ਹੋ ਜਾਂਦੇ ਹਨ ।

o o o

"ਹਾਏ ਭੂਆ ਜੀ ਵਿਚਾਰਾ ਆਪਣਾ ਮਾਘੀ ਬਾਬਾ ਹੱਥ ਅੱਡ ਅੱਡ ਲੋਕਾਂ ਕੋਲੋਂ ਪੈਸੇ ਮੰਗੀ ਜਾਏ.. !" ਵੱਡੇ ਗੁਰਦੁਆਰਿਓਂ ਸੰਗਰਾਂਦ ਦਾ ਮੇਲਾ ਵੇਖ ਕੇ ਆਏ ਪੱਪੂ ਨੇ ਤਰਸ ਦੀ ਮੂਰਤ ਬਣਦਿਆਂ ਦੱਸਿਆ ਸੀ ।

ਕਿੰਨੇ ਚਿਰ ਤੋਂ ਕਦੀ ਵੀ ਕੋਈ ਸਾਡੇ ਘਰ 'ਚ ਮਾਘੀ ਦੀ ਗੱਲ ਨਹੀਂ ਕਰਦਾ ।

[ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਵਲੋਂ ਛੱਪ ਰਹੀ ਪੁਸਤਕ 'ਭੱਖੜੇ ਦੇ ਫੁੱਲ' ਵਿਚੋਂ]

---

# ਤੈਨੂੰ ਚੰਦ ਦੀ ਮੈਂ ਸੈਰ ਕਰਾਵਾਂ

ਪ੍ਰੋ. ਭਾਰਦਵਾਜ

ਪ੍ਰੋ. ਭਾਰਦਵਾਜ, ਜੋ ਕੁਝ ਦੇਰ ਤੋਂ ਸਮਤਾ ਦੇ ਕਾਲਮਾਂ ਵਿਚ ਬਾਕਾਇਦਾ ਲਿਖ ਰਹੇ ਹਨ, ਦਾ ਕਹਿਣਾ ਹੈ ਕਿ ਲੋਕਾਂ ਨੂੰ ਉਹਨਾਂ ਦੀ ਸਧਾਰਣ ਜ਼ੁਬਾਨ ਵਿਚ ਦੇਸ਼ ਦੇ ਦਰਪੇਸ਼ ਮੱਸਲੇ ਸਮਝਾਏ ਜਾਣ, ਜੋ ਉਹਨਾਂ ਦੇ ਮੂੰਹ ਚੜ੍ਹਣ । ਇਕ ਵਾਰੀ ਲੋਕ ਇਹਨਾਂ ਮੱਸਲਿਆਂ, ਬਾਰੇ ਚੇਤੰਨ ਹੋਣਗੇ ਤਾਂ ਹੀ ਉਹ ਉਹਨਾਂ ਦੇ ਹਲ ਬਾਰੇ ਸੋਚਣਗੇ । ਉਹਨਾਂ ਦਾ ਕਹਿਣਾ ਹੈ ਕਿ ਮਾਰਕਸੀ ਚਿੰਤਕ ਪਹਿਲੇ ਪੜਾ ਤੋਂ ਲੰਘੇ ਬਗੈਰ ਦੂਜੇ ਪੜਾ ਵਲ, ਮਤਲਬ ਕਿ ਮਸਲੇ ਦੀਆਂ ਜਮਾਤੀ ਜੜ੍ਹਾਂ ਨੂੰ ਪਕੜਨ ਵਲ ਜਾਂਦੇ ਹਨ ਤੇ ਨਤੀਜੇ ਦੇ ਤੌਰ ਤੇ ਉਹਨਾਂ ਦੀ ਹਰ ਗੱਲ ਸਿਰਾਂ ਦੇ ਉਤੋਂ ਦੀ ਲੰਘ ਜਾਂਦੀ ਹੈ । ਪ੍ਰੋ. ਭਾਰਦਵਾਜ ਦੀ ਇਹ ਸੰਖੇਪ ਜਿਹੀ ਲੇਖਣੀ ਇਸੇ ਸ਼ੈਲੀ ਵਿਚ ਬੇਰੁਜ਼ਗਾਰੀ ਦੇ ਮੱਸਲੇ ਨੂੰ ਨਸ਼ਰ ਕਰਦੀ ਹੈ/ਸੰਪਾਦਕ

---

ਡਮ ! ਡਮ !! ਡਮ !!!
ਖੁਸ਼ਖਬਰੀ ! ਖੁਸ਼ਖਬਰੀ !! ਖੁਸ਼ਖਬਰੀ !!!
ਸੁਣੋ ! ਸੁਣੋ !! ਸੁਣੋ !!!
ਬੱਚੇ, ਬੁੱਢੇ ਤੇ ਨੌਜਵਾਨੋਂ ਸੁਣੋ
ਕਾਂਗੜੀ ਪਹਿਲਵਾਨੋਂ ਸੁਣੋ
ਆਪੋ ਆਪਣੇ ਘਰੀਂ ਜਾਓ
ਬੇਰੁਜ਼ਗਾਰਾਂ ਨੂੰ ਫੜ੍ਹਕੇ ਲਿਆਓ
ਉਨ੍ਹਾਂ ਦੀ ਹੈ ਕਤਾਰ ਬਨਾਉਣੀ
ਚੰਦਰਮਾ ਨੂੰ ਹੈ ਪੌੜੀ ਲਾਉਣੀ
ਇੰਦਰਾ ਦੇ ਗੱਦੀ ਤੇ ਬੈਠਣ ਸਾਰ,
'ਪੰਝੀ' ਲੱਖ ਸੀ ਬੇਰੁਜ਼ਗਾਰ ।
ਨਾਹਰਾ ਲਾਇਆ ਉਸ 'ਗਰੀਬੀ ਹਟਾਓ'
'ਟਿਊਨ' ਸੀ—ਭਾਂਡੇ, ਕਲੀ ਕਰਾਓ...
ਸਰਮਾਏਦਾਰਾਂ ਵਲ ਸੀ ਇਹ ਇਸ਼ਾਰਾ
ਪਾਲੇ ਛੜੇ (ਐਵੇਂ) ਜ਼ੋਰ ਲਾਂਦਿਆ ਸਾਰਾ
ਐਸੀ ਸਵੈਚਾਲਕਤਾ ਉਨ੍ਹਾਂ ਕੀਤੀ,
ਵੀਹਾਂ ਦੀ ਥਾਂ, ਇਕੋ ਲੀਤੀ !
ਐਸੇ ਉਹ ਕਮਪਿਊਟਰ ਲਿਆਏ,
ਬੀ. ਏ., ਐਮ. ਏ. ਵੀ ਘਰੀਂ ਬਠਾਏ !!
ਸਰਮਾਏਦਾਰੀ ਜਦ ਕੀਤੀ ਤਰੱਕੀ ਭਾਰੀ,
ਪਿਛੇ ਰਹਿੰਦੀ ਕਿਉਂ ਬੇਰੁਜ਼ਗਾਰੀ...?
ਪਹਿਲਾਂ, ਵੀਹ ਸਾਲੀ ਸੀ ਪੰਝੀ ਲੱਖ,
ਹੁਣ ਸਿਫਰ ਹੋਈ ਵੀਹਾਂ ਨਾਲੋਂ ਵੱਖ
ਦੋ-ਸਾਲੀ ਹੀ ਪੰਝੀ ਲੱਖ !
ਬਈ ਦੋ-ਸਾਲੀ ਹੀ ਪੰਝੀ ਲੱਖ !!
'ਸੱਤ-ਦੂਣੀ ਬਰਸ' ਰਾਜ ਮਾਈ ਕੀਤਾ
'ਸੱਤ-ਪੰਝੀਆਂ' ਹੀ ਜਨਮ ਹੋਰ ਲੀਤਾ
ਸੰਨ ਕਿਆਸੀ ਦੇ ਮੁਕਣ ਸਾਰ
ਕੁਲ "200 ਲੱਖ' ਸੀ ਬੇਰੁਜ਼ਗਾਰ
ਅਗਰ ਇਸੇ ਹਿਸਾਬ 'ਗਰੀਬੀ ਹਟਦੀ' ਰਹੀ
ਕੰਨ ਖੋਲ੍ਹਕੇ ਸੁਣ ਲਉ, ਭਾਰਦਵਾਜ ਦੀ ਕਹੀ
ਸੰਨ 1996 ਜਦ ਆਵੇਗਾ
ਮੋਢੇ ਇਕ ਦੂਜੇ ਦੇ ਚੜ੍ਹ ਕੇ
ਸੋਲ੍ਹਾਂ ਕਰੋੜ ਬੇਕਾਰਾਂ ਦਾ ਲੀਡਰ
ਚੰਦਰਮਾ ਤੇ ਪੁੱਜ ਜਾਵੇਗਾ
ਭਈ, ਚੰਦ ਤੇ ਪੁੱਜ... ... ...। o

ਨੋਟ—1. ਪਿਛਲੇ ਸਮੇਂ ਦੌਰਾਨ ਬੇਰੁਜ਼ਗਾਰੀ ਇਸ ਤਰ੍ਹਾਂ ਵਧ ਰਹੀ ਹੈ—

| | |
|---|---|
| 1966 | 25 ਲੱਖ |
| 1971 | 50 ਲੱਖ |
| 1976 | 100 ਲੱਖ |
| 1981 | 200 ਲੱਖ |

ਅਤੇ ਇਸੇ ਹਿਸਾਬ ਆਉਣ ਵਾਲੇ ਸਮੇਂ ਵਿਚ ਬੇਕਾਰੀ ਇੰਜ ਹੋਵੇਗੀ :

| | |
|---|---|
| 1986 | 400 ਲੱਖ |
| 1991 | 800 ਲੱਖ |
| 1996 | 1600 ਲੱਖ ਭਾਵ ਸੋਲ੍ਹਾਂ ਕਰੋੜ । |

ਚੰਦਰਮਾ ਸਾਥੋਂ 30 ਕਰੋੜ ਮੀਟਰ ਦੂਰ ਹੈ ।

ਨੋਟ—2. ਇਹ ਅੰਕੜੇ ਕੇਵਲ ਪੜ੍ਹੇ-ਲਿਖੇ ਬੇਰੁਜ਼ਗਾਰਾਂ ਬਾਬਤ ਹੀ ਹਨ ਜਿਨ੍ਹਾਂ ਨੇ ਆਪਣੇ ਨਾਉਂ ਬੇਕਾਰ ਦਫਤਰਾਂ ਵਿਚ ਦਰਜ ਕਰਵਾਏ ਹਨ—ਵੇਖੋ ਅੰਕੜਾਸਾਰ ਇੰਡੀਆ–1981 ਸਫ਼ਾ 392 । ਅਸਲੀ ਪੇਂਡੂ-ਸ਼ਹਿਰੀ ਬੇਰੁਜ਼ਗਾਰੀ ਇਸ ਤੋਂ ਵੀ ਤਿਗੁਣੀ ਹੈ !!!

## ਇਹ ਹਮਾਰਾ ਜੀਵਣਾ/ਗੁਰਸ਼ਰਨ ਸਿੰਘ

### 1. ਰਾਜਸੀ ਲਹਿਰ ਦੀ ਕਵਿਤਾ :

ਰਾਜਸੀ ਲਹਿਰਾਂ ਨਾਲ ਸਬੰਧਤ ਸਾਹਿਤ ਪੰਜਾਬੀ ਸਾਹਿਤ ਵਿਚ ਇਕ ਵਿਸ਼ੇਸ਼ ਥਾਂ ਰਖਦਾ ਹੈ। ਗ਼ਦਰ ਲਹਿਰ ਲਈ ਸਾਡੇ ਅਨੇਕਾਂ ਕਵੀਆਂ ਨੇ ਕਵਿਤਾ ਅਤੇ ਗੀਤਾਂ ਤੋਂ ਲੈਕੇ ਕਵੀਸ਼ਰੀਆਂ ਲਿਖੀਆਂ। ਪਿਛਲੇ ਦਹਾਕੇ ਵਿਚ ਨਕਸਲਬਾੜੀ ਲਹਿਰ ਤੋਂ ਪ੍ਰਭਾਵਤ ਬਹੁਤ ਸਾਹਿਤ ਤੇ ਵਿਸ਼ੇਸ਼ ਕਰਕੇ ਕਵਿਤਾ ਲਿਖੀ ਗਈ ਜਿਸਦੀ ਪਛਾਣਲਈ ਉਸਨੂੰ ਜੁਝਾਰ ਕਵਿਤਾ ਦਾ ਨਾਂਦਿਤਾ ਗਿਆ। ਵਿਸ਼ੇਸ਼ ਸਮੇਂ ਲਿਖੀ ਗਈ ਕਵਿਤਾ ਲਹਿਰਾਂ ਦੇ ਰੌਂ ਨੂੰ ਜਾਨਣ ਦਾ ਇਕ ਸਾਧਨ ਹੋ ਜਾਂਦੀ ਹੈ। ਇਸ ਪ੍ਰਸੰਗ ਵਿਚ 'ਸਮਤਾ' ਦੇ 1981-82 ਅੰਕ ਵਿਚ ਛਪੀ ਕਵਿਤਾ ਕ੍ਰਾਂਤੀਕਾਰੀ ਲਹਿਰ ਦੇ ਰੌਂ ਤੇ ਇਕ ਚਾਨਣ ਪਾਉਂਦੀ ਹੈ।

ਮੁਕਤੀ ਦਾ ਰਾਹ ਇਕ ਲੰਮਾ ਸਫ਼ਰ ਹੈ। ਤੁਰਦੇ ਤੁਰਦੇ ਰਾਹੀ ਕਈ ਵਾਰ ਥੱਕ ਜਾਂਦੇ ਹਨ। ਉਸ ਵੇਲੇ ਦੋਸਤ ਸ਼ਿਕਵਾ ਕਰਦੇ ਹਨ :

—ਮੇਰੇ ਯਾਰਾ
ਮੈਂ ਇਕ ਪਲ ਤੈਨੂੰ ਮੁਖ਼ਾਤਬ ਹਾਂ।
ਘੜੀ ਮੁੜੀ ਉਤਰ ਆਂਦਾ ਹੈ
ਮੇਰੇ ਜ਼ਹਿਨ 'ਚ...
ਤੇਰਾ ਕਾਫਲੇ ਤੋਂ ਵਿਛੜ ਜਾਣ ਦਾ ਸਵਾਲ
ਸੋਚਦਾ ਹਾਂ ਤੇਰੀ ਉਸ ਨਿੱਘੀ ਸੋਚ ਦਾ ਕੀ ਬਣਿਆ
ਜਿਸਦੇ ਤੂੰ ਦਾਅਵੇ ਕਰਿਆ ਕਰਦਾ ਸੈਂ
ਕਿ ਇਹ ਠਰਨ ਨਹੀਂ ਦੇਵੇਗੀ
ਸਿਆਲ ਮਹੀਨੇ ਸੜਕ ਕੰਢੇ ਵਿਲਕਦੇ ਬਲੂਰ।

(ਪਰਮਜੀਤ ਦਹਿਲ 'ਇਕ ਪਲ' ਸਮਤਾ '81)

—ਯਾਰਾਂਨੇ ਸ਼ਿਕਵਾ ਕੀਤਾ,ਪਰ ਨਾਲ ਹੀ ਆਪਣੇ ਸਾਥੀ ਨੂੰ ਪਰਤਨ ਲਈ ਆਖਿਆ ਕਿਉਂਕਿ ਪਿੱਠ ਦੇਣ ਦਾ ਰਾਹ ਖੁਦਕਸ਼ੀ ਦਾ ਰਾਹ ਹੈ।

—ਆ, ਏਧਰ ਪਰਤ ਆ
ਭਟਕਦਾ, ਖਾਲ੍ਹੀ, ਉਜੜਿਆ,
ਕਾਲਾ, ਰਾਹ ਖੁਦਕਸ਼ੀ ਦਾ
ਏਸ 'ਤੇ ਨਾ ਪੈਰ ਧਰ।
ਭਰੀਆਂ ਸਭਾਵਾਂ 'ਚ ਲੈਕੇ
ਜ਼ਿੰਦਗੀ ਤੋਂ ਬਖਸ਼ਿਸ਼ਾਂ
ਹੰਢੇ ਹੋਏ ਮੱਗ਼ਰ, ਬੇਈਮਾਨ ਦੇ ਵਾਂਗੂੰ
ਭਰ ਚੁਰਾਹੇ ਰਿਹਾ ਮੁੱਕਰ।
ਜ਼ਿੰਦਗੀ ਦੀਆਂ ਸੱਚੀਆਂ ਸੁਣਕੇ
ਘੁੱਟ ਗਲ, ਮਾਰਨ ਦਾ ਝੱਲ,
ਛਡ, ਤੇ ਆ ਮੁੜ ਚੱਲ
ਵੇਸਵਾ ਦੀ ਸ਼ਰਮ ਵਰਗਾ ਰਾਹ ਹੈ ਖੁਦਕਸ਼ੀ ਦਾ।

(ਦਰਸ਼ਨ ਖਟਕੜ 'ਖੁਦਕਸ਼ੀ' ਸਮਤਾ ਅਕਤੂਬਰ 81)

ਲਹਿਰ ਦੇ ਪ੍ਰਸੰਗ ਵਿਚ ਸੋਚਦਿਆਂ ਇਹ ਵੀ ਮਾਯੂਸੀਹੋਈ ਕਿ ਸਹੀ ਰਾਹ ਕਿਹਦੇ ਕੋਲ ਹੈ ?

—ਚੌਰਾਹੇ 'ਤੇ ਖੜੇ ਸਾਂ ਤਿਹਾਏ
ਖਾਲ੍ਹੀ ਘੜੇ ਲੈਕੇ
ਪਾਣੀ ਦੀ ਭਾਲ ਵਿਚ ਨਿਕਲੇ ਸਾਂ...
...ਕਿਸੇ ਕਿਹਾ
'ਪਾਣੀ ਖੱਬੇ ਹੱਥ ਹੈ'—
ਗਏ
ਤੇ ਨੌਂ ਝੰਡੇ ਗਡੇ ਸਨ
ਹਰ ਝੰਡੇ ਤੇ ਲਿਖਿਆ ਸੀ
ਪਾਣੀ ਮੇਰੇ ਹਥ ਹੈ
ਦਿਸ਼ਾ ਸਭ ਦੀ ਖੱਬੀ ਸੀ—
—ਅਸੀਂ ਪਰਤ ਆਏ
ਸੁਕੇ ਤੇ ਖਾਲੀ ਘੜੇ ਲੈ ਕੇ
ਉਸ ਚੌਰਾਹੇ ਤੇ...
ਕਦੀ ਸੋਚਿਆ ਵੀ ਨਹੀਂ ਸੀ
ਕਿ ਪਾਣੀ ਦੀ ਨਿਰਮਲ ਧਾਰਾ ਵਿਚ
ਏਨੇ ਵੰਦ ਫੰਦ ਹੁੰਦੇ ਹਨ।
ਖੂਹਾਂ ਦੇ ਵੀ ਮੰਸਦ ਹੁੰਦੇ ਹਨ।

(ਪ੍ਰੀਤਮ ਬੇਲੀ 'ਖਬਾ ਖੂਹ' ਸਮਤ ਦਸੰਬਰ 81)

—ਸਰਗ੍ਰਰਮ ਕੇਡਰ ਨੂੰ ਲੀਡਰ ਸ਼ਿਪ ਨਾਲ ਗਿਲਾ ਹੋਇਆ ਕਿ ਉਹ ਲੋਕਾਂ ਦੇ ਮੱਸਲਿਆਂ ਵਲ ਘਟ ਧਿਆਨ ਦੇਂਦੇ ਹਨ ਤੇ ਸਿਧਾਂਤਕ ਬਹਿਸਾਂ ਵਿਚ ਬਹੁਤਾ ਸਮਾਂ ਗੁਜ਼ਾਰਦੇ ਹਨ।

—ਅਜ ਕਲ ਅਸੀ ਬੜੇ ਬਿਜ਼ੀ ਹਾਂ
ਜਦੋਂ ਸਾਨੂੰ ਥੋੜਾ ਜਿਹਾ ਸਮਾਂ ਵੀ ਮਿਲਿਆ,
'ਅਸੀਂ' ਤੁਹਾਨੂੰ ਜ਼ਰੂਰ ਮਿਲਾਂਗੇ।
ਅਜ ਕਲ ਅਸੀ ਬਿਜ਼ੀ ਹਾਂ.
—ਸਾਨੂੰ ਦਲੀਲਾਂ ਸਾਹਿਤ ਸ਼ਾਬਤ ਕਰਨਾ ਪੈ ਰਿਹਾ ਹੈ
ਦੁਨੀਆਂ ਦਾ ਸਭ ਤੋਂ ਸਾਮਰਾਜੀ ਮੁਲਕ ਕੌਣ ?
—ਤੇ ਸਭ ਤੋਂ ਵਡਾ ਕੰਮ ਅਜਕਲ੍ਹ
ਸਾਨੂੰ ਕਰਨਾ ਪੈ ਰਿਹਾ ਹੈ, ਉਹ ਹੈ—
ਇਕ ਗਰੁੱਪ ਵਲੋਂ ਦੂਜੇ ਨੂੰ ਕੀਤੀ ਏਕਤਾ ਦੀ
ਅਪੀਲ ਦੇ ਠੋਕਵੇਂ ਜੁਆਬ,

(ਮਹਿੰਦਰ ਭੱਠਲ 'ਸਾਂਝਾ ਬਿਆਨ' ਸਮਤਾ ਮਾਰਚ 82)

—ਸਥਾਪਤ ਲੀਡਰਸ਼ਿਪ ਤੋਂ ਕੇਂਡਰ ਬਗ਼ਾਵਤ ਕਰਦਾ ਹੈ ਤਾਂ ਲੀਡਰਸ਼ਿਪ ਦਾ ਹਿਮੈਤੀ ਉਹਨਾਂ ਤੇ ਤੀਰ ਕਸਦਾ ਹੈ ਤੇ ਉਹਨਾਂ ਦੇ ਦਾਅਵਿਆਂ ਉਤੇ ਵਿਅੰਗ ਕਰਦਾ ਹੈ।

...ਤੇ ਅਸੀ ਕੇਂਦਰੀ ਕਾਨਫਰੰਸ ਵਿਚੋਂ
ਬਾਹਰ ਆ ਕੇ ਕਿੱਲ੍ਹ ਕਿੱਲ੍ਹ ਕੇ

ਮੁੱਖ ਇਕ ਵਿਰੋਧਤਾਈ ਲੱਭੀ ਹੈ
ਤੇ ਇਹ ਮੁੱਖ ਵਿਰੋਧਤਾਈ
ਇਨੋਕਲਾਬ ਤੇ ਜੰਗ ਵਿਚ ਲੱਭੀ ਹੈ
ਜੋ ਦੋ ਦਰਜਨ ਅੰਤਰ ਰਾਸ਼ਟਰੀ
ਇਨਕਲਾਬੀ ਪਾਰਟੀਆਂ ਦਾ ਪਹਿਲੋਂ ਹੀ ਫਤਵਾ ਹੈ।
ਬਸ ਹੁਣ ਜੰਗ ਛਿੜੀ।
ਅਸੀਂ ਸੱਚੀਉਂ ਇਨਕਲਾਬੀ ਘੋਲ ਨੂੰ
ਤਿੱਖੀ ਪਾਣ ਚਾੜ੍ਹ ਲੁਟੇਰਿਆਂ ਨੂੰ ਉਲਟਾ ਮਾਰਨਾ ਹੈ।
ਤੇ ਸਰਮਾਏਦਾਰੀ ਦੀ ਮੁੜ ਬਹਾਲੀ ਦਾ ਵੱਡਾ ਖਤਰਾ
ਜਿਸ ਤੋਂ ਸਟਾਲਿਨ ਤੇ ਮਾਓ ਵੀ ਨਾ ਬਚ ਸਕੇ
ਅਸੀਂ ਸੱਚੀਉਂ ਖਤਮ ਕਰ ਦੇਣਾ ਹੈ।
ਅਸੀਂ ਕੋਈ ਵੀ ਅਮਲ ਖਾੜਕੂ ਵਿਰਸੇ ਤੋਂ ਕਰਦੇ ਹਾਂ।
ਅਤੇ ਖੋਟ ਰਲਣ ਤੋਂ ਕੋਹਾਂ ਦੂਰ ਭੱਜਦੇ ਹਾਂ।
ਫਾਸਿਜ਼ਮ ਵਿਰੋਧੀ ਮੋਰਚਾ
ਦਾਮਿੱਤਰੋਵ, ਲੈਨਿਨ ਤੇ ਮਾਓ ਦਾ
ਸੋਧਵਾਦੀ ਰੋਣਾ ਹੀ ਸੀ।
ਅਸੀ ਤੱਤੇ ਇਨਕਲਾਬੀ
ਸੋਧਵਾਦ ਨੂੰ ਭਾਜੜਾਂ ਪਾ ਦਿਆਂਗੇ
ਮੈਦਾਨੇ-ਏ-ਜੰਗ ਸਿਰ ਕਟਾ ਦਿਆਂਗੇ।
(ਜਸਵਿੰਦਰ ਗਿਲ 'ਬੇਸਿਰਾ ਤਰਕ'
ਸਮਤਾ ਮਈ 1982)

ਕੋਈ ਸਾਥੀ ਮਾਯੂਸ ਹੋ ਕੇ ਥੋੜੀ ਦੇਰ ਸਾਹ ਲੈਂਦਾ ਹੈ। ਉਹਦੇ ਬਾਰੇ ਕਿਹਾ ਜਾਂਦਾ ਹੈ ਕਿ ਉਹਦੀ ਸਿਆਸੀ ਮੌਤ ਹੋ ਗਈ ਹੈ ਤੇ ਉਹਦਾ ਪ੍ਰਤੀਕਰਮ ਆਂਦਾ ਹੈ :

—ਹਾਂ ਤੇ ਦੋਸਤੋ ਯਕੀਨ ਕਰੋ
ਅਜੇ ਉਹ ਸਿਰ ਤੋਂ ਪੈਰਾਂ ਤੱਕ ਜਿਉਂਦਾ ਹੈ।
ਲਾਲ ਸੁਰਖ ਲਹੂ ਚੋਂ
ਸੁਰਖੀ ਜਾਂਦੀ ਰਹੇ
ਤਾਂ ਤੁਸੀਂ ਉਹਨੂੰ ਠੰਡਾ ਕਹੋਗੇ ?
ਉਹ ਮੈਲਾ ਕੁਚੈਲਾ ਸੋਨਾ,
ਕੱਚੇ ਜੌਹਰੀਆਂ ਦੀਆਂ ਨਜ਼ਰਾਂ 'ਚ
ਨਿਰਾ ਪਿੱਤਲ ਹੈ।
ਆਪਣੀਆਂ ਅੱਖਾਂ ਤੇ ਛਿੱਟੇ ਮਾਰਕੇ
ਜਾਂ ਐਨਕ ਦਾ ਨੰਬਰ ਬਦਲਕੇ
ਉਹਦੀ ਨਬਜ਼ ਫੜੋ
ਉਹਦੇ ਅੰਦਰ ਝਾਕੋ
ਉਹਦੇ ਚਾਨਣ ਤੋਂ ਪਰਦਾ ਉਠਾਓ
ਉਹ ਜਗਮਗਾਏਗਾ।
ਤੁਸੀਂ ਬਾਂਹ ਫੜਕੇ ਉਠਾਉਗੇ
ਤਾਂ ਉਹ ਦੱਬੀ ਚਿਣਗ ਨੂੰ
ਪੂਰੇ ਰੋਹ ਨਾਲ ਮਘਾਕੇ
ਤੁਹਾਡੇ ਨਾਲ ਤੁਰ ਪਏਗਾ।
(ਜਸਵਿੰਦਰ 'ਉਹ ਜਿਉਂਦਾ ਹੈ' ਸਮਤਾ ਜੂਨ 1982)

ਪਰ ਇਸ ਮਾਯੂਸੀ ਵਿਚ ਵੀ ਲੜਨ ਦੀ ਪ੍ਰੇਰਨਾ ਜਾਂ ਲੜਨ ਦਾ ਇਰਾਦਾ ਪ੍ਰਧਾਨ ਸੁਰ ਹੈ।

—ਜੇਕਰ, ਇੰਝ ਬੀਤਦੇ ਜਾਣਾ ਹੀ ਜ਼ਿੰਦਗੀ ਹੈ :
ਕਿ ਆਓ, ਗ਼ਮ ਉਠਾਓ ਤੇ ਪਰਤ ਜਾਓ
ਤਾਂ ਸਾਰਥਿਕਤਾ ਦਾ ਤਮਗਾ
ਕਿਹੜੀ ਰੁੱਤ ਦੇ ਗਲ ਬੰਨਾਂਗੇ ?
—ਸੋ ਆਓ, ਕਿ ਪਰਤ ਜਾਣ ਤੋਂ ਪਹਿਲਾਂ
ਗੁਮਨਾਮ ਜਿਹੀ ਮੌਤ ਮਰੀਏ—
ਆਪਣਾ ਸੀਸ, ਆਪਣੀ ਖੱਬੀ ਤਲੀ ਉਤੇ ਧਰੀਏ
ਸੱਜੀ ਮੁੱਠ ਵਿਚ, ਦੋ ਧਾਰੀ ਸ਼ਮਸ਼ੀਰ ਛਡੀਏ
ਤੇ ਹੋ ਜਾਈਏ ਉਸ ਯੁੱਧ ਵਿਚ ਸ਼ੁਮਾਰ
ਜਿਹੜਾ ਰੱਜੇ ਦਾਨਵਾਂ ਤੇ ਭੁੱਖੇ ਦੇਵਤਿਆਂ ਵਿਚਕਾਰ
ਅੰਨਤ ਕਾਲ ਤੋਂ ਛਿੜਿਆ ਹੋਇਐ
ਕਿਉਂਕਿ ਪਰਤਨਾ ਤਾਂ ਆਖਰ ਹੈ ਹੀ
ਪਰ ਇੰਜ
ਪਿੱਠ 'ਚ ਲਗਨ ਵਾਲੇ ਜ਼ਖ਼ਮ ਤੋਂ ਤਾਂ
ਘਟੋ ਘੱਟ ਹੋ ਜਾਵਾਂਗੇ ਸੁਰਖ਼ਰੂ।
(ਜਗਰੂਪ ਸਿੰਘ ਰੂਪ—'ਕਵਿਤਾ' ਜੂਨ 1981)

ਇਹੋ ਹੀ ਸੁਰ ਹੋਰ ਅਗੇ ਤੁਰਦਾ ਹੈ, ਜਦੋਂ ਕਵੀ ਸੁਆਲ ਕਰਦਾ ਹੈ—ਕੀ ਸੰਘਰਸ਼ ਮੁੱਕ ਗਿਆ ? ਕੀ ਲੜਾਈ ਦਾ ਅਧਾਰ ਮੁੱਕ ਗਿਆ ? ਨਹੀਂ। ਦੁਸ਼ਮਣ ਦਾ ਵਾਰ ਤਾਂ ਜਾਰੀ ਹੈ। ਇਸ ਲਈ ਅਸੀਂ ਖਲੋਤੇ ਨਹੀਂ ਰਹਿ ਸਕਦੇ !

—ਕੀ ਸੋਚਦੇ ਹੋ ?
ਤੁਹਾਡੇ ਪਾਸ ਗਵਾਉਣ ਲਈ ਕੀ ਹੈ ?
ਭੁੱਖ ਨੰਗ, ਬੇਪਤੀ ਤੇ ਗੰਦਗੀ ਹੀ ਨਾ।
ਉਤਰੀ ਆਇਰਲੈਂਡ ਦੇ 'ਮੇਜ਼'
ਤੇ ਈਰਾਨ ਦੇ 'ਈਵਿਨ'
ਜੇਹਲਖਾਨਿਆਂ ਵਿਚ ਲੋਕ ਯੋਧੇ ਕਤਲ ਹੋਏ ਨੇ।
ਤੁਹਾਡੇ ਤਾਂ ਹਰ ਕਿਰਤੀ ਦੇ ਮੰਨ ਅੰਦਰ
ਇਕ ਜੇਹਲਖਾਨਾ ਹੈ—
ਜਿਥੇ ਹੈ ਉਹ ਰੋਜ਼ ਫਾਂਸੀ ਚੜ੍ਹਦਾ
ਪਰ ਫੇਰ ਵੀ ਨਹੀਂ ਮਰਦਾ।
ਚਿਲੀ ਦੇ ਡਾਸੂ ਟਾਪੂ ਵਿਚ
ਇਨਕਲਾਬੀ ਮਾਰੇ ਗਏ ਨੇ।
ਤੁਹਾਡੇ ਤਾਂ ਹਰ ਵਿਹੜਾ
ਕਾਲੇ ਪਾਣੀ ਦਾ ਟਾਪੂ ਹੈ।
ਰੋਜ਼ ਕਿਤੇ ਨਾ ਕਿਤੇ
ਜਲ੍ਹਿਆਂ ਵਾਲਾ ਵਾਪਰਦਾ ਹੈ।...
ਰੁਦਨ ਕਰਨ ਦਾ ਹਾਲੀ ਮੌਕਾ ਨਹੀਂ
ਤੁਰਨ ਦਾ ਮੌਕਾ ਅੱਜ ਹੈ, ਹੁਣੇ ਹੈ

ਸ਼ਹੀਦੀ ਦਾ ਕੋਈ ਸਮਾਂ ਨਿਸ਼ਚਿਤ ਨਹੀਂ ਹੁੰਦਾ
ਸ਼ਹੀਦੀ ਨਹੀਂ ਉਡੀਕਦੀ ਕਿਸੇ ਸ਼ੁਮਾਰ ਨੂੰ
ਸ਼ਹੀਦੀ ਨਹੀਂ ਜਾਣਦੀ ਕਿਸੇ ਯਾਦਗਾਰ ਨੂੰ
ਤੁਰਨ ਦਾ ਮੌਕਾ ਅਜ ਹੈ ਹੁਣੇ ਹੈ
ਖ਼ੂਨ ਦੀ ਨਦੀ ਤਾਂ ਬੂਹੇ ਉਤੇ ਆਣ ਪੁੱਜੀ ਹੈ।
(ਹਮਦਰਦਵੀਰ ਨੌਸ਼ਹਿਰਵੀ 'ਖ਼ੂਨ ਦੀ ਨਦੀ' ਸਮਤਾ ਸਤੰਬਰ 81)

ਲੜਨ ਲਈ ਵੰਗਾਰ ਹੈ। ਕਵੀ ਅੰਤਮ ਜਿਤ ਵਿਚ ਵਿਸ਼ਵਾਸ਼ ਪਰਗਟ ਕਰਦਾ ਹੈ! ਅਜ ਦੇ ਨਾਇਕ ਨੂੰ ਕਿਸਾਨੀ ਬਗ਼ਾਵਤ ਦੇ ਨਾਇਕ ਦੁੱਲੇ ਦਾ ਪ੍ਰਤੀਕ ਦੇਂਦੇ ਹੋਏ ਕਵੀ ਕਹਿੰਦਾ ਹੈ :

—ਦੁੱਲਾ ਜਰ ਨਹੀਂ ਸਕਦਾ—ਮੰਡੀਆਂ ਦੇ ਆੜਤੀਆਂ ਨੂੰ
ਜੋ ਓਲੀਆਂ 'ਚ ਹਸਦੇ ਸਰ੍ਹੋਂ ਦੇ ਮਾਸੂਮ ਫੁੱਲਾਂ ਨੂੰ
ਤਕਦੇ ਨੇ ਲਲਸਾਈ ਨਜ਼ਰੇ...
ਦੁੱਲਾ ਪਿੰਡੀਓਂ ਤੁਰ ਪਿਆ ਹੈ
ਤੇ ਮੌਤ ਵੀ ਕਹਿੰਦੇ ਅਗੇ ਖੜੀ ਹੈ
ਪਰ ਇਹ ਕੋਈ ਜ਼ਰੂਰੀ ਨਹੀਂ
ਕਿ ਹਰ ਵਾਰ ਮੌਤ ਹੀ ਜਿੱਤੇ
ਜਿੱਤ ਦੁੱਲੇ ਦੀ ਵੀ ਲਿਖੀ ਹੈ
ਇਤਿਹਾਸ ਦੇ ਕਿਸੇ ਪੰਨੇ ਤੇ।
(ਧਰਮ ਕੰਮੇਆਣਾ 'ਦੁੱਲਾ ਪਿੰਡੀਓਂ ਤੁਰ ਪਿਆ' ਸਮਤਾ ਜਨਵਰੀ 1982)

ਅਤੀਤ ਤੋਂ ਸਿਖਦਿਆਂ, ਵਿਸ਼ਵਾਸ਼ ਨੂੰ ਅਕੀਦੇ ਦੇ ਤੌਰ ਤੇ ਅਪਣਾਉਂਦਿਆਂ ਧਰਤੀ ਦੇ ਪੁਤਾਂ ਨੇ ਮੁਕਤੀ ਦਾ ਸੰਘਰਸ਼ ਲੜਣਾ ਹੈ।

—ਮਾਂ! ਇਹ ਤੇਰੇ ਪੁਤ ਤੇਰੀ ਸੁੱਚੀ ਇਬਾਰਤ ਤੇ
ਪਹਿਰਾ ਦੇਣ ਦੀ ਅਣਖੀਲੀ ਸਹੁੰ ਹਨ
ਚਾਨਣ ਦੇ ਜੁਗਨੂੰ—ਕਿਸੇ ਜੁਗ ਗਰਦੀ ਦੇ ਪ੍ਰਤੀਕ ਹਨ।
ਮਾਂ! ਤੇਰੇ ਇਹ ਪੁਤ
ਤੇਰੀ ਮੁਕਤੀ ਦੀ ਤਹਿਰੀਕ ਹਨ।
(ਸੁਰਜੀਤ ਬਰਾੜ-'ਮਾਂ ਨਾਲ ਦੋ ਗਲਾਂ' ਸਮਤਾ ਸਤੰਬਰ 1981)

ਕਵਿਤਾ ਦਾ ਇਹ ਮੰਥਨ ਦਸਦਾ ਹੈ ਕਿ ਮੁਕਤੀ ਦਾ ਰਾਹ ਔਖਾ ਰਾਹ ਹੈ ਪਰ ਰਾਹ ਤੇ ਚਲੇ ਬਗ਼ੈਰ ਕੋਈ ਚਾਰਾ ਵੀ ਨਹੀਂ। ਵਕਤੀ ਤੌਰ ਤੇ ਵਿਸ਼ਵਾਸ਼ ਥਿੜਕ ਵੀ ਜਾਂਦੇ ਹਨ। ਆਵਾਜ਼ ਆਂਦੀ ਹੈ ਇਹ ਤਾਂ ਸਭ ਕੁਝ ਇਸ ਤਰ੍ਹਾਂ ਹੀ ਚਲਣਾ ਹੈ, ਅਸੀ ਹੀ ਕਿਉਂ ਸੀਸ ਤੱਲੀ ਤੇ ਰਖੀਏ ? ਪਰ ਜਦੋਂ ਆਪਣੀ ਆਤਮਾ ਦੇ ਰੁਬਰੂ ਹੋਈਦਾ ਹੈ ਤਾਂ ਆਵਾਜ਼ ਆਂਦੀ ਹੈ ਕਿ ਇੰਜ ਬੀਤਦੇ ਜਾਣਾ ਵੀ ਜ਼ਿੰਦਗੀ ਨਹੀਂ। ਲਹੂ ਦੀ ਨਦੀ ਸਿਰ ਤੇ ਖੜੀ ਹੈ। ਕੀ ਹੋਇਆ ਜੇ ਕੋਈ ਹਾਰ ਹੋ ਗਈ ਹੈ, ਇਤਿਹਾਸ ਤੇ ਪੰਨੇ ਤੇ ਅੰਤਮ ਜਿਤ ਸਾਡੀ ਹੀ ਲਿਖੀ ਹੈ, ਇਹ ਸਾਡਾ ਵਿਸ਼ਵਾਸ਼ ਹੈ। ਸਾਡਾ ਹੀ ਰਾਹ ਮੁਕਤੀ ਦਾ ਰਾਹ ਹੈ। ਸਾਡੀ ਹੀ ਤਹਿਰੀਕ ਮੁਕਤੀ ਦੀ ਤਹਿਰੀਕ ਹੈ। ਕਵਿਤਾ ਦਾ ਇਹ ਮੰਥਨ ਸਾਡੇ ਸਮੇਂ ਦੀ ਸਹੀ ਆਵਾਜ਼ ਹੈ।

## 2. ਕਥਾ ਕੁਲਵੰਤ ਸਿੰਘ ਦੀ ਜੋ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ

ਇਕ ਬੁੱਢਾ ਬਾਬਾ ਲੋਕਾਂ ਨੂੰ ਸੰਬੋਧਨ ਹੈ :

ਮੈਂ ਇਤਹਾਸ ਹਾਂ, ਮੈਨੂੰ ਤਜਰਬਾ-ਏ-ਵਕਤ ਵੀ ਕਹਿੰਦੇ ਹਨ ਤੇ ਸਮੇਂ ਦੀ ਆਵਾਜ਼ ਵੀ ਕਹਿੰਦੇ ਹਨ। ਮੈਂ ਤੁਹਾਨੂੰ ਇਕ ਕਥਾ ਸੁਣਾਨਾ ਵਾਂ, ਮੇਰੀ ਕਥਾ ਦੇ ਪਾਤਰ ਹਨ, ਦੱਦਾ ਸਿੰਘ ਜੋ ਇਸ ਸੂਬੇ ਦੇ ਮੁਖ ਮੰਤਰੀ ਨੇ, ਜ਼ਜ਼ਾ ਸਿੰਘ ਜੋ ਕੇਂਦਰੀ ਮੰਤਰੀ ਨੇ, ਵਡਾ ਪੁਲਸ ਅਫ਼ਸਰ ਹੈ, ਇਕ ਹੋਰ ਪੁਲਸ ਅਫਸਰ ਹੈ ਤੇ ਜਿਸ ਤਰ੍ਹਾਂ ਹਰ ਇਕ ਕਥਾ ਵਿਚ ਹੁੰਦਾ ਹੈ, ਲੋਕ ਵੀ ਇਸ ਕਥਾ ਦੇ ਪਾਤਰ ਹਨ ਤੇ ਇਹ ਕਥਾ ਹੈ ਇਕ ਕੁਲਵੰਤ ਸਿੰਘ ਦੀ ਜੋ ਇਕ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ। ਕਥਾ ਸ਼ੁਰੂ ਹੁੰਦੀ ਹੈ, ਜਦੋਂ ਪੱਟੀ ਵਿਚ ਕੁਝ ਹਥਿਆਰਬੰਦ ਲੋਕਾਂ ਦੇ ਹਥੋਂ ਤਿੰਨ ਸਾਧਾਰਨ ਸ਼ਹਿਰੀ ਥਾਂ ਤੇ ਮਾਰੇ ਜਾਂਦੇ ਹਨ ਅਤੇ ਕੁਝ ਜ਼ਖ਼ਮੀ ਹੁੰਦੇ ਹਨ। ਦੱਦਾ ਸਿੰਘ, ਇਕ ਪੁਲਸ ਅਫਸਰ ਨਾਲ ਗੱਲ ਕਰ ਰਿਹਾ ਹੈ।

—ਐਸ.ਐਸ.ਪੀ ਸਾਹਿਬ, ਪੱਟੀ ਵਾਲੀ ਘਟਨਾ ਬਾਰੇ ਤੁਹਾਡੇ ਕੀ ਵਿਚਾਰ ਨੇ ?
—ਬੜੇ ਵਿਚਾਰ ਨੇ ਜੇਨਾਬ।
—ਕੀ ਵਿਚਾਰ ਨੇ ?
—ਜੋ ਤੁਹਾਡੇ ਵਿਚਾਰ ਨੇ ਜਨਾਬ।
—ਮੇਰਾ ਤਾਂ ਕੋਈ ਵਿਚਾਰ ਨਹੀਂ।
—ਫੇਰ ਮੇਰਾ ਵੀ ਕੋਈ ਵਿਚਾਰ ਨਹੀਂ ਜਨਾਬ।
—ਹੁਣੇ ਤੂੰ ਕਹਿ ਰਿਹਾ ਸੀ, ਤੇਰੇ ਬੜੇ ਵਿਚਾਰ ਨੇ।
—ਘਟਨਾ ਹੀ ਐਸੀ ਹੈ ਜਨਾਬ, ਜਿਸ ਬਾਰੇ ਬੜੇ ਵਿਚਾਰ ਹੋ ਸਕਦੇ ਨੇ ਤੇ ਕੋਈ ਵੀ ਵਿਚਾਰ ਨਹੀਂ ਹੋ ਸਕਦਾ।
—ਮੈਂ ਸਮਝਿਆ ਨਹੀਂ।
—ਜਨਾਬ ਅਸੀਂ ਇਨਸਾਨ ਵੀ ਹਾਂ ਤੇ ਸਰਕਾਰੀ ਨੌਕਰ ਵੀ। ਇਨਸਾਨ ਦੇ ਨਾਤੇ ਸਾਡੇ ਬੜੇ ਵਿਚਾਰ ਹੋ ਸਕਦੇ ਨੇ ਤੇ ਸਰਕਾਰੀ ਨੌਕਰ ਹੋਣ ਦੇ ਨਾਤੇ ਸ਼ਾਡਾ ਕੋਈ ਵਿਚਾਰ ਅਪਣਾ ਨਹੀਂ ਹੋ ਸਕਦਾ।
—ਪਰ ਮੈਂ ਇਸ ਖੇਡ ਤੋਂ ਤੰਗ ਆ ਗਿਆ ਹੈ।
—ਅਸੀਂ ਤਾਂ ਜਨਾਬ ਤੁਹਾਡੇ ਤੋਂ ਪਹਿਲੇ ਤੰਗ ਪਏ ਹਾਂ।
—ਸ਼ਰੇਆਮ ਕੁਝ ਲੋਕ ਆਂਦੇ ਹਨ, ਬਾਜ਼ਾਰ ਵਿਚ ਗੋਲੀ ਚਲਾਂਦੇ ਹਨ ਪੁਲਸ ਦਾ ਥਾਨਾ ਨਾਲ ਹੁੰਦਾ ਹੈ, ਮੌਕੇ ਤੇ ਕੋਈ ਪਕੜਿਆ ਨਹੀਂ ਜਾਂਦਾ ਤੇ ਨਾ ਹੀ ਕੋਈ

ਕਾਤਲਾਂ ਦਾ ਪਿਛਾ ਕਰਦਾ ਹੈ।
—ਜਨਾਬ ਸਾਨੂੰ ਹਿਦਾਇਤਾਂ ਨੇ ਕਿ ਮੌਕੇ ਤੇ ਕੋਈ ਨਾ ਪਕੜੋ।
—ਕਿਦੀਆਂ ਹਿਦਾਇਤਾਂ ਨੇ ?
—ਜਨਾਬ ਇਹੀ ਤਾਂ ਪਤਾ ਨਹੀਂ ਚਲਦਾ ਕਿ ਹਿਦੈਤਾਂ ਕਿਦੀਆਂ ਨੇ।
—ਵਡਾ ਵਜ਼ੀਰ ਮੈਂ ਵਾਂ।
—ਇਸ ਵਿਚ ਕੋਈ ਸ਼ੱਕ ਨਹੀਂ ਜਨਾਬ।
—ਮੈਂ ਕੋਈ ਹਿਦੈਤ ਨਹੀਂ ਦਿਤੀ।
—ਇਹੋ ਤਾਂ ਹੈਰਾਨੀ ਏ ਜਨਾਬ ਕਿ ਤੁਸੀਂ ਕੋਈ ਹਿਦੈਤ ਦੇਂਦੇ ਹੀ ਨਹੀਂ।
—ਕਿਆ ਮਜ਼ਾਕ ਏ।
—ਮਜ਼ਾਕ ਹੀ ਇਹੋ ਵੇ ਜਨਾਬ। ਪੰਜਾਬ ਸਾਰਾ ਸੜਦਾ ਪਿਆ ਏ ਤੇ ਇਹ ਪਤਾ ਨਹੀਂ ਲਗਦਾ ਕਿ ਹਿਦੈਤਾਂ ਕਿਥੋਂ ਆਂਦੀਆਂ ਨੇ।
—ਇਹ ਜ਼ਜ਼ਾ ਸਿੰਘ ਬੜਾ ਮਾਂ ਦਾ...
—ਉਹ ਤਾਂ ਹੈ ਹੀ ਏ ਜਨਾਬ।
—ਕੀ ਏ ?
—ਮਾਂ ਦਾ ਲਾਡਲਾ ਏ ਜਨਾਬ।
—ਕਿਹੜੀ ਮਾਂ ?
—ਜਿਹੜੀ ਤੁਹਾਡੀ ਵੀ ਮਾਂ ਏ ਤੇ ਉਹਦੀ ਵੀ ਮਾਂ ਏ ਜੀ।
—ਮਾਂ ਨੇ ਉਹਨੂੰ ਬੜਾ ਸਿਰ ਚੜ੍ਹਾਇਆ ਹੋਇਆ ਏ।
—ਵੱਡਾ ਪੁੱਤਰ ਜੋ ਹੋਇਆ ਜਨਾਬ।
—ਫੇਰ ਵੀ ਅਸੀਂ ਮੁੱਖ ਵਜ਼ੀਰ ਹਾਂ।
—ਇਸ ਵਿਚ ਕੀ ਸ਼ੱਕ ਏ ਜਨਾਬ।
—ਫੇਰ ਸਾਡੀ ਹਿਦੈਤ ਏ ਕਿ ਕਾਤਲਾਂ ਨੂੰ ਪਕੜਿਆ ਜਾਏ
—ਉਹ ਤਾਂ ਫੜੇ ਨਹੀਂ ਜਾ ਸਕਦੇ ਜਨਾਬ
—ਫੇਰ ਹੋਰ ਕਿਸੇ ਨੂੰ ਫੜ ਲਵੋ ਤੇ ਏਲਾਨ ਕਰ ਦੇਵੋ ਕਿ ਕਾਤਲ ਫੜੇ ਗਏ, ਨਹੀਂ ਤਾਂ ਲੋਕ ਕਹਿਣਗੇ ਸਰਕਾਰ ਕੁਝ ਨਹੀਂ ਕਰ ਰਹੀ।
—ਹਾਂ ਜਨਾਬ ਸਰਕਾਰ ਨੂੰ ਕੁਝ ਤਾਂ ਕਰਨਾ ਹੀ ਚਾਹੀਦਾ ਹੈ।
—ਪ੍ਰੈਸ ਵਾਲਿਆ ਨੂੰ ਬੁਲਾਓ।
—ਕੀ ਕਹਿਣਾ ਏ ਜਨਾਬ ?
—ਉਹਨਾਂ ਨੂੰ ਆਖੋ ਸਰਕਾਰ ਕੁਝ ਕਰ ਰਹੀ ਹੈ।
—ਜੀ ਜਨਾਬ ਮੈਂ ਪ੍ਰੈਸ ਵਾਲਿਆਂ ਨੂੰ ਕਹਿ ਦੇਣਾ ਹਾਂ ਕਿ ਸਰਕਾਰ ਕੁਝ ਕਰ ਰਹੀ ਹੈ।
—ਅੱਛਾ ਮੈਂ ਹੁਣ ਚਲਨਾਂ ਹਾਂ
—ਜੈ ਹਿੰਦ ਜਨਾਬ
—ਜੈ ਹਿੰਦ।

ਢੱਦਾ ਸਿੰਘ ਤੇ ਪੁਲਸ ਅਫਸਰ ਸਾਹਿਬ ਚਲੇ ਜਾਂਦੇ ਹਨ ਤੇ ਬਾਬਾ ਕੱਥਾ ਅਗੋਂ ਸ਼ੁਰੂ ਕਰਦਾ ਹੈ:

—ਤੇ ਸਰਕਾਰ ਨੇ ਕੁਝ ਕੀਤਾ। ਸਰਕਾਰ ਜਦੋਂ ਵੀ ਕੁਝ ਕਰਦੀ ਏ, ਉਹ ਖਾਕੀ ਵਰਦੀ ਵਾਲਿਆਂ ਦੇ ਸਿਰ ਤੇ ਹੀ ਕਰਦੀ ਏ। ਬੰਦਾ ਮਰਵਾਉਣ ਤੋਂ ਲੈ ਕੇ ਲੋਕਾਂ ਨੂੰ ਲਾਠੀਆਂ ਨਾਲ ਕੁੱਟਣ ਤਕ ਦਾ ਸਭ ਕੰਮ ਖਾਕੀ ਵਰਦੀ ਵਾਲਿਆਂ ਦੇ ਸਿਰ ਤੇ ਹੀ ਕਰਦੀ ਏ। ਖ਼ਾਕੀ ਵਰਦੀ ਵਾਲਿਆਂ ਦੀ ਵੀ ਆਪਣੀ ਥਾਂ ਵੱਖ ਵੱਖ ਵਫਾਦਾਰੀ ਹੁੰਦੀ ਏ। ਹੁਣ ਤੁਹਾਨੂੰ ਜ਼ਜ਼ਾ ਸਿੰਘ ਤੇ ਉਹਦੇ ਵਫਾਦਾਰ ਪੁਲਸ ਅਫਸਰ ਨਾਲ ਮਿਲਾਂਦੇ ਹਾਂ।

(ਜ਼ਜ਼ਾ ਸਿੰਘ ਤੇ ਪੁਲਸ ਅਫਸਰ ਆਂਦਾ ਹੈ)

—ਕੁਝ ਕੀਤਾ ?
—ਬੜਾ ਕੁਝ ਕੀਤਾ ਜਨਾਬ।
—ਕੀ ਕੀਤਾ ?
—ਬੰਦੇ ਦੋ ਫੜ ਲਏ ਜਨਾਬ।
—ਕਿਹੜੇ ਦੋ ਬੰਦੇ ?
—ਕੋਈ ਦੋ ਬੰਦੇ।
—ਪਰ ਉਹਨਾਂ ਵਿਚ ਖਾਸ ਗਲ ਕੀ ਸੀ ?
—ਉਹਨਾਂ ਦੇ ਦਾੜ੍ਹੇ ਰਖੇ ਹੋਏ ਸਨ ਤੇ ਪਗਾਂ ਕਾਲੀਆਂ ਸਨ ਜਨਾਬ।
—ਪਰ ਕੀ ਉਹਨਾਂ ਦਾ ਪੱਟੀ ਦੇ ਹਾਦਸੇ ਨਾਲ ਕੋਈ ਤੁਅਲਕ ਹੈ ?
—ਨਹੀਂ ਤੁਅਲਕ ਤਾਂ ਤੁਅਲਕ ਬਣਾ ਲਵਾਂਗੇ ਜਨਾਬ।
—ਉਹ ਕਿਸ ਤਰ੍ਹਾਂ ?
—ਉਹਨਾਂ ਨੂੰ ਕੁੱਟੀ ਜਾਵਾਂਗੇ ਜਨਾਬ।
—ਕੀ ਇਹਦੇ ਨਾਲ ਰੌਲਾ ਵਧੇਗਾ ?
—ਵੱਧ ਵੀ ਸਕਦਾ ਏ ਜਨਾਬ।
—ਠੀਕ ਏ ਰੌਲਾ ਵਧਨਾ ਹੀ ਚਾਹੀਦੈ।
—ਮੈਂ ਸਮਝਿਆ ਨਹੀਂ ਜਨਾਬ।
—ਜੇ ਰੌਲਾ ਵਧੇਗਾ ਤਾਂ ਹੀ ਢੱਦਾ ਸਿੰਘ ਗੱਦੀਓਂ ਲਥੇਗਾ।
—ਅਛਾ ਏਹ ਖੇਡ ਏ ਜਨਾਬ ?
—ਤੂੰ ਸਾਡੀ ਖੇਡ ਨਹੀਂ ਸਮਝਦਾ।
—ਫਿਰ ਸਮਝਾ ਦੇਵੋ ਜਨਾਬ।
—ਸਮੇਂ ਸਿਰ ਸਮਝਾ ਦੇਵਾਂਗੇ। ਹਾਂ ਇਹ ਕੁਲਵੰਤ ਸਿੰਘ ਬਖਸ਼ੀਸ਼ ਸਿੰਘ ਜੋ ਵੀ ਇਹਨਾਂ ਦਾ ਨਾਂ ਏ, ਇਹ ਜੀਂਦੇ ਪੁਲਸ ਹਿਰਾਸਤ 'ਚ ਬਾਹਰ ਨਹੀਂ ਜਾਣੇ ਚਾਹੀਦੇ।

—ਇਹਦੇ ਨਾਲ ਕੀ ਹੋਵੇਗਾ ਜਨਾਬ ?
—ਬੜਾ ਕੁਝ ਹੋਵੇਗਾ ।
—ਮਾਰਨ ਦਾ ਕਿਹੜਾ ਤਰੀਕਾ ਵਰਤਿਆ ਜਾਏ ਜਨਾਬ ?
—ਇਹ ਵੀ ਹੁਣ ਕੋਈ ਦਸਣ ਵਾਲੀ ਗਲ ਏ ? ਪੁਲਸ ਮੁਕਾਬਲਾ ਅਜ਼ਮਾਇਆ ਹੋਇਆ ਤਰੀਕਾ ਏ । ਨੱਕਸਲੀਆਂ ਵੇਲੇ ਵੀ ਬੜਾ ਕਾਮਯਾਬ ਸੀ ਤੇ ਹੁਣ ਵੀ ਕਾਮਯਾਬ ਹੋਵੇਗਾ
—ਠੀਕ ਏ ਜਨਾਬ
—ਹਾਂ ਇਸਨੂੰ ਹੋਰ ਅੱਸਲੀ ਬਨਾਉਣ ਲਈ ਜੇ ਇਕ ਅੱਧ ਪੁਲਸ ਸਿਪਾਹੀ ਵੀ ਮਾਰਨਾ ਪਵੇ ਤਾਂ ਮਾਰ ਦੇਣਾ ।
—ਪੁਲਸ ਸਿਪਾਹੀ ਜਨਾਬ ?
—ਹਾਂ ਪੁਲਸ ਸਿਪਾਹੀ ਤੇ ਨਾਲ ਹੀ ਉਹਦੀ ਵਿਧਵਾ ਨੂੰ 20,000/– ਦਾ ਇਨਾਮ ਤੇ ਹੋਰ ਗੁਜ਼ਾਰਾ ਪੈਨਸ਼ਨ ਆਦਿਕ ਦੀਆਂ ਸਹੂਲਤਾਂ ਦਾ ਐਲਾਨ ਕਰ ਦੇਣਾ ।
—ਠੀਕ ਹੈ ਹਜ਼ੂਰ ।
—ਜਿਸ ਤਰ੍ਹਾਂ ਮੈਂ ਕਿਹਾ ਹੈ, ਕੰਮ ਉਸੇ ਤਰ੍ਹਾਂ ਹੋਣਾ ਚਾਹੀਦੈ । ਹਾਂ ਤੇ ਜਦੋਂ ਇਹ ਸਭ ਕਾਰਵਾਈ ਹੋ ਰਹੀ ਹੋਵੇਗੀ, ਸਾਨੂੰ ਦਿਲ ਦਾ ਦੌਰਾ ਪਿਆ ਹੋਵੇਗਾ ।
—ਦਿਲ ਦਾ ਦੌਰਾ ਜਨਾਬ ?
—ਘਬਰਾ ਨਹੀਂ, ਇਹ ਦਿਲ ਦਾ ਦੌਰਾ ਉਨ੍ਹਾਂ ਹੀ ਅਸਲੀ ਹੋਵੇਗਾ ਜਿਨਾਂ ਅਸਲੀ ਤੇਰਾ ਪੁਲਸ ਮੁਕਾਬਲਾ ਹੋਵੇਗਾ ।
—ਪਰ ਜਨਾਬ ?
—ਪਰ ਪੁਰ ਕੁਝ ਨਹੀਂ, ਇਹ ਦਿਲ ਦੇ ਦੌਰੇ, ਇਹ ਪੁਲਸ ਮੁਕਾਬਲੇ ਸਿਆਸਤ ਦੀ ਖੇਡ ਨੇ, ਪਰ ਤੂੰ ਹਾਲੇ ਨਹੀਂ ਸਮਝੇਂਗਾ ।
—ਮੈਂ ਕੁਝ ਕੁਝ ਸਮਝ ਰਿਹਾ ਹਾਂ ਜਨਾਬ ।
—ਬਸ ਸਮਝਣ ਦੇ ਯਤਨ ਜਾਰੀ ਰਖ ਤੇ ਹੁਣ ਚਲ ।
—ਜੈ ਹਿੰਦ ਜਨਾਬ ।
—ਜੈ ਹਿੰਦ ।

(ਪਹਿਲੇ ਪੁਲਸ ਅਫ਼ਸਰ ਤੇ ਫੇਰ ਜ਼ੁਝਾ ਸਿੰਘ ਹਨ । ਬਾਬਾ ਫੇਰ ਸੰਬੋਧਨ ਕਰਦਾ ਹੈ)

—ਅਖਬਾਰ ਦੀ ਸੁਰਖੀ ਆਈ । ਮੁਲਜ਼ਮ ਦੇ ਢਿਡ ਪੀੜ ਸੀ । ਦੋ ਸਿਪਾਹੀ ਉਸਨੂੰ ਹਸਪਤਾਲ ਲਿਜਾ ਰਹੇ ਸਨ । ਮੁਲਜ਼ਮ ਉਹਨਾਂ ਦੀ ਹਿਰਾਸਤ ਵਿਚੋਂ ਨਿਕਲ ਗਿਆ । 40,000 ਰੁਪਏ ਦਾ ਇਸ਼ਤਿਹਾਰੀ ਮੁਲਜ਼ਮ ਦੋ ਸਿਪਾਹੀਆਂ ਦੀ ਹਿਰਾਸਤ ਵਿਚੋਂ ਨਿਕਲ ਗਿਆ । ਨਾਲ ਦੋ ਬਿਆਨ ਹੋਰ ਆਏ, ਇਕ ਧਿਰ ਵਲੋਂ ਇਹ ਬਿਆਨ ਆਇਆ ਕਿ ਕੁਲਵੰਤ ਸਿੰਘ ਪੁਲਸ ਹਿਰਾਸਤ ਵਿਚ ਮਾਰ ਦਿਤਾ ਗਿਆ ਹੈ, ਅਦਾਲਤੀ ਜਾਂਚ ਫੌਰਨ ਹੋਣੀ ਚਾਹੀਦੀ ਹੈ, ਦੂਜੀ ਧਿਰ ਨੇ ਮੰਗ ਕੀਤੀ ਦੱਦਾ ਸਿੰਘ ਗੱਦੀ ਛੱਡੇ । ਜਜ਼ਾ ਸਿੰਘ ਰੰਗੀ ਹੋਈ ਕਾਲੀ ਦਾੜ੍ਹੀ ਵਿਚੋਂ ਚਿੱਟੇ ਦੰਦ ਕੱਢਦਾ ਹੈ । ਹੁਣ ਦੱਦਾ ਸਿੰਘ ਕਾਬੂ ਆਇਆ ਹੈ... ਇਕ ਨੌਜਵਾਨ ਮੇਰੇ ਕੋਲ ਆਂਦਾ ਹੈ
—ਬਾਬਾ ਜੀ, ਇਹ ਪੜ੍ਹਿਆ ਜੇ ?
—ਕੀ ?
—ਕੁਲਵੰਤ ਸਿੰਘ ਵੱਲਾ ਦੇ ਨੇੜੇ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ ਏ ।
—ਅੱਛਾ ਲਾਸ਼ ਨੂੰ ਅਗਲਿਆਂ ਫੇਰ ਮਾਰ ਦਿਤਾ ?
—ਲਾਸ਼ ਨੂੰ ?
—ਹਾਂ ਲਾਸ਼ ਨੂੰ । ਵੱਲੇ ਲਿਜਾਕੇ ਬਾਂਸਾਂ ਨਾਲ ਖੜਾ ਕਰਕੇ ਉਹਦੀ ਛਾਤੀ ਵਿਚੋਂ ਦੋ ਗੋਲੀਆਂ ਲੰਘਾਈਆਂ ਗਈਆਂ ਤੇ ਉਥੇ ਜਿਹੜੇ ਛੇਕ ਹੋਏ, ਉਹਨਾਂ ਵਿਚ ਦੋ ਬੋਤਲਾਂ ਤਾਜ਼ੇ ਖੂਨ ਦੀਆਂ ਡੋਲ੍ਹ ਦਿਤੀਆਂ, ਪ੍ਰੈਸ ਨੂੰ ਦਿਖਾਉਣ ਲਈ ।
—ਪਰ ਬਾਬਾ ਜੀ ਤੁਹਾਨੂੰ ਕਿਸ ਤਰ੍ਹਾਂ ਪਤਾ ਏ ?
—ਪੁਤਰ ! ਇਹਨਾਂ ਅੱਖਾਂ ਨਾਲ ਬੜਾ ਕੁਝ ਵੇਖਿਆ ਏ । ਇਹ ਕਾਨੂੰਨ ਦੇ ਰਖਵਾਲਿਆਂ ਦੇ ਪੁਰਾਣੇ ਦਸਤੂਰ ਨੇ । ਇਹ ਤਰੀਕੇ ਇਹਨਾਂ ਦੇ ਇਕ ਅਫਸਰ ਨੇ ਈਜਾਦ ਕੀਤੇ ਸਨ ।
—ਕਿਹੜੇ ਅਫਸਰ ਨੇ ਬਾਬਾ ਜੀ ?
—ਜਿਸਨੇ ਪ੍ਰਤਾਪ ਸਿੰਘ ਕੈਰੋਂ ਦੇ ਕਾਤਲ ਨੂੰ ਨਿਪਾਲ ਬਾਰਡਰ ਤੇ ਫੜਨ ਦਾ ਡਰਾਮਾ ਕੀਤਾ ਸੀ ।
—ਕਿਹੜਾ ਡਰਾਮਾ ?
—ਸੁੱਚਾ ਸਿੰਘ ਨੂੰ ਫੜਿਆ ਉਹਦੇ ਘਰ ਤੋਂ ਤੇ ਨਿਪਾਲ ਬਾਰਡਰ ਤੇ ਲਿਜਾ ਕੇ ਗਿਰਫਤਾਰੀ ਉਥੋਂ ਦੀ ਪਾ ਦਿਤੀ । ਕਹਾਣੀ ਇਹ ਬਣਾਈ ਕਿ ਕਾਤਲ ਨਿਪਾਲ ਬਾਰਡਰ ਕਰਾਸ ਕਰਨ ਲਗਾ ਸੀ ਤੇ ਜਾਂ ਬਾਜ਼ ਪੁਲਸ ਅਫਸਰ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਉਹਨੂੰ ਐਨ ਬਾਰਡਰ ਦੀ ਲਕੀਰ ਤੇ ਜਾ ਦਬੋਚਿਆ ।
—ਹੁਣ ਕੀ ਹੋਵੇਗਾ ਬਾਬਾ ਜੀ ।
—ਬੜਾ ਕੁਝ ਹੋਵੇਗਾ ।

(ਨੌਜਵਾਨ ਜਾਂਦਾ ਹੈ । ਬਾਬਾ ਅਪਣੀ ਕਥਾ ਜਾਰੀ ਰਖਦਾ ਹੈ)

—ਤੇ ਬੜਾ ਕੁਝ ਹੋਇਆ । ਪੁਲਸ ਵਾਲਿਆਂ ਨੇ ਲਾਸ਼ ਦਾ ਪੋਸਟਮਾਰਟਮ ਕਰਵਾਇਆ । ਡਾਕਟਰਾਂ ਨੂੰ ਉਤੋਂ ਹਿਦੇਤ ਆ ਗਈ ਕਿ ਪੋਸਟ ਮਾਰਟਮ ਦੀ ਰੀਪੋਰਟ ਉਸੇ ਤਰ੍ਹਾਂ ਦੀ ਹੋਵੇ ਜਿਸ ਤਰ੍ਹਾਂ ਪੁਲਸ ਵਾਲਿਆਂ ਦੀ ਕਹਾਣੀ ਹੈ । ਪੋਸਟ ਮਾਰਟਮ ਹੋ ਹੋ ਗਿਆ ਹੈ । ਮਰਨ ਵਾਲੇ ਦੇ ਵਾਰਸ ਸਸਕਾਰ ਲਈ ਉਹਦੀ ਲਾਸ਼ ਮੰਗਦੇ ਹਨ, ਪੁਲਸ ਵਾਲੇ

ਇਤਰਾਜ਼ ਕਰਦੇ ਹਨ।

(ਭੀੜ ਦੀਆਂ ਆਵਾਜ਼ਾਂ ਤੇ ਪੁਲਸ ਅਫ਼ਸਰ ਦੀ ਅਵਾਜ਼)

—ਸਾਨੂੰ ਲਾਸ਼ ਦਿਤੀ ਜਾਏ।

—ਨਹੀਂ ਲਾਸ਼ ਦਾ ਸਸਕਾਰ ਪੁਲਸ ਦੀ ਨਿਗਰਾਨੀ ਵਿਚ ਹੋਵੇਗਾ ਕਿਉਂਕਿ ਇਹ ਅਮਨ ਕਾਨੂੰਨ ਦਾ ਮਾਮਲਾ ਏ।

—ਤੁਸੀਂ ਅਮਨ ਕਾਨੂੰਨ ਦੇ ਮਾਮੇ ਲਗਦੇ ਹੋ ?

—ਹਾਂ ਅਸੀਂ ਮਾਮੇ ਹੀ ਹਾਂ।

—ਫੇਰ ਅਸੀਂ ਵੀ ਇਹ ਥਾਂ ਘੇਰੀ ਹੋਈ ਹੈ। ਚਲਾ ਲਵੋ ਗੋਲੀਆਂ, ਸਾਡੀਆਂ ਲਾਸ਼ਾਂ ਉਤੋਂ ਦੀ ਹੀ ਇਹ ਲਾਸ਼ ਬਾਹਰੋਂ ਲਿਜਾਈ ਜਾ ਸਕਦੀ ਹੈ।

—ਕਾਨੂੰਨ ਨੂੰ ਆਪਣੇ ਹੱਥ ਨਾ ਲਵੋ।

—ਜੇ ਤੁਸੀਂ ਇਹ ਲਾਸ਼ ਚੋਰੀ ਇਥੋਂ ਲੈ ਕੇ ਗਏ ਤਾਂ ਸਾਨੂੰ ਤੁਹਾਡੀਆਂ ਲਾਸ਼ਾਂ ਇਸ ਦੀ ਥਾਂ ਲਿਜਾਣੀਆਂ ਪੈਣਗੀਆਂ।

(ਬਾਬਾ ਫੇਰ ਸੰਬੋਧਨ ਕਰਦਾ ਹੈ)

—ਤੇ ਇਹ ਲਾਸ਼ ਲੋਕਾਂ ਨੇ ਹਾਸਿਲ ਕੀਤੀ। ਪੂਰੀ ਤਿਆਰੀ ਨਾਲ ਇਹਦਾ ਸਸਕਾਰ ਕੀਤਾ ਗਿਆ। ਸਸਕਾਰ ਵਾਲੀ ਥਾਂ ਲੋਕ ਪੂਰੇ ਰੋਹ ਵਿਚ ਸਨ। ਗਲਾਂ ਗਲਾਂ ਵਿਚ ਵਜ਼ੀਰਖ਼ਾਨ ਦਾ ਜ਼ਿਕਰ ਆ ਰਿਹਾ ਸੀ; ਜਿਸ ਨੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਬੱਚਿਆਂ ਨੂੰ ਨੀਹਾਂ ਵਿਚ ਚਿਣਵਾਇਆ ਸੀ ਤੇ ਗੱਲ ਬੰਦੇ ਬਹਾਦਰ ਤਕ ਵੀ ਜਾਂਦੀ ਸੀ, ਜਿਸ ਨੇ ਵਜ਼ੀਰ ਖਾਨ ਤੋਂ ਬਦਲਾ ਲਿਆ ਸੀ।

(ਲੋਕਾਂ ਵਿਚੋਂ ਇਕ ਵਿਅਕਤੀ ਬਾਬੇ ਨਾਲ ਗੱਲ ਕਰਦਾ ਹੈ)

—ਪਰ ਬਾਬਾ ਜੀ, ਜਿਹੜੇ ਪੱਟੀ ਮਾਰੇ ਗਏ, ਉਹ ਵੀ ਕਿਸੇ ਬਾਪ ਦੇ ਪੁੱਤਰ ਸਨ, ਕਿਸੇ ਮਾਂ ਦੇ ਜਾਏ ਸਨ।

—ਪਰ ਭਲਿਆਂ ਲੋਕਾਂ, ਕੀ ਦਦਾ ਸਿੰਘ ਜਾਂ ਉਹਦੀ ਪਾਰਟੀ ਵਾਲੇ ਯਕੀਨ ਨਾਲ ਕਹਿ ਸਕਦੇ ਨੇ ਕਿ ਕੁਲਵੰਤ ਸਿੰਘ ਉਹਨਾਂ ਕਾਤਲਾਂ ਵਿਚੋਂ ਇਕ ਹੈ ? ਨਿਆਂ ਦੇ ਸਾਰੇ ਅਦਾਰੇ ਇਹਨਾਂ ਦੇ ਅਪਣੇ ਹੁੰਦਿਆਂ ਹੋਇਆਂ ਵੀ ਇਹ ਨਿਰਨਾ ਕਰਨ ਵਾਲੇ ਆਪ ਕਿਉਂ ਹੋ ਗਏ ਨੇ। ਇਸ ਤਰ੍ਹਾਂ ਦੀ ਹਰ ਇਕ ਮੌਤ ਮਰਨ ਵਾਲਿਆਂ ਦੇ ਵਾਰਸਾਂ ਲਈ ਇਕ ਚੈਲਿੰਜ ਹੈ।

—ਪਰ ਬਾਬਾ ਜੀ, ਜਿਹੜੇ ਅਜ ਇਸਨੂੰ ਚੈਲਿੰਜ ਕਹਿ ਰਹੇ ਸਨ, ਜੀ ਇਹਨਾਂ ਨੇ ਅਪਣੇ ਰਾਜ ਵਿਚ ਇਸ ਤਰ੍ਹਾਂ ਨੌਜਵਾਨਾਂ ਨੂੰ ਕਤਲ ਨਹੀਂ ਕਰਵਾਇਆ ਸੀ ?

—ਹਾਂ ਇਹ ਤਾਂ ਠੀਕ ਹੈ।

—ਜਿਹੜੇ ਹੁਣ ਜੁਡੀਸ਼ਲ ਜਾਂਚ ਦੀ ਮੰਗ ਕਰ ਰਹੇ ਹਨ, ਉਹਨਾਂ ਨੇ ਪੁਲਸ ਅਫਸਰਾਂ ਦੀ ਰਾਖੀ ਕੀਤੀ ਸੀ। ਹਰ ਕਿਸਮ ਦੀ ਜੁਡੀਸ਼ਲ ਜਾਂਚ ਨੂੰ ਰੱਦ ਕੀਤਾ ਸੀ, ਇਥੋਂ ਤਕ ਤਾਰਕੁੰਡੇ ਵਰਗੇ ਮੰਨੇ ਹੋਏ ਜੱਜਾਂ ਦੀ ਜਾਂਚ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਸੀ।

—ਹਾਂ ਇਸ ਵਿਚ ਕੀ ਸ਼ੱਕ ਏ।

—ਇਤਿਹਾਸ ਇਹਨਾਂ ਦੇ ਮੂੰਹ ਤੇ ਚਪੇੜ ਮਾਰ ਰਿਹਾ ਹੈ ਬਾਬਾ ਜੀ।

—ਹਾਂ ਭਲਿਆ ਲੋਕਾ, ਸ਼ਾਇਦ ਇਹ ਕੁਝ ਸਬਕ ਸਿਖਣ। ਪਰ ਇਹ ਸਿਖਣ ਜਾਂ ਨਾ ਸਿਖਣ, ਲੋਕਾਂ ਨੂੰ ਜ਼ਰੂਰ ਚਾਹੀਦਾ ਹੈ। ਵਾਪਰ ਰਹੀ ਹਰ ਘਟਨਾ ਦੀ ਨਿਖੇਧੀ ਜ਼ਰੂਰੀ ਹੈ, ਪੱਟੀ ਦੇ ਤਿੰਨ ਸ਼ਹਿਰੀਆਂ ਦਾ ਮਾਰਿਆ ਜਾਣਾ ਵੀ ਸਖਤ ਤੋਂ ਸਖਤ ਸ਼ਬਦਾਂ ਵਿਚ ਨਿੰਦਣਯੋਗ ਹੈ ਤੇ ਕੁਲਵੰਤ ਸਿੰਘ ਦਾ ਪੁਲਸ ਦੇ ਹੱਥੋਂ ਇਸ ਤਰ੍ਹਾਂ ਮਾਰਿਆ ਜਾਣਾ ਵੀ।

—ਬਾਬਾ ਜੀ, ਲੋਕ ਕਦੋਂ ਸਿਖਣਗੇ, ਉਹ ਤੇ ਹਰ ਇਕ ਘਟਨਾ ਨੂੰ ਆਪਣੀਆਂ ਹੀ ਪੱਖਵਾਦੀ ਐਨਕਾਂ ਨਾਲ ਵੇਖਦੇ ਹਨ।

—ਕਿੰਨਾਂ ਚਿਰ ਦੇਖਦੇ ਰਹਿਣਗੇ। ਪੰਜਾਬ ਦੱਦਾ ਸਿੰਘ, ਜਜ਼ਾ ਸਿੰਘ, ਨੀਲੀਆਂ ਕਾਲੀਆਂ, ਚਿਟੀਆਂ ਪੀਲੀਆਂ ਪੱਗਾਂ, ਖਾਖੀ ਨਿਕਰਾਂ ਤੇ ਖਾਖੀ ਵਰਦੀਆਂ ਦੀ ਖੇਡ ਵਿਚ ਸੜ ਰਿਹਾ ਏ। ਲੋੜ ਹੈ ਕਿ ਇਸ ਖੇਡ ਨੂੰ ਤਮਾਸ਼ਾਈ ਬਣਕੇ ਨਾ ਵੇਖੀਏ, ਸਗੋਂ ਇਹਨਾਂ ਕਾਲੇ ਦਿਲਾਂ ਦੇ ਲੋਕਾਂ ਦੀ ਖੇਡ ਨੂੰ ਨਿਰਪੱਖ ਹੋ ਕੇ ਸ਼ਰੇਆਮ ਨਸ਼ਰ ਕਰੀਏ। ਇਹੀ ਮੇਰਾ ਸੁਨਿਹਾ ਹੈ। ਇਸ ਵਿਚ ਹੀ ਪੰਜਾਬ ਦੀ ਨਿਜਾਤ ਹੈ। o

## 3. ਇੰਡੀਅਨ ਪੀਪਲਜ਼ ਫਰੰਟ :

24-26 ਅਪ੍ਰੈਲ ਦਿੱਲੀ ਵਿਖੇ ਇਕ 'ਤਾਨਾਸ਼ਾਹੀ ਦੇ ਵਿਰੁਧ ਲਾਮਬੰਦ ਹੋਵੋ' ਨਾਂ ਦੀ ਕਨਵੈਨਸ਼ਨ ਹੋਈ। ਇਸ ਵਿਚ 1500 ਦੇ ਕਰੀਬ ਡੈਲੀਗੇਟਾਂ ਦੀ ਸ਼ਮੂਲੀਅਤ ਸੀ ਜੋ 200 ਦੇ ਕਰੀਬ ਲੋਕ ਜਥੇਬੰਦੀਆਂ ਦੇ ਨੁਮਾਇੰਦੇ ਸਨ। ਇਸ ਕਨਵੈਨਸ਼ਨ ਤੇ ਨਵੀਂ ਆਲ ਇੰਡੀਆ ਪਾਰਟੀ 'ਇੰਡੀਅਨ ਪੀਪਲਜ਼ ਫਰੰਟ' ਨੇ ਜਨਮ ਲਿਆ। ਇਸ ਫਰੰਟ ਦੀ ਲੋੜ ਨੂੰ ਦਸਦਿਆਂ ਹੋਇਆਂ ਇਹ ਕਿਹਾ ਗਿਆ ਹੈ ਕਿ ਹਿੰਦੋਸਤਾਨ ਦੀ ਜੋ ਐਸ ਵੇਲੇ ਰਾਜਨੀਤਕ ਸਥਿਤੀ ਹੈ, ਇਸ ਵਿਚ ਇਹ ਲੋੜ ਹੈ ਕਿ ਗੈਰ ਪਾਰਲੀਮਾਨੀ ਆਦਰਸ਼ਾਂ ਨੂੰ ਅਪਣਾਉਂਦੇ ਹੋਏ, ਇਕ ਐਸੀ ਪਾਰਟੀ ਬਣਾਈ ਜਾਏ ਜੋ ਲੋਕਾਂ ਦੀ ਰੋਟੀ, ਜਮਹੂਰੀਅਤ ਅਤੇ ਆਜ਼ਾਦੀ ਦੀ ਲੜਾਈ ਨੂੰ ਲਾਮਬੰਦ ਕਰੇ। ਇਸ ਕਨਵੈਨਸ਼ਨ ਵਿਚ ਲੋਕਾਂ ਦੇ ਅਜ਼ਮਾਏ ਹੋਏ ਆਗੂਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚ ਬਿਹਾਰ ਦੇ ਦੇਸ਼-ਭਗਤ ਤੇ ਕਿਸਾਨਾਂ ਦੇ ਆਗੂ ਰਾਮਾਕਾਂਤ ਦਿਵੇਦੀ

ਜਿਨ੍ਹਾਂ ਨੂੰ ਪਿਆਰ ਨਾਲ ਲੋਕ ਰਮਤਾ ਜੀ ਕਹਿੰਦੇ ਹਨ, ਗੋਬਿੰਦ ਮਖੋਟੀ, ਰਾਜਾਰਾਮ ਤੇ ਕ੍ਰਿਸ਼ਨਾ ਰਾਓ ਆਦਿਕ ਦੇ ਨਾਂ ਵਿਸ਼ੇਸ਼ ਹਨ। ਗੋਬਿੰਦ ਮਖੋਟੀ ਨੇ ਕਨਵੈਨਸ਼ਨ ਵਿਚ ਬੋਲਦਿਆਂ ਕਿਹਾ ਕਿ ਹਿੰਦੋਸਤਾਨ ਦਾ ਵਿਧਾਨ ਇਕ ਨਿਹਾਇਤ ਹੀ ਨਿਕੰਮਾ ਕਿਸਮ ਦਾ ਵਿਧਾਨ ਹੈ, ਜਿਸ ਵਿਚ ਦੁਨੀਆਂ ਭਰ ਦੇ ਵਿਧਾਨਾਂ ਤੋਂ ਇਧਰੋਂ ਉਧਰੋਂ ਧਾਰਾਵਾਂ ਚੁੱਕ ਕੇ ਫਿਟ ਕਰ ਦਿਤੀਆਂ ਗਈਆਂ ਹਨ। ਹਰ ਕਿਸਮ ਦੀ ਤਾਨਾਸ਼ਾਹੀ ਅਤੇ ਭ੍ਰਿਸ਼ਟਾਚਾਰੀ ਰੁਚੀਆਂ ਇਸ ਵਿਧਾਨ ਵਿਚ ਜੜ੍ਹ ਰੂਪ ਵਿਚ ਸ਼ਾਮਿਲ ਹਨ। ਇਸ ਵਿਧਾਨ ਦੇ ਅਨੁਸ਼ਾਸਨ ਵਿਚ ਰਹਿੰਦਿਆਂ ਹੋਇਆਂ ਅਤੇ ਪਾਰਲੀਮਾਨੀ ਕਦਰਾਂ ਕੀਮਤਾਂ ਵਿਚ ਵਿਸ਼ਵਾਸ਼ ਰਖਦੇ ਹੋਏ ਰੋਟੀ, ਜਮਹੂਰੀਅਤ ਅਤੇ ਅਜ਼ਾਦੀ ਦੀ ਲੜਾਈ ਲਾਮਬੰਦ ਕਰਨਾ, ਹਿੰਦੋਸਤਾਨ ਦੇ ਲੋਕਾਂ ਨਾਲ ਇਕ ਧੋਖਾ ਹੋਵੇਗਾ। ਲੋਕ ਸੰਘਰਸ਼ ਹੀ ਇਕੋ ਇਕ ਰਾਹ ਹੈ ਅਤੇ ਇਹ ਲੋਕ ਸੰਘਰਸ਼ ਜੇਕਰ ਇਕ ਕੇਂਦਰ ਤੋਂ ਜਥੇਬੰਦ ਤੌਰ ਤੇ ਗਾਈਡ ਕੀਤਾ ਜਾਏ ਤਾਂ ਇਸ ਤੋਂ ਵਧ ਚੰਗੀ ਗੱਲ ਹੋਰ ਕਿਹੜੀ ਹੋ ਸਕਦੀ ਹੈ? ਗੋਬਿੰਦ ਮਖੋਟੀ ਨੇ ਇੰਡੀਅਨ ਪੀਪਲਜ਼ ਫਰੰਟ ਦੀ ਹੋਂਦ ਨੂੰ 'ਜੀ ਆਇਆ' ਆਖਿਆ। ਪਿਛਲਾ ਤਜਰਬਾ ਦਸਦਾ ਹੈ ਕਿ ਇਹ ਫਰੰਟ ਤਾਂ ਹੀ ਲੋੜੀਂਦੀ ਸਫਲਤਾ ਹਾਸਿਲ ਕਰੇਗਾ, ਜੇਕਰ ਸੰਘਰਸ਼ਸ਼ੀਲ ਲੋਕ ਰਾਜਨੀਤਕ ਤੰਗ-ਨਜ਼ਰੀਂ ਤੋਂ ਉਤੇ ਉਠਕੇ ਇਕ ਦੂਜੇ ਦੀਆਂ ਪੁਜ਼ੀਸ਼ਨਾਂ ਦਾ ਖਿਆਲ ਕਰਦੇ ਹੋਏ, ਵਿਸ਼ਾਲ ਤੌਰ ਤੇ ਇਕ ਸਾਂਝ ਬਨਾਉਣਗੇ। ਇਹ ਗੱਲ ਉਹਨਾਂ ਉਤੇ ਵੀ ਲਾਗੂ ਹੁੰਦੀ ਹੈ ਜਿਨ੍ਹਾਂ ਨੇ ਪਹਿਲ ਕਦਮੀ ਕਰਕੇ ਇਸ ਫਰੰਟ ਨੂੰ ਹੋਂਦ ਵਿਚ ਲਿਆਂਦਾ ਹੈ ਅਤੇ ਉਹਨਾਂ ਉਤੇ ਵੀ ਲਾਗੂ ਹੁੰਦੀ ਹੈ ਜਿਨ੍ਹਾਂ ਦੀ ਇਸ ਫਰੰਟ ਵਿਚ ਪਿਛੋਂ ਸ਼ਾਮਿਲ ਹੋਣ ਦੀ ਸੰਭਾਵਨਾ ਹੈ।

## 4. ਹਥਿਆਰਾਂ ਤੇ ਪਾਬੰਦੀ

ਹਥਿਆਰਾਂ ਤੇ ਪਾਬੰਦੀ ਲਗਾਉਣ ਲਈ ਸੰਯੁਕਤ ਰਾਸ਼ਟਰ ਸੰਘ ਦਾ ਜਨਰਲ ਅਜਲਾਸ ਨਿਊਯਾਰਕ ਵਿਚ 7 ਜੂਨ ਤੋਂ 9 ਜੁਲਾਈ, 1882 ਤਕ ਹੋ ਰਿਹਾ ਹੈ, ਦੁਨੀਆਂ ਭਰ ਦੇ ਸਾਧਾਰਨ ਲੋਕਾਂ ਨੇ ਸਪਸ਼ਟ ਤਰੀਕੇ ਨਾਲ ਆਪਣੇ ਆਪ ਨੂੰ 'ਜੰਗ ਦੇ ਵਿਰੁਧ' ਦੀ ਧਿਰ ਐਲਾਨਿਆ ਹੈ। ਯੂਰਪ ਦੇ ਸਾਰੇ ਦੇਸ਼ਾਂ ਦੇ ਲੋਕਾਂ ਜਿਹਨਾਂ ਨੇ ਦੂਜੀ ਵਡੀ ਜੰਗ ਦੀ ਤਬਾਹੀ ਨੂੰ ਅਪਣੇ ਉਤੇ ਹੰਢਾਇਆ ਹੈ ਆਪਣੇ ਦੇਸ਼ਾਂ ਵਿਚ ਬੜੇ ਵਡੇ ਪੈਮਾਨੇ ਤੇ ਵਖਾਵੇ ਕੀਤੇ ਹਨ ਤੇ ਇਹਨਾਂ ਵਖਾਵਿਆਂ ਵਿਚ ਨਾਟੋ ਦੇਸ਼ਾਂ ਦੇ ਉਹ ਜਰਨੈਲ ਵੀ ਸ਼ਾਮਿਲ ਹੋਏ ਹਨ ਜ਼ਿਨ੍ਹਾਂ ਨੇ ਕਿਸੇ ਵੇਲੇ ਆਪਣੇ ਆਪਣੇ ਦੇਸ਼ਾਂ ਦੀਆਂ ਫੌਜਾਂ ਦੀ ਅਗਵਾਈ ਕੀਤੀ ਸੀ। ਉਹਨਾਂ ਨੇ ਇਹ ਸਪਸ਼ਟ ਕਰ ਦਿਤਾ ਹੈ ਕਿ ਅਜ ਦੀ ਲੜਾਈ ਵਿਚ ਜਦੋਂ ਐਟਮ ਤੋਂ ਅਗੇ ਨਿਊਕਲਾਈ ਹਥਿਆਰ ਹੋਂਦ ਵਿਚ ਆ ਗਏ ਹਨ ਤਾਂ ਕੋਈ ਵੀ ਕੌਮ ਮੁਕੰਮਲ ਤਬਾਹੀ ਤੋਂ ਨਹੀਂ, ਬਚ ਨਹੀਂ ਸਕਦੀ ਭਾਵੇਂ ਉਹ ਲੜਾਈ ਵਿਚ ਜਿਤੇ ਤੇ ਭਾਵੇਂ ਹਾਰੇ। ਜਾਪਾਨ ਵਿਚ ਇਹ ਵਿਖਾਵਾ 370,000 ਲੋਕਾਂ ਨੇ ਕੀਤਾ। ਇਹ ਕਿਸੇ ਇਕ ਵਿਖ਼ਾਵੇ ਦਾ ਦੁਨੀਆ ਵਿਚ ਰੀਕਾਰਡ ਹੈ। ਅਮਰੀਕਾ ਦੇ ਆਪਣੇ ਸ਼ਹਿਰਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਵਖਾਵਿਆਂ ਵਿਚ ਸ਼ਾਮਿਲ ਹੋਏ ਹਨ।

ਇਹ ਦੁੱਖ ਵਾਲੀ ਗੱਲ ਹੈ ਕਿ ਹਿੰਦੁਸਤਾਨ ਦੇ ਪ੍ਰੈਸ ਨੇ ਇਸ ਮਸਲੇ ਬਾਰੇ ਲੋਕ ਚੇਤਨਤਾ ਵਧਾਉਣ ਵਿਚ ਕੁਝ ਹੱਥ ਨਹੀਂ ਵਟਾਇਆ ਤੇ ਇਕ ਕਿਸਮ ਦੀ ਚੁੱਪ ਹੀ ਅਪਨਾਈ ਹੈ। ਲੋਕਾਂ ਦਾ ਧਿਆਨ ਵੀ ਇਸ ਜਨਰਲ ਅਜਲਾਸ ਵਲ ਨਹੀਂ ਗਿਆ ਜਿਹੜਾ ਸਾਰੀਆਂ ਕੌਮਾਂ ਦਾ ਇਕ ਐਸਾ ਮਿਲਵਾਂ ਅਜਲਾਸ ਹੈ, ਜਿਸ ਵਿਚ ਮਨੁੱਖ ਦੀ ਹੋਣੀ ਦਾ ਫੈਸਲਾ ਹੋਣਾ ਹੈ। ਜੰਗ ਦੇ ਮਨਸੂਬਿਆਂ ਨੂੰ ਬਨਾਉਣ ਵਾਲੇ ਸਾਮਰਾਜੀ ਜੰਗਬਾਜ਼ਾਂ ਦੇ ਵਿਰੋਧ ਦੁਨੀਆਂ ਦੇ ਸਾਧਾਰਨ ਲੋਕਾਂ ਦੀ ਆਵਾਜ਼ ਵਿਚ ਹਿੰਦੋਸਤਾਨੀਆਂ ਦੀ ਆਵਾਜ਼ ਮਿਲਣੀ ਬੜੀ ਜ਼ਰੂਰੀ ਸੀ। ਹਿੰਦੋਸਤਾਨ ਵਿਚ ਪੰਜਾਬ ਐਸਾ ਸੂਬਾ ਹੈ, ਜਿਹੜਾ ਕਿਸੇ ਵੀ ਜੰਗ ਵੇਲੇ ਸਾਰਿਆਂ ਨਾਲੋਂ ਪਹਿਲਾਂ ਤਬਾਹੀ ਦੇ ਮੂੰਹ ਅਗੇ ਆਏਗਾ, ਪਰ ਪੰਜਾਬ ਦਾ ਸਾਰਾ ਧਿਆਨ ਜਾਨਵਰਾਂ ਦੀਆਂ ਪੂਛਲਾਂ ਅਤੇ ਸਿਗਰਟ ਬੀੜੀਆਂ ਦੀ ਡੱਬੀਆਂ ਨੂੰ ਖਿਚਿਆ ਹੋਇਆ ਹੈ, ਮਨੁੱਖਤਾ ਦੀ ਤਬਾਹੀ ਦਾ ਕਿਸਨੂੰ ਫਿਕਰ ਹੈ?

## 5. ਚਮਚਾ

—ਪਿਤਾ ਜੀ

—ਹਾਂ ਕਾਕਾ

—ਕਹਿੰਦੇ ਨੇਂ ਦੇਸ਼ ਦਾ ਰਾਸ਼ਟਰਪਤੀ ਕੋਈ ਚਮਚਾ ਬਣ ਗਿਆ ਏ।

—ਹਾਂ।

—1982 ਤੋਂ ਬਾਅਦ ਫੇਰ ਇਤਿਹਾਸ ਵਿਚ ਹਿੰਦੋਸਤਾਨੀਆਂ ਦੀ ਕੌਮ ਦਾ ਨਾਂ ਬਦਲ ਦਿਤਾ ਜਾਏ।

—ਕੀ ਰਖਿਆ ਜਾਏ?

—ਚਮਚਿਆਂ ਦੀ ਕੌਮ।

—ਉਹ ਕਿਉਂ ਕਾਕਾ?

—ਜਿਸ ਕੌਮ ਦਾ ਰਾਸ਼ਟਰਪਤੀ ਚਮਚਾ ਹੋ ਗਿਆ, ਉਹ ਕੌਮ ਆਪੇ ਚਮਚਿਆਂ ਦੀ ਹੋ ਗਈ।

—ਤੂੰ ਬੜਾ ਗੁਸਤਾਖ ਏਂ ਕਾਕਾ।

—ਸੱਚ ਹਮੇਸ਼ਾ ਗੁਸਤਾਖ ਹੁੰਦਾ ਹੈ ਪਿਤਾ ਜੀ। o

---


ਵਰਿੰਦਰ ਵਾਲੀਆ ਦਾ ਪ੍ਰਥਮ ਕਥਾ ਸੰਗ੍ਰਹਿ
'ਦਰਿਆ ਖੜਾ ਹੈ' ਤੇ
ਮਨਮੋਹਨ ਸਿਧੂ ਦਾ ਪਲੇਠਾ ਕਾਵਿ-ਸੰਗ੍ਰਹਿ
'ਅਗਲੇ ਚੌਰਾਹੇ ਤਕ'
ਪ੍ਰਕਾਸ਼ਕ—ਨਿਊ ਏਜ ਬੁਕ ਸੈਂਟਰ, ਅੰਮ੍ਰਿਤਸਰ
ਫੋਨ: 52480

# ਪੰਜਾਬ ਲੋਕ-ਸਭਿਆਚਾਰ ਮੰਚ (ਪ.ਲ.ਸ) ਦਾ ਵਿਧਾਨ

ਨੋਟ : ਇਹ ਵਿਧਾਨ 14 ਮਾਰਚ 1982 ਨੂੰ ਨਸਰਾਲੀ (ਲੁਧਿਆਣਾ) ਵਿਚ ਇਕ ਵਿਸ਼ਾਲ ਸਭਿਆਚਾਰਕ ਕਨਵੈਨਸ਼ਨ ਵੇਲੇ ਚੁਣੀ ਗਈ ਲੋਕ ਸਭਿਆਚਾਰ ਤਿਆਰੀ ਕਮੇਟੀ ਵਲੋਂ ਲੁਧਿਆਣਾ ਵਿਖੇ 18 ਅਪ੍ਰੈਲ 1982 ਨੂੰ ਹੋਈ ਆਪਣੀ ਪਹਿਲੀ ਇਕੱਤਰਤਾ ਵਿਚ ਵਿਚਾਰਿਆ ਗਿਆ । ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਨੂੰ ਵਿਧਾਨ ਦਾ ਸੰਪੂਰਨ ਖਰੜਾ ਤਿਆਰ ਕਰਕੇ ਅਗਲੀ ਇਕੱਤਰਤਾ ਵਿਚ ਪੇਸ਼ ਕਰਨ ਲਈ ਕਿਹਾ ਗਿਆ—ਦੋਰਾਹਾ ਵਿਖੇ ਸ੍ਰੀ ਗੁਰਸ਼ਰਨ ਸਿੰਘ ਦੇ ਸੰਚਾਲਨ ਹੇਠ ਹੋਈ ਪੰਜਾਬ ਲੋਕ ਸਭਿਆਚਾਰ ਮੰਚ ਦੀ ਤਿਆਰੀ ਕਮੇਟੀ ਦੀ 26 ਮਈ 1982 ਦੀ ਇਕੱਤਰਤਾ ਵਿਚ ਇਸ ਵਿਧਾਨ ਨੂੰ ਪਾਸ ਕੀਤਾ ਗਿਆ ਅਤੇ 20 ਜੂਨ 1982 ਨੂੰ ਮਾਹਲ ਗਹਿਲਾਂ (ਜਲੰਧਰ) ਵਿਖੇ ਹੋਈ ਪੰਜਾਬ ਸਭਿਆਚਾਰਕ ਕਨਵੈਨਸ਼ਨ ਵਿਚ ਪੇਸ਼ ਕੀਤਾ ਗਿਆ ।

## 1. ਨਾਂ :

ਇਸ ਨਵਨਿਰਮਾਣ ਸੰਸਥਾ ਦਾ ਨਾਮ ਪੰਜਾਬ ਲੋਕ-ਸਭਿਆਚਾਰ ਮੰਚ (ਪ.ਲ.ਸ) ਹੋਵੇਗਾ ।

## 2. ਉਦੇਸ਼ :

(1) ਪੰਜਾਬ ਦੇ ਲੋਕ-ਪੱਖੀ ਸਭਿਆਚਾਰ ਨੂੰ ਢੂੰਡਣਾ, ਉਭਾਰਨਾ ਅਤੇ ਵਿਕਸਤ ਕਰਨਾ ।

(2) ਅਸ਼ਲੀਲ ਤੇ ਲਚਰ ਲੋਕ-ਵਿਰੋਧੀ ਸਭਿਆਚਾਰ ਨੂੰ ਭਾਂਜ ਦੇਣਾ ਅਤੇ ਉਸਦੇ ਬਦਲਦੇ ਰੂਪ ਵਿਚ ਸਮਾਜਵਾਦੀ ਉਸਾਰੂ ਸਭਿਆਚਾਰ ਦਾ ਪ੍ਰਸਾਰ ਕਰਨਾ ।

(3) ਲੋਕਾਂ ਦੀਆਂ ਭਾਵਨਾਵਾਂ, ਆਸ਼ਾਂ ਅਤੇ ਸਮਸਿਆਵਾਂ ਨੂੰ ਸੁਹਜਮਈ-ਕਲਾਮਈ ਢੰਗ ਨਾਲ ਪੇਸ਼ ਕਰਨਾ, ਲੋਕਾਂ ਦੇ ਦਿਲਾਂ ਵਿਚ ਅਨਿਆਂ, ਜ਼ੁਲਮ ਤੇ ਲੁੱਟ ਵਿਰੁਧ ਜਾਗਰਿਤੀ ਪੈਦਾ ਕਰਨਾ ਅਤੇ ਚੰਗੀ ਅਣਖੀਲੀ ਤੇ ਇਜ਼ਤਮਈ ਜ਼ਿੰਦਗੀ ਜੀਣ ਲਈ ਸੰਘਰਸ਼ ਲਈ ਪ੍ਰੇਰਿਤ ਕਰਨਾ ।

(4) ਲੋਕ-ਹਿੱਤਾਂ ਲਈ ਵਚਨਬੱਧ ਸੰਘਰਸ਼ੀਲ ਸੰਸਥਾਵਾਂ ਤੇ ਜਥੇਬੰਦੀਆਂ ਨੂੰ ਸਹਿਯੋਗ ਦੇਣਾ ਅਤੇ ਸਹਿਯੋਗ ਲੈਣਾ ।

## 3. ਮੈਂਬਰਸ਼ਿਪ :

(1) ਹਰ ਉਹ ਵਿਅਕਤੀ/ਸਭਿਆਚਾਰਕ ਟੋਲੀ ਜਿਹੜੀ ਪੰਜਾਬ ਲੋਕ ਸਭਿਆਚਾਰ ਮੰਚ ਦੇ ਉਦੇਸ਼ਾਂ ਅਤੇ ਵਿਧਾਨ ਨਾਲ ਸਹਿਮਤ ਹੈ ਲਾਗੂ ਕਰਨ ਲਈ ਵਚਨ-ਬੱਧ ਹੈ, ਇਸ ਮੰਚ ਦੀ ਮੁਢਲੀ ਮੈਂਬਰੀ ਪ੍ਰਾਪਤ ਕਰ ਸਕਦੀ ਹੈ ।

(2) ਮੈਂਬਰਸ਼ਿਪ ਫੀਸ ਪ੍ਰਤੀ ਮੈਂਬਰ ਪੰਜ ਰੁਪਏ ਸਾਲਾਨਾ ਹੋਵੇਗੀ ।

(3) ਮੈਂਬਰਸ਼ਿਪ ਫੀਸ ਤੇ ਮੰਚ ਦੇ ਹੋਰ ਫੰਡ ਲਈ ਰਸੀਦ ਬੁਕਾਂ ਪੰਜਾਬ ਲੋਕ ਸਭਿਆਚਾਰ ਮੰਚ ਦੇ ਸਕੱਤਰ ਵਲੋਂ ਜਾਰੀ ਕੀਤੀਆਂ ਜਾਣਗੀਆਂ । ਇਸ ਮੰਚ ਨਾਲ ਸਬੰਧਿਤ ਸਾਰੀਆਂ ਸਭਿਆਚਾਰਕ ਟੋਲੀਆਂ ਮੰਚ ਦੇ ਖਰਚਾਂ ਲਈ ਫੰਡਾਂ ਵਾਸਤੇ ਸਿਰਫ ਏਹੋ ਰਸੀਦ ਬੁਕਾਂ ਹੀ ਵਰਤਣਗੀਆਂ ।

(4) 'ਪਲਸ' ਨਾਲ ਸਬੰਧਤ ਸਭਿਆਚਾਰਕ ਟੋਲੀਆਂ ਆਪਣੇ ਵਖਰੇ ਨਾਮ ਰਖ ਸਕਦੀਆਂ ਹਨ, ਪਰ ਉਹਨਾਂ ਨੂੰ ਇਸ ਮੰਚ ਦੇ ਉਦੇਸ਼ਾਂ ਅਨੁਸਾਰ ਹੀ ਕੰਮ ਕਰਨਾ ਹੋਵੇਗਾ ।

(5) ਕੋਈ ਲੋਕਪੱਖੀ ਕਲਾਕਾਰ, ਅਦਾਕਾਰ, ਕਵੀ,ਸਾਹਿਤਕਾਰ ਜਾਂ ਸਾਹਿਤ-ਕਲਾ-ਪ੍ਰੇਮੀ ਇਸ ਮੰਚ ਦਾ ਸਿੱਧਾ ਮੈਂਬਰ ਵੀ ਬਣ ਸਕਦਾ ਹੈ ਤੇ ਕਿਸੇ ਇਲਾਕਾਈ ਸਭਿਆਚਾਰਕ ਟੋਲੀ ਦਾ ਮੈਂਬਰ ਬਣ ਕੇ ਵੀ ।

(6) ਮੰਚ ਦੇ ਉਦੇਸ਼ਾਂ ਲਈ ਹਾਨੀਕਾਰਕ ਹੋ ਰਹੇ ਕਿਸੇ ਮੈਂਬਰ ਜਾਂ ਟੋਲੀ ਵਿਰੁਧ ਕਾਰਵਾਈ ਕਰਨ ਦਾ ਅਧਿਕਾਰ ਮੰਚ ਦੀ ਕਾਰਜਕਾਰੀ ਕਮੇਟੀ ਨੂੰ ਹੋਵੇਗਾ, ਜਿਸ ਦੀ ਬਾਅਦ ਵਿਚ ਮੰਚ ਦੇ ਜਨਰਲ ਇਜਲਾਸ ਪਾਸੋਂ ਪਰਵਾਨਗੀ ਲੈਣੀ ਜ਼ਰੂਰੀ ਹੋਵੇਗੀ ।

## 4. ਅਹੁਦੇਦਾਰ

(1) 'ਪਲਸ' ਦੇ ਸਾਲਾਨਾ ਜਨਰਲ ਇਜਲਾਸ ਵਿਚ 11 ਤੋਂ ਲੈ ਕੇ 17 ਮੈਂਬਰ ਤਕ ਇਕ ਕਾਰਜਕਾਰਨੀ ਕਮੇਟੀ ਚੁਣੀ ਜਾਵੇਗੀ

(2) ਉਪਰੋਕਤ ਕਾਰਜਕਾਰਨੀ ਕਮੇਟੀ ਆਪਣੇ ਮੈਂਬਰਾਂ ਵਿਚੋਂ ਤਿੰਨ ਅਹੁਦੇਦਾਰ ਚੁਣੇਗੀ—ਪਰਧਾਨ, ਸਕੱਤਰ ਅਤੇ ਵਿੱਤ ਸਕੱਤਰ

(3) 'ਪਲਸ' ਦਾ ਪਰਧਾਨ ਇਸ ਮੰਚ ਦਾ ਮੁਖ-ਬੁਲਾਰਾ ਹੋਵੇਗਾ ।

ਮੰਚ ਦੇ ਪਰਧਾਨ ਦੇ ਸਲਾਹ ਨਾਲ ਸਕੱਤਰ ਮੰਚ ਦੀਆਂ ਇਕਤਰਤਾਵਾਂ ਬੁਲਾਏਗਾ, ਚਿੱਠੀ ਪੱਤਰ ਕਰੇਗਾ ਅਤੇ ਮੰਚ ਦੇ ਸਾਲਾਨਾ ਇਜਲਾਸ ਲਈ ਸਾਲਾਨਾ ਰੀਪੋਰਟ ਤਿਆਰ ਕਰਕੇ ਕਾਰਜਕਾਰਨੀ ਪਾਸੋਂ ਪਰਵਾਨ ਕਰਵਾਕੇ, ਇਜਲਾਸ ਵਿਚ ਪੇਸ਼ ਕਰੇਗਾ ।

## 5. ਚੋਣ :

(1) ਚੋਣ ਹਰ ਸਾਲ ਜੂਨ-ਜੁਲਾਈ ਵਿਚ ਹੋਇਆ ਕਰੇਗੀ।

(2) ਮੰਚ ਦੀ ਸਾਲਾਨਾ ਚੋਣ ਮੰਚ. ਦੇ ਜਨਰਲ ਇਜਲਾਸ ਵਿਚ ਸਿੱਧੇ ਤੌਰ ਤੇ ਕੀਤੀ ਜਾਇਆ ਕਰੇਗੀ। ਪੰਜਾਬ ਭਰ ਦੇ ਸਾਰੇ ਮੈਂਬਰਾਂ ਦੀ ਸੂਚੀ ਚੋਣ ਤੋਂ ਪੰਦਰਾਂ ਦਿਨ ਪਹਿਲਾਂ ਮੰਚ ਦੇ ਸਕੱਤਰ ਵਲੋਂ ਜਾਰੀ ਕੀਤੀ ਜਾਣੀ ਲਾਜ਼ਮੀ ਹੈ। ਚੋਣ ਸੂਚੀ ਵਿਚ ਸਿਰਫ ਉਹੋ ਨਾਮ ਹੀ ਸ਼ਾਮਲ ਕੀਤੇ ਜਾ ਸਕਣਗੇ ਜਿਹੜੇ ਮੰਚ ਦੇ ਸਕੱਤਰ ਪਾਸ ਚੋਣ ਮਿਤੀ ਤੋਂ ਇਕ ਮਹੀਨਾ ਪਹਿਲਾਂ ਪਹੁੰਚ ਜਾਣਗੇ।

(3) ਜੇ ਕਿਸੇ ਮੈਂਬਰ ਨੂੰ ਮੈਂਬਰ ਸੂਚੀ ਪ੍ਰਤੀ ਕੋਈ ਇਤਰਾਜ਼ ਹੋਵੇ ਤਾਂ ਉਹ ਚੋਣ ਮਿਤੀ ਤੋਂ ਇਕ ਹਫਤਾ ਪਹਿਲਾਂ ਪੜਤਾਲ ਕਰਵਾਉਣ ਲਈ ਅਰਜ਼ੀ ਦੇ ਸਕਦਾ ਹੈ।

## 6. ਕੋਰਮ :

(1) ਪਲਸ ਦਾ ਕੋਈ ਵੀ ਫੈਸਲਾ ਹਾਜ਼ਰ ਮੈਂਬਰਾਂ ਦੀ ਬਹੁਸਮਤੀ ਨਾਲ ਹੋਵੇਗਾ। ਕੋਰਮ ਲਈ ਕੁੱਲ ਮੈਂਬਰਾਂ ਦਾ 1/2 ਹਿੱਸਾ ਹਾਜ਼ਰ ਹੋਣਾ ਜ਼ਰੂਰੀ ਹੋਵੇਗਾ।

## 7. ਕਾਰਜ :

(1) ਉਪਰੋਕਤ ਉਦੇਸ਼ਾਂ ਦੀ ਪੂਰਤੀ ਲਈ 'ਪਲਮ' ਵਲੋਂ ਪਿੰਡਾਂ ਤੇ ਸ਼ਹਿਰਾਂ ਵਿਚ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨ।

(2) ਲੋਕ ਪੱਖੀ ਕਲਾਕਾਰਾਂ ਦੀਆਂ ਵਰਕਸ਼ਾਪਾਂ, ਹੋਰਨਾਂ ਪ੍ਰਾਂਤਾਂ ਦੇ ਲੋਕਪੱਖੀ ਪ੍ਰਗਤੀਸ਼ੀਲ ਕਲਾਕਾਰਾਂ ਨਾਲ ਮੁਲਾਕਾਤਾਂ, ਸਭਿਆਚਾਰਕ ਮੇਲਿਆਂ ਅਤੇ ਗੋਸ਼ਟੀਆਂ ਦਾ ਪ੍ਰਬੰਧ ਕਰਨਾ।

(3) ਇਨਕਲਾਬੀ ਗੀਤਾਂ ਦੀਆਂ ਟੇਪਾਂ ਤਿਆਰ ਕਰਨੀਆਂ ਅਤੇ ਕਲਾਮਈ ਆਵਾਜ਼ਾਂ ਵਿਚ ਇਨਕਲਾਬੀ ਗੀਤਾਂ ਦੇ ਰੀਕਾਰਡ ਭਰਵਾਉਣਾ।

(4) ਵਖ ਵਖ ਮੌਕਿਆਂ ਉਤੇ ਵਖ ਵਖ ਪੱਧਰ ਦੇ ਲੋਕ-ਸਭਿਆਚਾਰ ਦੇ ਵਖ ਵਖ ਰੂਪਾਂ ਵਿਚ ਮੁਕਾਬਲੇ ਕਰਵਾਉਣਾ।

(5) ਉਪਰੋਕਤ ਮੰਤਵਾਂ ਦੇ ਪ੍ਰਸਾਰ ਲਈ ਪੰਜਾਬੀ ਵਿਚ ਇਕ ਪਤ੍ਰਕਾ ਪ੍ਰਕਾਸ਼ਤ ਕਰਨ ਦਾ ਯਤਨ ਕਰਨਾ।

## 8. ਵਿਧਾਨ ਵਿਚ ਸੋਧ

(1) 'ਪਲਸ ਦੇ ਵਿਧਾਨ ਵਿੱਚ ਸੋਧ' ਮੰਚ ਦੇ ਜਨਰਲ ਇਜਲਾਸ ਵਿਚ ਹਾਜ਼ਰ ਮੈਂਬਰਾਂ ਦੋ-ਤਿਹਾਈ ਵੋਟਾਂ ਨਾਲ ਕੀਤੀ ਜਾਵੇਗੀ।

o

ਹਿੰਦੀ ਕਵਿਤਾ :

# ਰਾਮ ਸਿੰਘ

o

### ਮੂਲ : ਵੀਰੇਨ ਡੰਗਵਾਲ

ਦੋ ਰਾਤਾਂ ਤੇ ਤਿੰਨ ਦਿਨ ਦਾ ਸਫ਼ਰ ਤੈਅ ਕਰਕੇ
ਛੁੱਟੀ ਤੇ ਆਪਣੇ ਘਰ ਜਾ ਰਿਹਾ ਹੈ ਰਾਮ ਸਿੰਘ।
ਰਾਮ ਸਿੰਘ, ਆਪਣਾ ਵਾਰਨਿਸ਼ ਦੀ
ਮਹਿਕ ਮਾਰਦਾ ਟਰੰਕ ਖੋਹਲ
ਗੰਦੀ ਜਰਸੀ ਉਤਾਰ ਕੇ,
ਮਾਇਆ ਲਗੀ ਵਰਦੀ ਪਹਿਨ ਲੈ
ਰੰਮ ਦੀਆਂ ਬੋਤਲਾਂ ਨੂੰ ਸਾਂਭ ਕੇ ਰਖ ਲੈ,
ਰਾਮ ਸਿੰਘ ਸਮਾਂ ਬੜਾ ਖਰਾਬ ਹੈ...
ਖੁਸ਼ ਹੋਕੇ ਆਕੜ ਕੇ ਬੱਸ 'ਚ ਬੈਠ ਤੇ ਘਰ ਨੂੰ ਤੁਰ,

ਤੇਰਾ ਚੇਤਾ ਬੜਾ ਚੰਗਾ ਹੈ ਰਾਮ ਸਿੰਘ,
ਪਹਾੜ ਹੁੰਦੇ ਸੀ, ਚੰਗੇ ਮੌਕੇ ਮੁਤਾਬਕ,
ਗੇਰੂਏ, ਚਿੱਟੇ ਤੇ ਹਰੇ ਰੰਗ 'ਚ ਬਦਲਦੇ ਹੋਏ,
ਪਾਣੀ ਵਾਂਗ ਸਾਫ਼,
ਖੁਸ਼ੀ ਹੁੰਦੀ ਸੀ।
ਤੂੰ ਕੰਟੋਪ ਪਾ ਕੇ ਚਾਹ ਪੀਂਦਾ ਹੁੰਦਾ ਸੀ
ਪਿੱਤਲ ਦੇ ਚਮਕਦਾਰ ਗਿਲਾਸ ਵਿਚ।
ਘੜੇ 'ਚ ਦਬੇ ਖਜ਼ਾਨੇ ਦੀ ਤਰ੍ਹਾਂ ਰਖਿਆ ਗੁੜ ਹੁੰਦਾ ਸੀ,
ਹਵਾ ਵਿਚ ਮਸ਼ੱਕਤ ਕਰਦੇ ਚੀੜਦੇ ਬਿਰਖ,
ਪਸੀਜਦੇ ਸੀ ਫ਼ੌਜੀਆਂ ਦੀ ਤਰ੍ਹਾਂ
ਨੀਂਦ 'ਚ ਹੌਕੇ ਲੈਂਦੇ ਘਰਾਂ ਤੇ
ਡਿਗ ਪਿਆ ਕਰਦੀਆਂ ਸੀ ਚਟਾਨਾਂ
ਤੇਰਾ ਪਿਉ
ਮਰਦਾਂ ਹੁੰਦਾ ਸੀ ਲਾਮ 'ਚ
ਅੰਗਰੇਜ਼ ਬਹਾਦਰ ਦੀ ਖ਼ਿਦਮਤ ਕਰਦੇ ਹੋਏ
ਮਾਂ ਸਾਰੀ ਰਾਤ ਰੋਂਦੀ ਘੁੰਮਦੀ ਤੇ ਤੜਕੇ ਚਾਰ ਵਜੇ
ਤਿੰਨ ਮੀਲ ਤੋਂ ਪਾਣੀ ਭਰਨ ਜਾਂਦੀ
ਘਰਾਂ ਦੇ ਅੰਦਰ ਤੀਕ ਆ ਜਾਂਦਾ ਹੁੰਦਾ ਸੀ ਬਘਿਆੜ
ਭੂਤ ਹੁੰਦੇ ਸੀ, ਸਿਲ੍ਹਿਆਂ ਕਮਰਿਆਂ 'ਚ
ਬਿੱਲੀ ਦੀ ਤਰ੍ਹਾਂ ਕਲਪਦੀ ਹੁੰਦੀ ਸੀ ਮਾਂ
ਬਿੱਲੀ ਵਾਂਗ ਹੀ ਪਿਉ ਲਾਮ 'ਚ ਮਰ ਜਾਂਦਾ ਸੀ
ਸੜਕ ਹੁੰਦੀ ਸੀ, ਅਣਜਾਣ ਥਾਵਾਂ ਦੇ ਕੌਤਕ ਦਸਦੀ ਹੋਈ
ਮੋਟਰ ਤੇ ਬਹਿ ਕੇ ਘਰੋਂ ਭਜਿਆ ਕਰਦਾ ਸੀ ਰਾਮ ਸਿੰਘ
ਜੰਗਲੀ ਪਰਦੇਸ ਵਲ।
ਤੂੰ ਕੀਹਦੀ ਰਾਖੀ ਕਰਦਾ ਹੈਂ ਰਾਮ ਸਿੰਘ
ਤੂੰ ਬੰਦੂਕ ਦੇ ਘੋੜੇ ਤੇ ਰਖੀ ਕਿਸ ਦੀ ਉਂਗਲੀ ਹੈ

ਕਿਸ ਦਾ ਉਠਿਆ ਹੋਇਆ ਹੱਥ,
ਕਿਸਦੇ ਹਥਾਂ 'ਚ ਪਹਿਨਿਆ ਕਾਲੇ ਚਮੜੇ ਦਾ ਦਸਤਾਨਾ
ਜਿਉਂਦੀ ਚੀਜ਼ 'ਚ ਉਤਰਦੀ
ਕਿਸਦੇ ਚਾਕੂ ਦੀ ਧਾਰ ਹੈਂ ਤੂੰ,
ਕੌਣ ਨੇ ਉਹ,
ਜੋ ਹਰ ਵੇਲੇ ਆਦਮੀ ਦਾ
ਇਕ ਨਵਾਂ ਇਲਾਜ ਲੱਭਦੇ ਰਹਿੰਦੇ ਨੇ
ਜੋ ਬਚਿਆਂ ਦੀ ਨੀਂਦ ਵਿਚ
ਡਰ ਦੀ ਤਰ੍ਹਾਂ ਦਾਖਲ ਹੁੰਦੇ ਨੇ
ਜੋ ਰੋਜ਼ ਖੂਨ ਖਰਾਬਾ ਕਰਦੇ ਨੇ,
ਤੇ ਮਰਿਆਂ ਲਈ ਸੋਗ ਦੇ ਗੀਤ ਗਾਉਂਦੇ ਨੇ
ਜਿਹੜੇ ਕਪੜਿਆਂ ਨੂੰ ਪਿਆਰ ਕਰਦੇ ਨੇ
ਤੇ ਆਦਮੀ ਤੋਂ ਡਰਦੇ ਨੇ
ਉਹ ਮਾਹਰ ਬੰਦੇ ਨੇ ਰਾਮ ਸਿੰਘ,
ਉਹ ਹੱਤਿਆਂ ਨੂੰ ਵੀ ਕਲਾ ਵਿਚ ਬਦਲ ਦਿੰਦੇ ਨੇ ।

ਪਹਿਲਾਂ ਉਹ ਤੈਨੂੰ ਸਹੀ ਤਰੀਕੇ ਨਾਲ
ਬੰਦੂਕ ਫੜਨਾ ਸਿਖਾਉਂਦੇ ਨੇ
ਫੇਰ ਇਕ ਪੁਤਲੇ ਦੇ ਸਾਹਮਣੇ ਖੜਾ ਕਰਦੇ ਨੇ,
"ਇਹ ਪੁਤਲਾ ਹੈ ਰਾਮ ਸਿੰਘ, ਬਦਮਾਸ਼ ਪੁਤਲਾ,
ਇਹਨੂੰ ਗੋਲੀ ਮਾਰਦੇ
ਇਸ ਨੂੰ ਸੰਗੀਨ ਖੋਭ ਦੇ"
ਫੇਰ ਤੈਨੂੰ ਉਹ ਆਦਮੀ ਦੇ ਸਾਹਮਣੇ
ਖੜਾ ਕਰਕੇ ਕਹਿੰਦੇ ਨੇ,.
' ਇਹ ਪੁਤਲੇ ਨੇ ਰਾਮ ਸਿੰਘ ਬਦਮਾਸ਼ ਪੁਤਲੇ,
ਇਨ੍ਹਾਂ ਨੂੰ ਗੋਲੀ ਮਾਰ ਦੇਹ, ਇਨ੍ਹਾਂ ਦੇ ਸੰਗੀਨ ਖੋਭ ਦੇ,
ਇਨ੍ਹਾਂ ਨੂੰ...ਇਨ੍ਹਾਂ ਨੂੰ...
ਉਹ ਤੇਰੇ ਤੇ ਖੁਸ਼ ਹੁੰਦੇ ਨੇ...ਤੈਨੂੰ ਬਖਸ਼ੀਸ਼ ਦਿੰਦੇ ਨੇ,
ਤੇਰੀ ਹਿੱਕ ਤੇ ਕਪੜੇ ਦੇ ਰੰਗਦਾਰ ਫੁੱਲ ਬੰਨਦੇ ਨੇ,
ਤੈਨੂੰ ਤਿੰਨ ਜੋੜੇ ਵਰਦੀ, ਚਮਕਦਾਰ ਬੂਟ,
ਅਤੇ ਉਨ੍ਹਾਂ ਨੂੰ ਚਮਕਾਉਂਣ ਲਈ ਪਾਲਿਸ਼ ਦਿੰਦੇ ਨੇ,
ਖੇਡਣ ਲਈ ਬੰਦੂਕ ਤੇ ਨੰਗੀਆਂ ਤਸਵੀਰਾਂ,
ਖਾਣ ਲਈ ਰਜ ਕੇ ਖਾਣਾ, ਸਸਤੀ ਸ਼ਰਾਬ
ਉਹ ਤੈਨੂੰ ਮਾਣ ਦਿੰਦੇ ਨੇ, ਬਖਸ਼ੀਸ਼ ਦਿੰਦੇ ਨੇ,
ਤੇ ਇਹ ਸਭ ਕਾਸ ਦੇ ਬਦਲੇ 'ਚ
ਤੈਥੋਂ ਤੇਰੇ ਨਿਰਦੋਸ਼ ਹੱਥ,
ਤੇਰੇ ਬਚਪਣ 'ਚ ਸਿਖੇ ਗੀਤ ਖੋਹ ਲੈਂਦੇ ਨੇ,
ਸੱਚਮੁੱਚ ਉਹ ਬਹੁਤ ਮਾਹਰ ਨੇ ਰਾਮ ਸਿੰਘ,
ਤੇ ਤੇਰੀ ਯਾਦਾਸ਼ਤ ਸੱਚੀਂ ਬਹੁਤ ਚੰਗੀ ਹੈ ।

ਬਹੁਤ ਚਮਕਦਾਰ ਹੈ ਅਗੇ ਦਾ ਰਾਹ
ਇਸ ਤੇ ਤੈਨੂੰ ਚੁੱਕਰ ਤਾਂ ਆਉਣਗੇ ਰਾਮ ਸਿੰਘ,
ਤੈਨੂੰ ਤੁਰਨਾ ਤਾਂ ਪੈਣਾ ਹੀ ਹੈ,
ਕਿਉਂਕਿ ਐਨ ਇਸ ਪਹਾੜ ਦੀ ਪਸਲੀ ਤੇ
ਅਟਕਿਆ ਹੈ ਤੇਰਾ ਪਿੰਡ,
ਇਸ ਲਈ ਚਲ ਹੁਣ, ਆਪਣੇ ਬੂਟਾਂ ਦੇ ਤਸਮੇ ਕਸ ਲੈ,
ਮੋਢੇ ਤੇ ਲਟਕਿਆ ਟਰਾਂਜ਼ਿਸਟਰ ਬੰਦ ਕਰ ਲੈ,
ਹਾਂ ਹੁਣ ਤੁਰ, ਬਸ 'ਚ ਬਹਿ ਜਾ, ਡਰ ਨਾ,
ਗੁੱਸਾ ਨਾ ਕਰ, ਤਣ ਕੇ ਬੈਠ,
ਠੀਕ ਹੈ, ਹੁਣ ਜ਼ਰਾ ਅਖਾਂ ਬੰਦ ਕਰ ਰਾਮ ਸਿੰਘ,
ਤੇ ਆਪਣੀ ਪਥਰ ਦੀ ਛਤ ਤੇ,
ਤਰੇਲ ਦੇ ਡਿਗਣ ਦੀ ਆਵਾਜ਼ ਯਾਦ ਕਰ,
ਸੂਰਜ ਦਾ ਪੱਤੇ ਦੀ ਤਰ੍ਹਾਂ ਕੰਬਣਾ,
ਹਵਾ ਵਿਚ ਅਸਮਾਨ ਦਾ ਫੜ ਫੜਾਉਣਾ,
ਗਾਵਾਂ ਦਾ ਨਦੀਆਂ ਵਾਂਗ ਰਿੰਗਦੇ ਹੋਏ ਭਜਣਾ,
ਬਰਫ ਦੇ ਖਿਲਾਫ਼ ਲੋਕਾਂ ਤੇ ਬਿਰਖਾਂ ਦਾ ਇਕੱਠੇ ਹੋਣਾ,
ਚੰਗੀ ਖ਼ਬਰ ਦੀ ਤਰ੍ਹਾਂ ਬਸੰਤ ਦਾ ਆਉਣਾ,
ਆਦਮੀ ਦਾ ਹਰ ਵੇਲੇ ਮੌਸਮ ਤੇ ਪਹਾੜਾਂ ਨਾਲ ਲੜਨਾ,
ਕਦੀ ਨਾ ਭਰਨ ਵਾਲੇ ਜ਼ਖਮ ਦੀ ਤਰ੍ਹਾਂ ਪੇਟ,
ਦਿਉਦਾਰ ਨੂੰ ਲਗੇ ਮਹਿਕਦਾਰ ਸ਼ਹਿਦ ਦੇ ਛੱਤੇ,
ਪਹਿਲਾਂ ਵਰਣ ਅਖਰ ਲਿਖ ਲੈਣ ਦਾ ਮਾਣ,
ਤੇ ਆਪਣੀ ਮਾਂ ਦਾ ਕਲਪਣਾ ਯਾਦ ਕਰ ।
ਯਾਦ ਕਰ ਰਾਮ ਸਿੰਘ,
ਕਿ ਉਹ ਕਿਸ ਦਾ ਲਹੂ ਹੁੰਦਾ ਹੈ,
ਜੋ ਉਤਰ ਆਉਂਦਾ ਹੈ ਤੇਰੀਆਂ ਅੱਖਾਂ 'ਚ,
ਗੋਲੀ ਚਲਾਉਣ ਤੋਂ ਪਹਿਲਾਂ ਹਰਵਾਰ ।
ਕਿਥੋਂ ਦੀ ਹੁੰਦੀ ਹੈ ਉਹ ਮਿੱਟੀ,
ਜੋ ਹਰ ਰੋਜ਼ ਸਾਫ ਕਰਨ ਦੇ ਬਾਵਜੂਦ,
ਤੇਰੇ ਭਾਰੀ ਬੂਟਾਂ ਦੇ ਤਲ੍ਹਿਆਂ ਨਾਲ ਚਿਪਕ ਜਾਂਦੀ ਹੈ,
ਕੌਣ ਹੁੰਦੇ ਨੇ ਉਹ ਲੋਕ, ਜੋ ਜਦੋਂ ਮਰਦੇ ਨੇ
ਉਸ ਵਕਤ ਵੀ ਅਖਾਂ 'ਚ ਨਫਰਤ ਭਰਕੇ ਤੈਨੂੰ ਵੇਖਦੇ ਨੇ
ਅਖਾਂ ਬੰਦ ਕਰਨ ਤੋਂ ਪਹਿਲਾਂ ।
ਰਾਮ ਸਿੰਘ ਯਾਦ ਕਰ ਕੇ ਤੁਰ

ਅਨੁਵਾਦ—ਹਰਚਰਨ ਬ੍ਰਾਸੀ

o

## ਦਰਾੜ

o

ਧਰਮ ਪਾਲ ਉਪਾਸ਼ਕ

ਮਿਤਰੋ ਤੇ ਹਮਦਰਦੋ
ਮੈਂ ਉਸ ਸ਼ੋਰ ਵਿਚ ਘਿਰਿਆ ਹਾਂ
ਜਿਥੇ ਮਨੁੱਖਾਂ ਦੇ ਨਾਂ
ਟੋਕਨ ਨੰਬਰਾਂ ਵਿਚ ਬਦਲ ਜਾਂਦੇ ਹਨ

ਜਿਥੇ ਆ ਕੇ ਮਨੁੱਖ, ਮਨੁੱਖ ਨਹੀਂ
ਸਿਰਫ ਮਸ਼ੀਨ ਹੁੰਦਾ ਹੈ
ਤੇ ਜਾਂ ਮਸ਼ੀਨਾਂ ਦਾ ਸ਼ੋਰ
ਮੈਂ ਇਸ ਸ਼ੋਰ ਵਿਚ ਘਿਰਿਆ
ਜ਼ਿੰਦਗੀ ਨਹੀਂ ਜੂਨ ਹੰਢਾਉਂਦਾ ਰਿਹਾਂ ।
ਘਰ ਖੈਰ ਹੋਵੇ
ਬੜੇ ਚਿਰਾਂ ਤੋਂ ਕੋਈ ਮੁਲਾਕਾਤੀ ਨਹੀਂ ਆਇਆ
ਤੇ ਨਗੂਣਾ ਖ਼ਤ ਵੀ ਨਹੀਂ ਪਾਇਆ
ਮੇਰੇ ਲਈ ਵੀ ਮੁਸ਼ਕਲ ਹੈ
ਹਾਲ ਦੀ ਘੜੀ ਆਉਣਾ
ਘਰ ਦੇ ਕਛਾਂ 'ਚ ਦਿਤੇ ਹੱਥਾਂ ਵੱਲ ਵੇਖਣਗੇ
ਤਾਂ ਮੈਂ ਖੜਾ ਖਲੋਤਾ ਨਿਘਰ ਜਾਵਾਂਗਾ
ਕਿਹੜਾ ਮੂੰਹ ਲੈ ਕੇ ਪਰਤਾਂ
ਕੀ ਪਤਾ ਉਹਨਾਂ ਨੂੰ
ਇਥੇ ਪਹਿਲੀ ਤਰੀਕ ਨੂੰ
ਤਲੀ ਤੇ ਤਨਖਾਹ ਨਹੀਂ
ਪਾਰਾ ਟਿਕਦਾ ਹੈ
ਜੋ ਘਰ ਪਹੁੰਚਣ ਤੋਂ ਪਹਿਲਾਂ
ਉਂਗਲਾਂ ਚੋਂ ਕਿਰ ਜਾਵੇ ।
ਕੀ ਪਤਾ ਉਹਨਾਂ ਨੂੰ
ਇਥੇ ਪਹਿਲੀ ਤਰੀਕ ਨੂੰ ਹੀ
ਸ਼ੇਰ ਮੂੰਹੇਂ ਬਰਤਨ
ਸਾਰੇ ਦੇ ਸਾਰੇ ਨੂੰ ਨਿਗਲ ਜਾਣਾਂ ਚਾਹੁੰਦੇ
ਤੇ ਮੇਰੇ ਹਾਲ ਤੇ ਮਾਤਮ ਮਨਾਉਂਦੇ
ਮੈਂ ਆਏ ਦਿਨ ਹੱਥ ਵਢਾ
ਗੁਟਾਂ ਨੂੰ ਪੇਟ 'ਚ ਲੈ ਕੇ ਪਰਤਦਾ ਹਾਂ
ਅਜੀਬ ਦਾਸਤਾਂ ਹੈ
ਇਥੇ ਲੋਹਾ ਟੇਬਲਾਂ ਤੇ ਪਏ
ਟੈਲੀਫੋਨ ਡਕਾਰ ਜਾਂਦੇ ਹਨ
ਤੇ ਚੌਕੀਦਾਰ
ਸਾਡੀਆਂ ਜੇਬਾਂ ਦੀ ਭਾਨ ਟੋਂਹਦਾ
ਬੁਢਾ ਹੋ ਚਲਿਆ।
ਮੈਂ ਖਾਲੀ ਪੇਟ ਨੂੰ
ਅਨੁਸਾਸ਼ਨ ਵਿਚ ਰਖਣ ਲਈ
ਜਦ ਵੀ ਚੜਦੇ ਸੂਰਜ ਨੂੰ ਸੁਲਾਮ ਕੀਤੀ ਹੈ
ਤਾਂ ਕੁਰਸੀਆਂ ਤੇ ਮਨੁੱਖ ਦਾ ਆਦਿ ਰੂਪ ਬੈਠਾ
ਆਦਮ ਬੂ... ਆਦਮ ਬੂ ਕਰ ਉੱਠਦਾ ਹੈ ।
ਇਥੇ ਮਸ਼ੀਨਾਂ
ਮਜ਼ਦੂਰਾਂ ਦੀਆਂ ਉਸਰੀਆਂ ਕਬਰਾਂ ਵਾਂਗ
ਜੋ ਲਾਸ਼ਾਂ ਨੂੰ ਆਏ ਦਿਨ ਉਡੀਕਣ
ਇਥੇ ਮਸ਼ੀਨਾ ਦੇ ਚੱਕ ਨਹੀਂ
ਮਜ਼ਦੂਰ ਨਾਲ ਮਜ਼ਾਕ ਕਰਦੀ
ਰੋਟੀ ਘੁੰਮਦੀ ਹੈ
ਮਸ਼ੀਨਾ ਲੋਹਾ ਨਹੀਂ
ਜਿਸਮ ਤਰਾਸ਼ਦੀਆਂ ਹਨ
ਇਥੇ ਛੁੱਟੀ ਸਮੇਂ ਹੂਟਰ ਨਹੀਂ
ਲੁਟਿਆ ਜਾ ਰਿਹਾ ਮਜ਼ਦੂਰ ਚੀਕਦਾ ਹੈ
ਹੁਣ ਮੇਰੇ ਲਈ
ਜੇਲ ਤੇ ਘਰ ਵਿਚਲਾ ਮੀਲਾਂ ਦਾ ਸਫਰ
ਸਿਮਟ ਕੇ ਕੰਧਾਂ ਨਾਲ ਆ ਲਗਾ
ਹੁਣ ਭਾਵੇਂ
ਅਨੁਸਾਸ਼ਨ ਦੇ ਦਾਵੇਦਾਰ
ਦਨਦਨਾਉਂਦੇ ਆਉਣ
ਤੇ ਹਵਾ 'ਚ ਉਲਰੇ ਹੱਥਾਂ ਤੇ
ਹੱਥਕੜੀਆਂ ਦੀ ਘਾਟ ਵੀ ਕਰਨ ਪੂਰੀ
ਸਮੇਂ ਦੀ ਕਿਹੜੀ ਜ਼ਹਿਰ ਹੈ
ਜੋ ਮੇਰੇ ਧੁਰ ਅੰਦਰ ਨਹੀਂ ਉਤਰੀ
ਹੁਣ ਸੂਲੀ ਤੇ ਟੰਗਿਆ
ਮੁਸਕਰਾ ਵੀ ਸਕਦਾ ਹਾਂ
ਤੇ ਇਸ ਸਰਾਪ ਨੂੰ ਗਲੋਂ ਲਾਹਕੇ
ਵਗਾਹ ਵੀ ਸਕਦਾ ਹਾਂ
ਹੁਣ
ਮੇਰੇ ਸਬਰ ਦੀਆਂ ਕੰਧਾਂ 'ਚ
ਬਹੁਤ ਡੂੰਘੀ ਦਰਾੜ ਆਈ ।

o

## ਪੀਲੇ ਪਿੰਡ ਨੂੰ ਸੂਹੀ ਵੰਗਾਰ

o

### ਸੁਰਜੀਤ ਬਰਾੜ

ਪਿੰਡ ਧਰਤੀ ਜਿੱਡਾ ਸੋਗ ਹੈ
ਪਿੰਡ ਬ੍ਰਹਿਮੰਡ ਜਿੱਡੀ ਚੁੱਪ ਹੈ
ਨਾ ਪੁੱਛੋ-ਨਾ ਪੁੱਛੋ ਇਸ ਪਿੰਡ ਦਾ ਹਾਲ
ਚਹੁੰ-ਪਾਸੀਂ ਰਾਹਾਂ ਉੱਪਰ
ਵਿਛਾ ਦਿੱਤਾ ਗਿਆ ਹੈ ਮਾਈਨਾਂ ਦਾ ਇਕ ਜਾਲ
ਜਿੱਥੇ ਹਰ ਘਰ ਦੇ ਬੂਹੇ ਵਿੱਚ
ਅਠਖੇਲੀਆਂ ਕਰਦੇ ਹਨ ਜੰਜਾਲ—
ਘਨਿਆਉਣੀ ਕਾਲਖ਼
ਪ੍ਰਤੀ ਦਿਨ ਧੁੱਪ ਦਾ ਕਤਲ
ਏਸੇ ਹੀ ਪਿੰਡ ਵਿਚ ਕਰਦੀ ਹੈ—
ਏਸੇ ਪਿੰਡ ਤੇ ਵਰ੍ਹਦੇ ਹਨ
ਵੀਹਵੀਂ ਸਦੀ ਦੇ ਖਵੀਸਾਂ ਦੇ ਮੂਸਲ,
ਇਹ ਤਾਂ ਉਹੋ ਪਿੰਡ ਹੈ
ਜਿੱਥੇ ਜ਼ਿਬਾਹ ਹੁੰਦੀ ਹੈ ਸੂਹੇ ਲਹੂ ਦੀ ਬਾਤ

ਸੱਥਾਂ ਵਿਚਾਲੇ ਨੇੜਿਆਂ ਤੇ ਟੰਗੇ ਬਾਲ
ਏਸੇ ਪਿੰਡ ਦੀ ਕੌੜੀ ਦਾਸਤਾਨ ਹੈ—
ਧਰਮ ਨਾਂ ਇਹ ਉਹੋ ਪਿੰਡ ਹੈ
ਜਿੱਥੇ ਸ਼ਰੀਫ਼ ਮਹਾਸ਼ੇ ਵਲੋਂ
ਦਰੋਪਤੀ ਦਾ ਚੀਰ ਹਰਨ ਕੀਤਾ ਜਾਂਦਾ ਹੈ।
ਇਸ ਪਿੰਡ ਦਾ ਖੇਤਰਫ਼ਲ ਲਹੂ-ਓ-ਲੁਹਾਣ ਹੈ
ਜਲ੍ਹਿਆਂ ਵਾਲੇ ਬਾਗ਼ ਤੋਂ ਲੈ ਕੇ ਦੱਦਾਹੂਰ ਤੱਕ
ਮੋਗੇ ਤੋਂ ਲੈ ਕੇ ਰੱਲੇ ਅਤੇ ਦਸੂਹੇ ਤੱਕ
ਗੋਲੀਆਂ ਨਾਲ ਸੱਚ ਭੁੰਨਿਆ ਗਿਆ ਹੈ—
ਜਿੱਥੇ ਮਾਵਾਂ ਦੇ ਮੂੰਹੀਂ ਸਜਾਏ ਬੱਚਿਆਂ ਦਾ
ਮਾਸ ਤੁੰਨਿਆ ਗਿਆ ਹੈ—
ਧਰਮ ਨਾਂ ਇਹ ਉਹੋ ਪਿੰਡ ਹੈ
ਜਿੱਥੇ ਚਿੱਟੀ ਦਹਿਸ਼ਤ ਨੰਗਾ ਨਾਚ ਕਰਦੀ ਹੈ
ਜਿੱਥੇ ਕਾਨੂੰਨ-ਪੁਲਸ-ਫ਼ੌਜ ਹਲਕੀ ਫਿਰਦੀ ਹੈ
ਜਿੱਥੇ ਉੱਕਾ ਪਰਵਾਹ ਨਹੀਂ ਚਮੜੀ ਦੀ
ਜਿੱਥੇ ਪੁੱਛ ਹੈ ਦਮੜੀ ਦੀ
ਹੁਣ ਸੱਥਾਂ ਵਿਚਕਾਰ ਭੀੜ ਤਾਂ ਜੁੜਦੀ ਹੈ
ਪਰ ਮਧੁਰ ਹਾਸਿਆਂ ਦੀ ਛਣਕਾਰ ਲੈ ਕੇ ਨਹੀਂ
ਟਿਚਰਾਂ ਵਰਗਾ ਰਸ-ਭਿੰਨਾ ਪਿਆਰ ਲੈ ਕੇ ਨਹੀਂ
ਹੁਣ ਭੀੜ ਤਾਂ ਜੁੜਦੀ ਹੈ
ਸਗੋਂ ਕਤਲ ਕੀਤੇ ਮਿੱਤਰਾਂ ਦੀ ਯਾਦ ਵਿਚ
ਸੋਗ ਦਾ ਸੱਥਰ ਵਿਛਾ ਕੇ—
ਹੁਣ ਤ੍ਰਿਝਣਾਂ ਦੀਆਂ ਥਾਵਾਂ ਤੇ ਸਿਆਪੇ ਹੁੰਦੇ ਹਨ
ਦਿਲ ਚੀਰਵੇਂ ਵੈਣ ਗਾਏ ਜਾਂਦੇ ਹਨ—।
ਪਿੰਡ ਜੋ ਸਾਰੀ ਸਾਰੀ ਰਾਤ ਦੀਆਂ ਧੂਣੀਆਂ ਦਾ
ਨਿਘਾਸ ਮਾਣਦਾ ਸੀ
ਨਾ ਗ਼ਮ—ਨਾ ਉਦਾਸੀ ਜਾਣਦਾ ਸੀ
ਪਰ ਅੱਜ ਉਹੋ ਪਿੰਡ ਸਿਵੇ ਵਾਕੁਣ ਬਲ ਰਿਹਾ ਹੈ
ਪਲ ਪਲ ਮਰ ਰਿਹਾ ਹੈ . ਜਲ ਰਿਹਾ ਹੈ—
ਹੁਣ ਝਾਂ ਪਿੰਡ ਤੋਂ ਉਦਾਸ ਉੱਡ ਜਾਂਦੀ ਹੈ
'ਮਾਮੇ ਦੀ ਚਿੜੀ' ਮਹਿਖ਼ਸਰ ਤੋਂ ਡਰਦੀ
ਮਿਸ਼ਟਾਨ ਖ਼ੁਰਾਕ ਦੀ ਥਾਂ
ਹੁਣ ਉਸਨੂੰ ਜ਼ਹਿਰ ਮਿਲਦੀ ਹੈ—
ਪਿੰਡ ਦੀ ਨਿਆਈਂ ਦੇ ਹਰੇ-ਭਰੇ ਰੁੱਖ
ਸੁੱਕ ਗਏ ਹਨ ਜਿੱਥੇ ਉੱਲੂਆਂ ਦਾ ਵਾਸਾ ਹੈ—
ਕੌਡੀ-ਬਾਡੀ ਖੇਡਣ ਵਾਲਿਆਂ ਰੌੜਾਂ ਵਿੱਚ
ਭੱਖੜੇ ਦੇ ਬੂਟੇ ਅਤੇ ਕੀੜਿਆਂ ਦੇ ਭੌਣ ਹਨ—
ਤੀਆਂ ਵਾਲੇ ਬੋਹੜ ਹੇਠਾਂ
ਅੱਜ ਕੱਲ੍ਹ ਬਾਗ਼ੀ ਫ਼ਾਹੇ ਲਾਏ ਜਾਂਦੇ ਹਨ
ਫਿਰ ਡੈਣਾਂ ਤੋਂ ਨਾਚ ਕਰਵਾਏ ਜਾਂਦੇ ਹਨ—
ਧਰਮ ਨਾਂ ਇਹ ਉਹੋ ਪਿੰਡ ਹੈ
ਜਿਥੇ ਨਾਦਰੀ-ਕਹਿਰ ਸ਼ੂਕਦਾ
ਜਿੱਥੇ ਨੂਰ ਟੁੱਟੀ ਵਾਣ ਦੀ ਮੰਜੀ 'ਚ
ਗਿੱਟੇ ਗੋਡੇ ਤੁੜਵਾ ਕੇ—ਪਿਆ ਚੂਕਦਾ ਹੈ—
ਜਿੱਥੇ ਸਿੱਖ਼ਰ ਦੁਪਹਿਰੇ ਹਾੜ ਬੋਲਦਾ ਹੈ
ਜਿੱਥੇ ਸਪੀਕਰਾਂ ਗੰਦੀ ਗਾਲ੍ਹ ਜਿਹਾ
'ਮਾਨ-ਮਰਾੜ੍ਹ' ਬੋਲਦਾ ਹੈ—
ਜਿੱਥੇ ਤਿੰਨ ਬਾਂਦਰਾਂ ਦਾ ਗੁਰੂ
ਗਾਂਧੀ ਟੋਪੀ ਸਜਾ ਕੇ
ਇਨਸਾਫ਼ ਦਾ ਤਰਾਜ਼ੂ ਉਠਾ ਕੇ
ਕਾਣੀ ਵੰਡ ਕਰਦਾ ਹੈ ਝੂਠ ਬੋਲਦਾ ਹੈ।
ਕੰਗਾਲੀ-ਭੁੱਖ-ਨੰਗ-ਸੰਤਾਪ ਦੇ ਮਾਰੂ ਭੂਚਾਲ ਨਾਲ
ਪਿੰਡ ਥੇਲਿਆਂ ਦਾ ਰੂਪ ਬਣ ਗਿਆ ਹੈ
ਕੰਧਾਂ ਨੂੰ ਬੇਸ਼ਰਮ ਰੇਹੀ ਖਾ ਗਈ ਹੈ,
ਤਸਕੀਨ ਪਰ ਲਾ ਕੇ ਉੱਡ ਗਈ ਹੈ।
ਪਿੰਡ ਵਾਸੀਓ ! ਉਦਾਸ ਸਾਥੀਓ !!
ਜੇ ਮੌਸਮ ਇਹੋ ਰਿਹਾ : ਹਾਲ ਇਹੋ ਰਿਹਾ
ਤਾਂ ਇਸ ਪਿੰਡ ਦਾ ਭੂਗੋਲ
ਭੂਤਾਂ-ਪਰੇਤਾਂ ਹੀ ਰਚਣਗੀਆਂ—
ਤੇ ਫਿਰ ਇਕ ਦਿਨ ਐਸਾ ਵੀ ਆਵੇਗਾ
ਜਦੋਂ ਲੰਡਰ 'ਰਾਮਰਾਜ' ਕੁਹਰਾਮ ਮਚਾਵੇਗਾ
ਸਾਰੀ ਖ਼ਲਕਤ ਮਾਰ ਮੁਕਾਵੇਗੇ
ਤਿੱਪ ਤਿਪ ਡੀਕਾਂ ਲਾ ਕੇ ਖ਼ੂਨ ਪੀ ਜਾਵੇਗਾ—
ਸਾਥੀਓ ਸੰਭਾਲੋ ! ਆਪਣੇ ਆਪ ਨੂੰ ਸਮਾਰੋ
ਤੁਹਾਡੀਆਂ ਨਾੜਾਂ ਵਿਚ ਸੁਰਖ਼ ਲਹੂ ਹੈ—
ਰੂਪੋਸ਼ ਹੋਏ ਸਤਵਾਦੀ ਤਪਸ਼ ਮੁਕਾਉਣ ਗਏ ਹਨ
ਜਰਵਾਣਿਆਂ ਹੱਥੋਂ ਤੁਹਾਡੀ ਗੈਲ ਛੁਡਾਉਣ ਗਏ ਹਨ—
ਪਿੰਡੋ ! ਸੰਭਲੋ ! ਉਠੋ !
ਤੁਹਾਨੂੰ ਵਿਰਸੇ ਦੀ ਸਹੁੰ : ਸੁਰਖ਼ ਲਹੂ ਦੀ ਸਹੁੰ
ਇਹ ਦੌਰ ਹੈ ਜ਼ਿਦਾਬਾਜ਼ੀ ਦਾ
ਪਾਟੇ ਅਸਮਾਨ ਨੂੰ ਧਿਗਾੜੀਆਂ ਲਾਉਣ ਦਾ
ਸਾਂਝੀਵਾਲਤਾ ਦਾ ਮਿੱਠਾ ਗੀਤ ਗਾਉਣ ਦਾ
ਧਰਤੀ ਉਪਰ ਨੰਦਨ ਬਾਗ਼ ਲਿਆਉਣ ਦਾ
ਸੁਰਖ਼ ਲਹੂ ! ਬੋਲ ਬੋਲ !
ਬੋਲ-ਉੱਚੀ ਬਾਂਹ ਕਰਕੇ
ਸੀਸ ਤਲੀ ਉੱਪਰ ਧਰਕੇ
ਬੋਲ-ਵਰਮ ਵਿਚ ਹੌਸਲੇ ਭਰਕੇ
ਕੁੱਟ-ਮਾਰ ਹਿੱਕਾਂ ਤੇ ਜਰਕੇ
ਬੋਲ-ਹੱਥੀਂ ਹੱਕ-ਸੱਚ ਦੀ ਮਸ਼ਾਲ ਫੜਕੇ
ਵੇਲਾ ਜਾਂਦਾ ਹੈ : ਵੇਲਾ ਜਾਂਦਾ ਹੈ
ਚੁੱਪ ਸਾਧ ਕੇ : ਭਾਣਾ ਮੰਨ ਕੇ
ਮੁਕਤੀ ਕਦੇ ਵੀ ਮਿਲਿਆ ਨਹੀਂ ਕਰਦੀ
ਮੁਕਤੀ ਤਾਂ ਮਿਲਿਆ ਕਰਦੀ
ਸਿਰਫ਼ ਲੜਕੇ ! ਸਿਰਫ ਲੜਕੇ...
ਸੋ ਪਿੰਡ ਵਿਚਲੇ ਸੁਰਖ਼ ਲਹੂ !
ਬੋਲ-ਬੋਲ-ਬੋਲ ਬੋਲ... ...
ਜਾ ਰਿਹਾ ਵਕਤ ਪੁਕਾਰਦਾ ਹੈ
ਬੋਲੀ ਮਾਰਦਾ ਹੈ : ਲਲਕਾਰਦਾ ਹੈ।

# ਪਾਠਕ ਲੇਖਕ ਫੋਰਮ

ਇਸ ਫੋਰਮ ਵਿਚ ਕੁਝ ਮਹੱਤਵਪੂਰਬ ਵਿਸ਼ੇ ਲਏ ਗਏ ਹਨ। ਔਰਤ-ਮਰਦ ਦੇ ਬਰਾਬਰੀ ਦੇ ਹੱਕਾਂ ਬਾਰੇ ਲੇਖ ਵਿਚ ਜੋ 8 ਮਾਰਚ ਦੇ ਇਸਤਰੀ ਦਿਨ ਦੇ ਪ੍ਰਸੰਗ ਵਿਚ ਲਿਖਿਆ ਗਿਆ ਹੈ, ਸਾਥੀ ਕਰਨੈਲ ਨੇ ਇਸ ਵਿਸ਼ੇ ਦਾ ਸਮਾਜੀ ਵਿਗਿਆਨ ਦੇ ਅਨੁਸਾਰ ਵਿਸ਼ਲੇਸ਼ਨ ਕੀਤਾ ਹੈ ਅਤੇ 'ਆਜ਼ਾਦ' ਔਰਤ ਅਤੇ 'ਮੁੱਕਤ' ਔਰਤ ਦੇ ਸੰਕਲਪ ਨੂੰ ਲੈਂਦੇ ਹੋਏ ਇਹ ਸਪੱਸ਼ਟ ਕੀਤਾ ਹੈ ਕਿ ਔਰਤ ਉਸੇ ਸਮਾਜ ਵਿਚ ਸਹੀ ਸ਼ਬਦਾਂ ਵਿਚ ਬਰਾਬਰੀ ਦਾ ਹੱਕ ਰਖੇਗੀ ਜਿਸ ਸਮਾਜ ਵਿਚ ਮੇਹਨਤਕਸ਼ ਜਮਾਤ ਦੀ ਸਰਦਾਰੀ ਹੋਵੇਗੀ। ਬਠਿੰਡਾ ਤੋਂ ਸੁਖਰਾਜ ਨੇ ਕੌਮਾਂਤਰੀਵਾਦ ਦੇ ਸੰਕਲਪ ਨੂੰ ਲੈਂਦਿਆਂ ਹੋਇਆਂ, ਉਸ ਧਾਰਨਾ ਦੀ ਆਲੋਚਨਾ ਕੀਤੀ ਹੈ, ਜਿਸਦੀ ਵਕਾਲਤ ਹਰਜਿੰਦਰਮੀਤ ਨੇ ਮਈ ਅੰਕ ਵਿਚ ਸਮਤਾ ਦੇ ਉਲਟ ਇਨਕਲਾਬੀ ਬਾਰੇ ਇਕ ਲੇਖ ਵਿਚ ਕੀਤੀ ਸੀ। ਕੈਨੇਡਾ ਤੋਂ ਇਕ ਨਿੱਜੀ ਚਿਠੀ ਜਿਹੜੀ ਰਨਬੀਰ ਸਿੰਘ ਵਲੋਂ ਆਈ ਹੈ, ਕੈਨੇਡਾ ਵਸਦੇ ਪੰਜਾਬੀਆਂ ਦੀ ਜ਼ਿੰਦਗੀ ਬਾਰੇ ਝਾਤ ਪਾਂਦੀ ਹੈ। 1967 ਵਿਚ ਰਨਬੀਰ ਸਿੰਘ ਕੈਨੇਡਾ ਜਾਣ ਤੋਂ ਪਹਿਲਾਂ ਪਿੰਡ ਨਾਥਵਾਲਾ (ਫਰੀਦਕੋਟ) ਵਿਚ ਮਾਸਟਰ ਸਨ। ਨਰਿੰਦਰ ਮਦੂ ਦੀ ਇਨਕਲਾਬ ਤਾਕਤਾਂ ਤੇ ਇਕ ਟਿਪਣੀ ਵੀ ਇਸ ਮਸਲੇ ਤੇ ਵਿਚਾਰ ਵਟਾਂਦਰੇ ਲਈ ਧਿਆਨ ਮੰਗਦੀ ਹੈ। ਚੋਣਾਂ ਸਾਡੀ ਅਜ ਦੀ ਰਾਜਸੀ ਜ਼ਿੰਦਗੀ ਵਿਚ ਖਾਸ ਥਾਂ ਰਖਦੀਆਂ ਹਨ। ਚੋਣਾਂ ਸਿਸਟਮ ਤੋਂ ਪੂਰੀ ਤਰ੍ਹਾਂ ਬਦਜ਼ਨ ਹੋਣ ਤੇ ਵੀ ਲੋਕ 60-70 ਫੀਸਦੀ ਪਰਚੀਆਂ ਪਾਉਂਦੇ ਹਨ। ਜਿਨਾਂ ਚਿਰ ਲੋਕ ਸੰਘਰਸ਼ਾਂ ਰਾਹੀਂ ਚੋਣਾਂ ਦਾ ਕੋਈ ਬਦਲ ਸਥਾਪਤ ਨਹੀਂ ਹੁੰਦਾ, ਉਨਾ ਚਿਰ ਚੋਣਾਂ ਰਾਜਸੀ ਬਹਿਸ ਦਾ ਚਰਚਾ ਬਣਦੀਆਂ ਰਹਿਣੀਆਂ। ਇਸ ਵਿਸ਼ੇ ਤੇ ਇਹ ਚਰਚਾ ਹੀ ਇਸ ਅਦਾਰੇ ਦਾ ਭਰਮ ਜਾਲ ਤੋੜਣ ਵਿਚ ਸਹਾਈ ਹੋਵੇਗਾ। ਉਸ ਵਿਸ਼ੇ ਤੇ ਦਸੂਹੇ ਤੋਂ ਸਾਡੇ ਵਲ ਭੇਜਿਆ ਹੋਇਆ ਕੁਮਾਰ ਸੈਣੀ ਦਾ ਇਹ ਲੇਖ ਇਸ ਫ਼ੋਰਮ ਵਿਚ ਸ਼ਾਮਿਲ ਕੀਤਾ ਗਿਆ ਹੈ। ਕੁਮਾਰ ਸੈਣੀ ਪੰਜਾਬ ਕਾਂਗਰਸ (ਐਸ) ਦੇ ਇਹ ਅਹੁਦੇਦਾਰ ਹਨ। ਸਮਤਾ ਦੇ ਮੈਟਰ ਬਾਰੇ ਅਤੇ ਪ੍ਰੋ. ਭਾਰਦਵਾਜ ਦੇ ਲੇਖ ਬਾਰੇ ਟਿਪਣੀਆਂ ਵੀ ਇਸ ਫੋਰਮ ਦਾ ਖਾਸ ਭਾਗ ਹਨ। ਇਸ ਕਿਸਮ ਦੀਆਂ ਟਿਪਣੀਆਂ ਦਾ ਅਸੀਂ ਸਵਾਗਤ ਕਰਦੇ ਹਾਂ।

ਸਾਡੇ ਬਹੁਤ ਸਾਰੇ ਲੋਕ ਰੋਜ਼ੀ ਦੀ ਤਲਾਸ਼ ਵਿਚ ਬਾਹਰਲੇ ਮੁਲਕਾਂ ਵਿਚ ਗਏ ਹਨ। ਉਹਨਾਂ ਵਿਚੋਂ ਬਹੁਤੇ ਲੋਕ ਬਰਤਾਨੀਆਂ ਵਿਚ ਹਨ। ਸਾਡਾ ਦੇਸ਼ ਬਰਤਾਨੀਆਂ ਦੀ ਸਰਦਾਰੀ ਵਿਚ ਕਾਮਨ ਵੈਲਥ ਦੇਸ਼ਾਂ ਦਾ ਮੈਂਬਰ ਵੀ ਹੈ ਕਾਮਨ ਵੈਲਥ ਦਾ ਮੈਂਬਰ ਰਹਿਣ ਦੀ ਹੈਸੀਅਤ ਵਿਚ ਅਸੀਂ ਅੰਗਰੇਜ਼ੀ ਕੰਪਨੀਆਂ ਨੂੰ ਖੁਲ੍ਹ ਦਿਤੀ ਹੈ ਕਿ ਉਹ ਕਰੋੜਾਂ ਰੁਪਿਆਂ ਦਾ ਮੁਨਾਫਾ ਹਰ ਸਾਲ ਸਾਡੇ ਦੇਸ਼ ਵਿਚੋਂ ਲਿਜਾ ਸਕਨ, ਪਰ ਬਰਤਾਨੀਆਂ ਵਿਚ ਸਰਕਾਰ ਵਲੋਂ ਜੋ ਕਾਲੇ ਲੋਕਾਂ ਨਾਲ ਸਲੂਕ ਹੋ ਰਿਹਾ ਹੈ, ਉਹ ਉਸ ਸਰਕਾਰ ਦੇ ਫਾਸ਼ੀ ਚਿਹਰੇ ਨੂੰ ਨੰਗਾ ਕਰਦਾ ਹੈ। ਕਾਲੇ ਲੋਕਾਂ ਵਿਚ ਬਹੁਤ ਗਿਣਤੀ ਹਿੰਦੋਸਤਾਨੀਆਂ ਅਤੇ ਪਾਕਿਸਤਾਨੀਆਂ ਦੀ ਹੈ, ਜਿਨ੍ਹਾਂ ਨੇ ਸੱਸਤੀ ਲੇਬਰ ਦੀ ਹੈਸੀਅਤ ਵਿਚ ਬਰਤਾਨੀਆ ਦੀ ਆਰਥਿਕਤਾ ਨੂੰ ਉਤੇ ਚੁੱਕਿਆ ਹੈ। ਹੁਣ ਇਹ ਆਰਥਿਕਤਾ ਹਕੂਮਤ ਦੀਆਂ ਆਈਆਂ ਨਾਲਾਇਕੀਆਂ ਕਰਕੇ ਸੰਕਟ ਵਿਚ ਹੈ। ਉਥੇ ਬੇਰੁਜ਼ਗਾਰੀ ਵੱਧ ਰਹੀ ਹੈ ਤੇ ਇਸ ਦਾ ਨਿਸ਼ਾਨਾ ਕਾਲੇ ਲੋਕ ਬਣ ਰਹੇ ਹਨ। ਨਸਲੀ ਦੰਗਿਆਂ ਕਰਕੇ ਉਹਨਾਂ ਦਾ ਜੀਣਾ ਹਰਾਮ ਕੀਤਾ ਜਾ ਰਿਹਾ ਹੈ। ਕਾਲੇ ਲੋਕਾਂ ਨੇ ਆਪਣੀ ਸਵੈ-ਰਖਿਆ ਲਈ ਯੁਨਾਈਟਿਡ ਬਲੈਕ ਯੂਥ ਲੀਗ ਬਣਾਈ ਹੈ। ਬਰੈਡਫੋਰਡ ਵਿਚ ਇਹਦੇ 12 ਕਾਰਕੁਨਾਂ ਉਤੇ ਮੁਕੱਦਮਾ ਚਲਾਇਆ ਗਿਆ। ਇਸ ਬਾਰੇ ਅਮ੍ਰਿਤ ਵਿਲਸਨ ਦੀ ਇਕ ਰਿਪੋਰਟ ਸਮਤਾ ਦੇ ਪਾਠਕਾਂ ਲਈ ਦੇ ਰਹੇ ਹਾਂ। ਅਮ੍ਰਿਤ ਵਿਲਸਨ-ਬਰਤਾਨੀਆਂ ਦੀ ਪ੍ਰਸਿਧ ਸਪਤਾਹਕ ਨਿਊ ਸਟੇਟਸਮੈਨ ਦੀ ਪਤਰਕਾਰ ਹੈ, ਉਹ ਆਪ ਵੀ ਬਰਤਾਨਵੀ ਨਸਲਵਾਦੀਆਂ ਵਿਰੁੱਧ ਕਾਲੇ ਲੋਕਾਂ ਦੇ ਸੰਘਰਸ਼ ਦੀ ਸਰਗਰਮ ਕਾਰਕੁਨ ਹੈ। ਇਹ ਰਿਪੋਰਟ ਦਿਲੀ ਤੋਂ ਚਮਨ ਲਾਲ ਜੀ ਨੇ ਮੂਲ ਟੈਕਸਟ ਤੋਂ ਅਨੁਵਾਦ ਕਰਕੇ ਭੇਜੀ ਹੈ, ਭਾਵੇਂ ਇਹ ਛਾਪਣ ਵਿਚ ਸਾਨੂੰ ਦੇਰ ਹੋ ਰਹੀ ਹੈ, ਪਰ ਇਸ ਵਿਚ ਦਿਤੀ ਜਾਣਕਾਰੀ ਸਾਡੇ ਪਾਠਕਾਂ ਲਈ ਜ਼ਰੂਰੀ ਹੋਵੇਗੀ। ਇਸੇ ਮਸਲੇ ਤੇ ਹਰੀਸ਼ ਮਲਹੋਤਰਾ ਦਾ ਬਰਮਿੰਘਮ ਤੋਂ ਭੇਜਿਆ ਲੇਖ 'ਭਖਦਾ ਬਰਤਾਨੀਆਂ' ਵੀ ਬੜਾ ਅਹਿਮ ਹੈ।

—ਸੰਪਾਦਕ

## 1. ਮੌਜੂਦਾ ਸਮਾਜਕ ਰਿਸ਼ਤਿਆਂ ਦੇ ਪ੍ਰਸੰਗ 'ਚ ਔਰਤ-ਮਰਦ ਦੇ ਬਰਾਬਰੀ ਦੇ ਹੱਕਾਂ ਬਾਰੇ

ਅਜ ਜਦੋਂ ਹਰ ਪਾਸੇ ਔਰਤ ਦੀ ਬਰਾਬਰੀ ਤੇ ਕੰਮ ਦੇ ਹੱਕ, ਆਜ਼ਾਦੀ ਦੇ ਹੱਕ, ਉਜਰਤ 'ਚ ਬਰਾਬਰੀ ਦੇ ਹੱਕ ਦੀ ਬੂ ਦੁਹਾਈ ਪਾਈ ਜਾ ਰਹੀ ਹੈ ਤਾਂ ਹਰ ਚੇਤੰਨ ਤਬਕਾ ਤੇ ਔਰਤਾਂ ਵੀ ਇਸ ਨਾਹਰੇ ਨੂੰ ਉੱਚਾ ਚੁਕ ਰਹੇ ਹਨ। ਔਰਤਾਂ ਸਮੁੱਚੀ ਮਿਹਨਤਕਸ਼ ਜਮਾਤ

ਦਾ ਅੱਧਾ ਹਿੱਸਾ ਹਨ। ਲਿੰਗ ਮਤਭੇਦ ਦੇ ਆਧਾਰ ਤੇ ਮਨੁੱਖੀ ਨਸਲ ਦੇ ਵਿਕਾਸ ਲਈ ਔਰਤਾਂ, ਮਰਦ ਦਾ ਪ੍ਰਸਪਰ ਸਹਾਇਕ ਅੰਗ ਹਨ। ਔਰਤਾਂ ਦੇ ਮਸਲੇ ਭਾਵ ਔਰਤ ਮਰਦ ਦੇ ਬਰਾਬਰੀ ਦੇ ਹੱਕਾਂ ਪਿਛੇ ਕੀ ਸਮਝ ਕੰਮ ਕਰਦੀ ਹੈ ? ਕੀ ਔਰਤ ਮਰਦ ਵਲੋਂ ਸਦੀਓਂ ਹੀ ਬੇਹਦ ਲਿਤਾੜੀ ਜਾਂਦੀ ਹੈ ? ਕੀ ਮਰਦ ਨੂੰ ਸਮਾਜ ਨੇ ਵਧੇਰੇ ਅਧਿਕਾਰ ਦਿੱਤੇ ਹਨ ? ਕੀ ਸਿਰਫ ਔਰਤਾਂ ਦੀ ਆਜ਼ਾਦੀ ਨਾਲ ਹੀ ਔਰਤਾਂ ਦੇ ਬਰਾਬਰੀ ਦੇ ਹੱਕਾਂ ਦਾ ਮਸਲਾ ਹਲ ਹੋ ਜਾਂਦਾ ਹੈ ? ਕੀ ਸਮੁੱਚੀ ਮਿਹਨਤਕਸ਼ ਜਮਾਤ ਦੀ ਮੁਕਤੀ ਨਾਲੋਂ ਔਰਤ ਦੀ ਮੁਕਤੀ ਨੂੰ ਤੋੜ ਦੇਖਿਆ ਜਾ ਸਕਦਾ ਹੈ ? ਫਿਰ ਔਰਤਾਂ ਦੀ ਬਰਾਬਰੀ ਦੇ ਹੱਕ ਬਾਰੇ ਕੌਣ ਹਨ ਜੋ ਚੀਕ ਰਹੇ ਹਨ ? ਉਨ੍ਹਾਂ ਦੇ ਮਨਸ਼ੇ ਕੀ ਹਨ ? ਕੀ 8 ਮਾਰਚ ਦਾ ਦਿਹਾੜਾ ਸਿਰਫ ਔਰਤਾਂ ਦੀ ਮੁਕਤੀ ਵਜੋਂ ਹੀ ਦੇਖਿਆ ਜਾਵੇ ? ਅਸਲ ਗੱਲ ਕੀ ਹੈ ? ਇਹ ਹਨ ਕੁਝ ਨੁਕਤੇ ਜੋ ਅਸੀਂ ਇਸ ਲੇਖ 'ਚ ਦੇਖਾਂਗੇ।

ਸੰਸਾਰ ਦੀ ਸਮੁੱਚੀ ਮਿਹਨਤਕਸ਼ ਜਮਾਤ ਦੀ ਮੁਕਤੀ ਦਾ ਸੁਆਲ ਸਿਰਫ ਆਰਥਕ ਅਤੇ ਸਮਾਜਕ ਤੌਰ ਤੇ ਹੀ ਮੁਕਤ ਹੋਣ ਦਾ ਹੀ ਨਹੀਂ ਸਗੋਂ ਸਭਿਆਚਾਰਕ ਤੌਰ ਤੇ ਵੀ ਜ਼ੰਜੀਰਾਂ ਨੂੰ ਵਗਾਹ ਮਾਰਨ ਦਾ ਸੁਆਲ ਹੈ। ਸਮੁੱਚੇ ਸਮਾਜ ਦੀ ਮੁਕਤੀ ਨਾਲੋਂ ਸਿਰਫ ਔਰਤਾਂ ਦੀ ਮੁਕਤੀ ਦੀ ਗੱਲ ਤੋੜ ਕੇ ਦੇਖਣੀ ਲਫਾਜ਼ੀ ਹੀ ਹੋ ਸਕਦੀ ਹੈ ਵਿਗਿਆਨਕ ਸੱਚ ਨਹੀਂ ਕਿਉਂਕਿ ਸਮੁੱਚੀ ਮਿਹਨਤਕਸ਼ ਜਮਾਤ ਜਦੋਂ ਅਸੀਂ ਕਹਿੰਦੇ ਹਾਂ ਤਾਂ ਇਸ 'ਚ ਔਰਤ ਤੇ ਮਰਦ ਦੋਹੇਂ ਮਿਲ ਕੇ ਹੀ ਬਣਦੇ ਹਨ। ਦੋਹਾਂ ਧਿਰਾਂ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਕੋਈ ਦੋ ਨਹੀਂ ਨਾ ਹੀ ਅਲੱਗ ਅਲੱਗ ਹਨ। ਸਗੋਂ ਇਕ ਹੀ ਹਨ। ਜਦੋਂ ਸਮਾਜ ਦੀ ਸਮੁੱਚੀ ਮਿਹਨਤਕਸ਼ ਜਮਾਤ ਨੂੰ ਕੜੀਆਂ ਤੋੜ ਕੇ ਆਜ਼ਾਦੀ ਮਿਲਦੀ ਹੈ ਤਾਂ ਦੋਹਾਂ ਨੂੰ ਹੀ ਮਿਲੇਗੀ। ਜਦੋਂ ਮਿਹਨਤਕਸ਼ ਜਮਾਤ ਦੇ ਹੱਥ ਸਰਦਾਰੀ ਆਉਂਦੀ ਹੈ ਤਾਂ ਔਰਤ ਦੀਆਂ ਜ਼ੰਜੀਰਾਂ ਦਾ ਇਕ ਤਕੜਾ ਵੱਡਾ ਹਿੱਸਾ ਆਪੇ ਹੀ ਲਹਿ ਜਾਂਦਾ ਹੈ ਅਤੇ ਨਾਲ ਹੀ ਔਰਤ ਮਰਦ ਦੋਹੇਂ ਪੁਰਾਣੀਆਂ ਸਭਿਆਚਾਰਕ ਰਹੁ-ਰੀਤਾਂ ਨੂੰ ਗਲੋਂ ਲਾਹੁਣ ਲਈ ਅਤੇ ਨਵੀਆਂ ਨਰੋਈਆਂ ਰਹੁ-ਰੀਤਾਂ ਦੀ ਸਥਾਪਤੀ ਲਈ ਮਿਲਵੇਂ ਸੰਘਰਸ਼ ਦੇ ਰਾਹ ਪੈਂਦੇ ਹਨ ਜਿਸ ਰਾਹ ਤੇ ਪਹਿਲਾਂ ਤੁਰਦਿਆਂ ਉਹ ਸਮਾਜੀ ਅਤੇ ਆਰਥਕ ਮੁਕਤੀ ਪ੍ਰਾਪਤ ਕਰ ਚੁੱਕੇ ਹੁੰਦੇ ਹਨ। ਦੋਹਾਂ ਲਈ ਹੀ ਰਹੁ-ਰੀਤਾਂ ਨੂੰ ਵਗਾਹ ਮਾਰਨਾ ਓਨਾ ਹੀ ਜ਼ਰੂਰੀ ਹੈ ਜਿੰਨਾ ਕਿ ਉਹ ਨਵੀਂ ਆਰਥਕ ਅਤੇ ਸਮਾਜਕ ਉਸਾਰੀ ਦੀ ਜ਼ਿਮੇਵਾਰੀ ਦੀ ਪੰਡ ਨੂੰ ਚੁੱਕਣ ਲਈ ਕਦਮ ਚੁੱਕਦੇ ਹਨ।

ਸਿਰਫ ਸੰਸਾਰ ਮੁਕਤੀ ਲਹਿਰਾਂ ਜਾਂ ਹਰ ਕਿਸਮ ਦੇ ਛਿੜੇ ਘੋਲਾਂ ਨੂੰ ਦੇਖਿਆਂ ਹੀ ਔਰਤਾਂ ਦਾ ਰੋਲ ਮਹੱਤਵਪੂਰਨ ਨਹੀਂ ਲਗਦਾ ਸਗੋਂ ਸਮੁੱਚੇ ਸਮਾਜ ਦੀ ਉਸਾਰੀ ਤੋਂ ਲੈ ਕੇ ਆਰਥਕ ਵਿਕਾਸ ਦੇ ਬਦਲਵੇਂ ਰਿਸ਼ਤਿਆਂ ਨਾਲ ਹੀ ਇਹ ਕੋਈ ਮਰਦ ਨਾਲੋਂ ਪਿਛੇ ਨਹੀਂ ਰਹਿੰਦੀ ਰਹੀ। ਹਰ ਦੌਰ 'ਚ ਮਰਦ ਦੀ ਸੰਗੀ ਹੋ ਨਿਬੜੀ ਹੈ ਪਰ ਹਰ ਖੇਤਰ 'ਚ ਸਾਥੀ ਦੇ ਰੋਲ 'ਚ ਰਹੀ ਹੈ ਚਾਹੇ ਕੋਈ ਵੀ ਯੁੱਗ ਹੋਵੇ ਭਾਵ ਗੁਲਾਮ-ਮਾਲਕ, ਜਾਗੀਰਦਾਰੀ, ਸਰਮਾਏਦਾਰੀ, ਮੁੱਢਲਾ ਕਮਿਊਨ ਜਾਂ ਛਿੜੀਆਂ ਮੁਕਤੀ ਲਹਿਰਾਂ ਦਾ ਦੌਰ ਹੋਵੇ। ਹਾਕਮ ਧਿਰਾਂ ਦੀਆਂ ਅੱਖਾਂ 'ਚ ਮਰਦ ਤੇ ਔਰਤ ਨੂੰ ਇਕੋ ਹੀ ਮੁਕਾਬਲੇ 'ਚ ਰੱਖ ਕੇ ਦੇਖਿਆ ਗਿਆ ਹੈ। ਇਹ ਗੱਲ ਵੱਖਰੀ ਹੈ ਕਿ ਸਮਾਜਕ ਵਿਕਾਸ ਦੇ ਬਦਲਵੇਂ ਦੌਰ 'ਚ ਸਮਾਜ ਦੇ ਬਦਲਵੇਂ ਤਵਾਜ਼ਨ 'ਚ ਹੁੰਦੀ ਰਹੀ ਆਰਥਕ ਸਮਾਜਕ ਰਿਸ਼ਤਿਆਂ ਦੀ ਤਬਦੀਲੀ ਨਾਲ ਔਰਤ ਮਰਦ 'ਚ ਵਖਰੇਵਾਂ ਪਾ ਕੇ ਉਨ੍ਹਾਂ ਨੂੰ ਸਮਾਜ ਤੇ ਕਾਬਜ਼ ਹਾਕਮ ਧਿਰ ਆਵਦੇ ਚੰਦਰੇ ਮਨਸ਼ਿਆਂ ਲਈ ਅਲੱਗ ਅਲੱਗ ਰੂਪਾਂ 'ਚ ਵਰਤਦੀ ਰਹੀ ਹੈ ਅਤੇ ਅਜ ਦੀ ਹਾਲਤ 'ਚ ਵੀ ਸਮਾਜਕ ਅਨਸਾਵੇਂਪਣ ਸਦਕਾ ਇਹਨਾਂ ਦੋਹਾਂ 'ਚ ਅਣਸਾਵਾਂਪਣ ਪੈਦਾ ਕੀਤਾ ਹੋਇਆ ਹੈ। ਹਾਕਮ ਧਿਰ ਹਰ ਦੌਰ 'ਚ ਔਰਤ ਨੂੰ ਆਪਣੀ ਅਯਾਸ਼ੀ ਦੇ ਇਕ ਸਾਧਨ ਵਜੋਂ ਹੀ ਚਿਤਵਦਾ ਆਇਆ ਹੈ ਅਤੇ ਉਸ ਦਾ ਸਰੀਰਕ ਤੌਰ ਤੇ ਮਰਦ ਨਾਲੋਂ ਕਮਜ਼ੋਰ ਹੋਣ ਦਾ ਲਾਹਾ ਖਟਦਾ ਆਇਆ ਹੈ।

ਇਸੇ ਲਈ ਹੀ ਉਸ ਨੇ ਮਰਦ-ਔਰਤ ਦੇ ਲਿੰਗ ਅਧਾਰ ਤੇ ਵਖਰੇਵੇਂ ਰਖ ਕੇ ਸਮੁੱਚੀ ਮਨੁੱਖ ਜਾਤੀ 'ਚ ਵਖਰੇਵੇਂ ਦੀ ਲਕੀਰ ਖਿੱਚੀ ਹੋਈ ਹੈ। ਅਜ ਜਦੋਂ ਇਸ ਸਮੇਂ ਔਰਤ ਦੀ ਬਰਾਬਰੀ ਦੀ ਗੱਲ ਕਰਦਾ ਹੈ ਤਾਂ ਅਸੀਂ ਦੇਖਣਾ ਹੈ ਕਿ ਇਸ ਦੀ ਅਸਲੀਅਤ ਕੀ ਹੈ। ਜਦੋਂ ਅਸੀਂ ਸਮੁੱਚੇ ਸਮਾਜ ਦੇ ਸਮਾਜਕ ਆਰਥਕ ਵਿਕਾਸ ਦੇ ਪੱਖਾਂ ਨੂੰ ਦੇਖਦੇ ਹਾਂ ਜਿਸ 'ਚ ਔਰਤ ਦਾ ਰੋਲ ਆਦਮੀ ਦੇ ਸਮਾਜ 'ਚ ਬਦਲੇ ਰੋਲ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ, ਫਿਰ ਵੀ ਜੇ ਔਰਤ ਨੂੰ ਲਗਾਤਾਰ ਸਦੀਆਂ ਤੋਂ ਮਰਦ ਨਾਲੋਂ ਹੇਠਲਾ ਰੁਤਬਾ ਮਿਲਿਆ ਹੈ ਤਾਂ ਉਹ ਇਸ ਕਰਕੇ ਕਿ ਹਾਕਮ ਜਮਾਤਾਂ ਔਰਤ ਨੂੰ ਮਰਦ ਦੇ ਬਰਾਬਰ ਦਾ ਭਾਈਵਾਲ ਸਮਝਣ, ਇਕ ਪੱਧਰ ਦਾ ਸਾਥੀ ਮੰਨਣ ਤੋਂ ਇਨਕਾਰੀ ਰਹੇ ਹਨ ਅਤੇ ਉਸ ਵਲੋਂ ਪਾਈ ਕਿਰਤ 'ਚ ਉਪਜਾਊ ਹਿਸਾ ਪਤੀ ਨੂੰ ਅਣਗੌਲਿਆਂ ਕਰਕੇ ਮਹਿਜ ਇਕ ਖਿਡੌਣਾ ਹੀ ਸਮਝਦੀਆਂ ਰਹੀਆਂ ਹਨ। ਕਿਉਂਕਿ ਹਾਕਮ ਜਮਾਤਾਂ ਹਮੇਸ਼ਾਂ ਹੀ ਮਿਹਨਤੀ ਤਬਕੇ ਨੂੰ ਮੰਡੀ ਵਿਚੋਂ ਖਰੀਦੀ ਜਾਣ ਵਾਲੀ ਜਿਨਸ ਸਮਝਕੇ ਹੀ ਅਤੇ ਅਗੋਂ ਲਿੰਗ, ਨਸਲ, ਰੰਗ ਦੇ ਆਧਾਰ ਤੇ ਕੰਮ ਤੇ ਮੁਨਾਫ਼ੇ ਆਧਾਰ ਤੇ

ਮੁਲ ਪਾਉਣ ਦੇ ਸ਼ਾਹੂਕਾਰਾ ਢੰਗ ਵਜੋਂ ਹੀ ਦੇਖਦੇ ਆਏ ਹਨ। ਜਿਸ ਨਾਲ ਹੀ ਦੋਹਾਂ ਕੰਮਾਊ ਧਿਰਾਂ 'ਚ ਵਖਰੇਵੇਂ ਦੀ ਲੀਕ ਖਿੱਚ ਕੇ ਪਾੜਾ ਪਾਉਣ ਦਾ ਰੋਲ ਨਿਭਾਉਂਦੇ ਰਹੇ ਹਨ। ਪਰ ਇਸ ਦੇ ਬਾਵਜੂਦ ਵੀ ਮਰਦ ਸੰਗ ਔਰਤ ਦਾ ਕਿਰਤ 'ਚ ਹਿੱਸਾ ਬਰਾਬਰ ਦਾ ਹੀ ਰਿਹਾ ਹੈ। ਇਹ ਗੱਲ ਅਸੀਂ ਅੱਜ ਵੀ ਦੇਖ ਸਕਦੇ ਹਾਂ ਕਿ ਮਿਹਨਤਕਸ਼ ਤਬਕਿਆਂ 'ਚ ਔਰਤ ਅਤੇ ਮਰਦ ਦਾ ਰਿਸ਼ਤਾ, ਕਿਰਤ ਦੇ ਆਧਾਰ 'ਤੇ ਕੰਮ ਦੀ ਵੰਡ ਤੋਂ ਛੁਟ ਘਰੇਲੂ ਆਰਥਕਤਾ 'ਚ ਵੀ ਬਰਾਬਰ ਹਿੱਸਾ ਹੋਣ ਕਰਕੇ ਬਰਾਬਰ ਦਾ ਹੀ ਤੁਰਿਆ ਆ ਰਿਹਾ ਹੈ ਜੇ ਪਾੜਾ ਦਿਸਦਾ ਹੈ ਤਾਂ ਉਹ ਸਮਾਜ ਤੇ ਭਾਰੂ ਧਿਰ ਦੀਆਂ ਸਭਿਆਚਾਰਕ ਰਹੁ-ਰੀਤਾਂ ਦੇ ਅਸਰ ਵਜੋਂ ਹੀ ਹੈ। ਭਾਵ ਹਾਕਮ ਧਿਰ ਹੀ ਔਰਤ ਨੂੰ ਅਯਾਸ਼ੀ ਦੇ ਸੰਦ ਦੀ ਪੂਰਤੀ ਅਤੇ ਘਟ ਉਜਰਤ ਦੇ ਕੇ 'ਵਫ਼ਾਦਾਰ' ਮਜ਼ਦੂਰ ਜਿਨਸ ਖਰੀਦਣ ਦੇ ਮਣਸ਼ੇ ਨਾਲ ਹੀ ਹੈ। ਨਾਲ ਹੀ ਹਾਕਮ ਜਮਾਤਾਂ ਦਾ ਹਰ ਦੌਰ 'ਚ ਹੀ ਗੁਲਾਮ-ਮਾਲਕ, ਜਗੀਰਦਾਰੀ, ਸਰਮਾਏਦਾਰੀ— ਸਮਾਜੀ ਕਾਨੂੰਨ ਘਾੜਨੀਏ ਜੋ ਉਨ੍ਹਾਂ ਦੇ ਚਾਟੜਿਆਂ ਵਜੋਂ ਕੰਮ ਕਰਦੇ ਆਏ ਹਨ, ਰੀਤੀ-ਰਿਵਾਜਾਂ, ਰਸਮਾਂ, ਕਰਮਾਂ, ਧਰਮਾਂ ਦੀਆਂ ਰਹੁ-ਰੀਤਾਂ ਦੇ ਬੰਧਨਾਂ ਦੀ ਬੂ-ਦੁਹਾਈ ਉੱਚੀ ਚੁੱਕ ਕੇ ਛਲਾਵੇ ਦਾ ਭਰਮ ਜਾਲ ਫੈਲਾਉਂਦੇ ਮਿਹਨਤਕਸ਼ ਤਬਕਿਆਂ ਦੇ ਹਿੱਸਿਆਂ ਨੂੰ ਗੁਮਰਾਹ ਕਰਨ ਦਾ ਸੰਦ ਬਣਦੇ ਰਹੇ ਹਨ। ਜੋ ਸਮਾਜ 'ਚ ਔਰਤ ਮਰਦ ਦੇ ਬਰਾਬਰ ਦੇ, ਸਮਾਜਿਕ ਵਿਕਾਸ 'ਚ ਹਿਸੇ ਨੂੰ ਪਿਛੇ ਕਰਦੇ ਸਿਰਫ਼ ਮਰਦ ਅਤੇ ਮਰਦਾਂ 'ਚੋਂ ਸਿਰਫ ਉਪਰਲੇ ਤਬਕਿਆਂ ਦੇ ਮਰਦਾਂ ਨੂੰ ਹੀ ਹੀਰੋ ਬਣਾ ਕੇ ਪੇਸ਼ ਕਰਦੇ ਆਏ ਹਨ ਅਤੇ ਆਪਣੇ ਸਮਾਜ 'ਚ ਪਾਏ ਭਰਮ ਜਾਲਾਂ ਦੇ ਬੰਧਨਾਂ ਨੂੰ ਔਰਤ ਦੇ ਗਲ 'ਚ ਵਧ ਪੇਚਦੇ ਰੂਪ ਸੁਟਦੇ ਆਏ ਹਨ ਅਤੇ ਅਜੇ ਵੀ ਹਨ। ਜਦੋਂ ਅਸੀਂ 'ਔਰਤ ਦੀ ਬਰਾਬਰੀ' ਦੀ ਜਾਂ 'ਮੁਕਤੀ' ਦੀ ਗੱਲ ਕਰੀਏ ਤਾਂ ਸਾਨੂੰ ਉਨ੍ਹਾਂ ਵਲੋਂ ਪਾਈਆਂ ਇਹਨਾਂ ਬਰੀਕ ਤੰਦਾਂ ਨੂੰ ਬੁਝਨਾ ਬਣਦਾ ਹੈ।

ਅੱਜ ਜਦੋਂ ਜਮਹੂਰੀ ਤਬਕੇ ਅਤੇ ਅਖੌਤੀ ਕਮਿਊਨਿਸਟ ਹਲਕੇ ਔਰਤ ਦੇ 'ਬਰਾਬਰ ਦੇ ਹੱਕਾਂ' ਦੀ ਗੱਲ ਕਰਦੇ ਨਹੀਂ ਥਕਦੇ ਅਤੇ ਭਾਰਤੀ ਔਰਤ ਨੂੰ ਪਛਮੀ, ਯੂਰਪੀ, ਸੋਵੀਅਤ ਯੂਨੀਅਨ, ਚੀਨ ਆਦਿ ਵਖ ਵਖ ਸਮਾਜ ਦੀਆਂ ਔਰਤਾਂ ਦੇ ਮੁਕਾਬਲੇ ਦੀ ਦੇਖਣ ਦੇ ਸੁਪਨੇ ਲੈਂਦੇ ਹੋਏ, ਅੱਜ ਔਰਤ ਦੀ ਬਰਾਬਰੀ ਦੀ ਮੰਗ ਨੂੰ ਮਸਾਲੇ ਲਾ ਕੇ ਪੇਸ਼ ਕਰਦੇ ਹਨ। ਤਾਂ ਇਹ ਹੀ ਨਹੀਂ ਕਿ ਇਸ ਦੇ ਪਿਛੇ ਉਨ੍ਹਾਂ ਦਾ ਮਕਸਦ ਸਚੀਉਂ ਹੀ ਬਰਾਬਰੀ ਦੇ ਪੱਧਰ ਨੂੰ ਦੇਖਣਾ ਹੈ ਸਗੋਂ ਉਹ ਹਾਕਮ ਧਿਰ ਦੀ ਲੋੜ ਦੀ ਬੋਲੀ ਹੀ ਬੋਲ ਕੇ ਉਨ੍ਹਾਂ ਦੀ ਸੇਵਾ ਕਰਦੇ ਹੋਏ ਧਾਰਮਕ ਚਾਟੜਿਆਂ ਨਾਲੋਂ ਵੀ ਮੂਹਰੇ ਹੋ ਕੇ ਚਾਕਰੀ ਦੀ ਹੱਦ ਤੱਕ ਜਾਂਦੇ ਹਨ। 'ਔਰਤ ਦੀ ਬਰਾਬਰੀ' ਦਾ ਸੰਕਲਪ ਸਰਮਾਏਦਾਰੀ ਦੌਰ 'ਚ ਸਿਰਫ ਸਰਮਾਏਦਾਰੀ ਧਿਰ ਵਲੋਂ ਹੀ ਪ੍ਰਚਾਰਿਆ ਜਾ ਰਿਹਾ ਹੈ ਕਿਉਂਕਿ ਉਹਨਾਂ ਦੀ ਅਰਥ ਪਿਛੋਂ ਉਨ੍ਹਾਂ ਦਾ ਮਨਸ਼ਾ ਆਪਣੇ ਜੱਦੀ ਹਿੱਤਾਂ ਤੋਂ ਕਿਸੇ ਵੀ ਤਰ੍ਹਾਂ ਵੱਖਰਾ ਨਹੀਂ। ਉਹ ਸਿਰਫ ਔਰਤ ਨੂੰ ਬਾਜ਼ਾਰ 'ਚੋਂ ਮਿਹਨਤ ਸ਼ਕਤੀ ਖਰੀਦਣ ਭਾਵ ਮੌਰਦ ਨਾਲੋਂ ਸਸਤੀ, ਦੀਮਾਗੀ ਤੇ ਸੂਖਮ ਕੰਮਾਂ ਦੀ ਮਾਹਰ, ਘਟ ਉਜਰਤ ਦੇ ਕੇ ਵੱਧ ਮੁਨਾਫ਼ੇ ਹਾਸਲ ਕਰਨ, ਮਰਦਾਵੀਂ ਮਿਹਨਤ ਨਾਲੋਂ ਖਿੰਡੀ ਪੁੰਡੀ ਧਿਰ ਭਾਵ ਹੜਤਾਲਾਂ ਆਦਿ ਤੋਂ ਬਚਾਉ ਲਈ, ਇਸ ਤੋਂ ਵੀ ਵਧ ਕੇ ਆਪਦੇ ਮਾਲ ਦੀ ਵਿਕਰੀ ਅਤੇ ਅਯਾਸ਼ੀ ਦੇ ਸਾਧਨ ਵਜੋਂ ਸ਼ੈਅ ਪੀਸਾਂ ਤੇ ਵਰਤਨ ਦੇ ਚੰਦਰੇ ਲਾਲਸੀ ਮਨਸ਼ਿਆਂ ਹੇਠ ਹੀ ਔਰਤ ਦੀ ਬਰਾਬਰੀ ਦੀ ਹੇਕ ਉਚੀ ਚੁੱਕਦੇ ਹਨ। ਅਜ ਕੋਈ ਉਹ ਬਰਾਬਰੀ ਦੇ ਹੱਕਾਂ ਦੇ ਦਾਤੇ ਨਹੀਂ ਬਣ ਗਏ। ਜੋ ਧਿਰਾਂ ਔਰਤ ਦੀ ਬਰਾਬਰੀ ਜਾਂ ਔਰਤ ਦੀ ਮੁਕਤੀ ਦੀ ਰੱਟ ਲਾਉਂਦੀਆਂ ਹਨ ਕੀ ਸਰਮਾਏਦਾਰੀ ਅਤੇ ਹਾਕਮਾਂ ਦੀ ਸੇਵਾਦਾਰੀ ਹੀ ਨਹੀਂ ਕਮਾਉਂਦੀਆਂ। ਇਉਂ ਦੇਖਣ ਵਾਲਿਆਂ ਦੀਆਂ ਭੈਂਗੀਆਂ ਨਜ਼ਰਾਂ ਸਾਫ ਦਿਸ ਰਹੀਆਂ ਹਨ। ਅਸੀਂ ਉਨ੍ਹਾਂ ਨੂੰ ਔਰਤ ਮਰਦ ਦੀ ਬਰਾਬਰੀ ਦੇ ਪ੍ਰਸੰਗ 'ਚ ਇਹੀ ਕਹਾਂਗੇ ਭਦਰ ਪੁਰਸ਼ੋ ਤੁਸੀਂ ਸਮਾਜ ਦੀ ਇਕ ਧਿਰ ਦੀ ਮੁਕਤੀ ਜਾਂ ਇਕ ਧਿਰ ਲਈ ਛੋਟਾਂ ਆਰਥਕ ਸਮਾਜਕ ਰਿਸ਼ਤਿਆਂ ਨਾਲੋਂ ਅਲੱਗ ਕਰਕੇ ਕਿਵੇਂ ਲੈਣ ਦੀਆਂ ਲਾਲਸਾਵਾਂ ਰੱਖਦੇ ਹੋ। ਕੀ ਆਰਥਕ ਅਜ਼ਾਦੀ ਨਾਲ, ਆਰਥਿਕ ਬਰਾਬਰੀ ਨਾਲ ਹੀ ਸਮੁੱਚੇ ਸਮਾਜ ਦਿਆਂ ਤਬਕਿਆਂ ਦੀ ਬਰਾਬਰੀ ਦੀ ਗੱਲ ਜੁੜੀ ਨਹੀਂ ਹੋਈ ਅਤੇ ਫਿਰ ਇਉਂ ਹੀ ਸਮਾਜਕ ਆਰਥਿਕ ਰਿਸ਼ਤਿਆਂ ਦੇ ਸੰਦਰਭ 'ਚ ਅਤੇ ਆਰਥਕਤਾ ਉਤੇ ਕਾਬਜ਼ ਧਿਰਾਂ ਦੀ ਲੋੜ 'ਚੋਂ ਹੀ ਦੇਖ ਲੈਣ ਕਿ ਪੱਛਮ ਦੀ, ਯੂਰਪ ਦੀ, ਸੋਵੀਅਤ ਯੂਨੀਅਨ ਦੀ, ਚੀਨ ਦੀ ਔਰਤ ਦੀ ਬਰਾਬਰੀ ਦਾ ਸੰਕਲਪ ਹੈ ਕੀ? ਕਿਹੜੇ ਰਿਸ਼ਤੇ ਕਿਸ ਲੋੜ 'ਚੋਂ ਪੈਦਾ ਹੋਏ ਹਨ? ਸੁਫਨਸਾਜ਼ੀਆਂ ਨਾਲ ਹਕੀਕਤਾਂ ਨੂੰ ਨਾ ਮੇਲਿਆ ਜਾ ਸਕਦਾ ਹੈ ਨਾ ਮਿਲਦੀਆਂ ਹੀ ਹਨ। ਕੀ ਇਹ ਰਿਆਇਤਾਂ ਇਹ 'ਹੱਕ' ਆਰਥਕਤਾ ਉਤੇ ਭਾਰੂ ਧਿਰ ਵਲੋਂ ਮੁਨਾਫ਼ੇ ਵਧਾਉਣ ਦੇ ਸੰਦ ਵਜੋਂ ਹੀ ਨਹੀਂ ਦਿਤੇ ਗਏ? ਕੀ ਇਨ੍ਹਾਂ ਫਰਜ਼ੀ ਅਧਿਕਾਰਾਂ ਨੇ ਉਨ੍ਹਾਂ ਦੀ ਆਜ਼ਾਦੀ ਭਾਵ ਮਿਹਨਤ ਤੋਂ ਮੁਕਤੀ 'ਚ ਕੋਈ ਫਰਕ ਪਾਇਆ ਹੈ? ਫਿਰ ਇਹ ਕਿਹੜੀ ਆਜ਼ਾਦੀ ਹੈ। ਕੀ

ਖੇਤੀ ਪ੍ਰਧਾਨ ਖਿੱਤਿਆਂ ਅਤੇ ਪਛੜੇ ਗਰੀਬ ਦੇਸ਼ਾਂ 'ਚ ਕੰਮ ਦਾ ਬਰਾਬਰ ਅਧਿਕਾਰ ਔਰਤਾਂ ਨੂੰ ਨਹੀਂ ? ਜਦੋਂ ਮਨੁਖ ਕਮਿਊਨ 'ਚ ਰਹਿੰਦਾ ਸੀ, ਉਦੋਂ ਤੋਂ ਲੈ ਕੇ ਹੀ ਔਰਤਾਂ ਮਿਹਨਤੀ ਤਬਕੇ ਦੀਆਂ ਔਰਤਾਂ ਘਰੇਲੂ ਆਰਥਕਤਾ 'ਚ ਬਰਾਬਰ ਦਾ ਹਿੱਸਾ ਪਾਉਂਦੀਆਂ ਆਈਆਂ ਸਨ ਅਤੇ ਹੁਣ ਵੀ ਹੈ। ਅਸੀਂ ਜੇ ਆਪਣੇ ਦੇਸ਼ 'ਚ ਵੀ ਮਿਹਨਤਕਸ਼ ਤਬਕਿਆਂ ਨੂੰ ਘਰੇਲੂ ਆਰਥਕਤਾ 'ਚ ਔਰਤ ਨੂੰ ਰੋਜ਼ਾਨਾ ਹੱਥ ਵਟਾਉਂਦੇ ਦੇਖਾਂਗੇ ਤਾਂ ਸਾਫ਼ ਹੋ ਜਾਂਦਾ ਹੈ।

ਸਾਡੇ ਦੇਸ਼ ਦੀ ਪਿਛਲੇਰੀ ਸਮਾਜਕ ਕੜੀ ਨੂੰ ਦੇਖਿਆਂ ਇਥੇ ਜਗੀਰੂ ਰਜਵਾੜਾਸ਼ਾਹੀ ਦੌਰ 'ਚ ਔਰਤਾਂ ਦਾ ਜੋ ਪੈਦਾਵਾਰੀ ਸ਼ਕਤੀਆਂ ਵਜੋਂ ਰੋਲ ਰਿਹਾ ਹੈ ਉਹ ਮਰਦ ਨਾਲੋਂ ਕਿਵੇਂ ਵੀ ਘੱਟ ਨਹੀਂ ਭਾਵ ਹਰ ਖੇਤਰ 'ਚ ਹੀ ਖੇਤੀ ਦੇ ਕੰਮਾਂ ਕਾਰਾਂ, ਘਰੇਲੂ ਲੋੜਾਂ ਭਾਵ ਚੱਕੀ ਪੀਸਣੀ, ਕਪੜਾ ਬੁਣਨਾ ਹੋਰ ਪਸ਼ੂਆਂ ਦੀ ਸਾਂਭ ਸੰਭਾਈ ਤੋਂ ਛੁੱਟ ਸਾਰੇ ਘਰ ਦੀ ਜ਼ੁਮੇਂਵਾਰੀ ਔਰਤਾਂ ਸਿਰ ਹੀ ਸੀ ਅਤੇ ਅਜੇ ਵੀ ਤੁਰੀ ਆ ਰਹੀ ਹੈ। ਬਰਤਾਨਵੀ ਸਾਮਰਾਜੀਆਂ ਦੇ ਦਖਲ ਨਾਲ ਪਹਿਲੇ ਜਗੀਰੂ ਬੰਧਨ ਟੁਟਣ ਅਤੇ ਸਨਅਤ ਦੇ ਵਿਕਾਸ ਨਾਲ, ਨਵੇਂ ਸਮਾਜਿਕ ਰਿਸ਼ਤਿਆਂ ਹੇਠ ਔਰਤ ਦੇ ਸਮਾਜਕ ਰੋਲ ਦੀ ਤਸਵੀਰ ਬਦਲਦੀ ਗਈ ਪਰ ਇਹ ਸਿਰਫ ਇਕ ਰੂਪ 'ਚ ਹੀ ਇਸਨੇ ਮਿਹਨਤਕਸ਼ ਤਬਕਿਆਂ ਦੇ ਕੰਮਾਂ ਕਾਰਾਂ 'ਚ ਔਰਤ ਦੀ ਸ਼ਮੂਲੀਅਤ ਤੇ ਫਰਕ ਨਹੀਂ ਪਾਇਆ ਸਿਰਫ ਉਪਰਲੇ ਤਬਕਿਆਂ ਦੇ ਰਹਿਣ ਸਹਿਣ ਦੇ ਢੰਗਾਂ 'ਚ ਹੀ ਤਬਦੀਲੀ ਲਿਆਂਦੀ। ਇਹ ਸਮਾਜਕ ਲੋੜਾਂ ਸਮਾਜ ਮੁਤਾਬਕ ਨਹੀਂ, ਸਗੋਂ ਬਦੇਸ਼ੀ ਸ਼ਾਹਾਂ ਅਤੇ ਉਨ੍ਹਾਂ ਆਸਰੇ ਪੁੰਗਰ ਰਹੇ ਨਵੇਂ ਸਰ-ਮਾਏਦਾਰਾਂ ਦੇ ਮੁਤਾਬਕ ਬਦਲਨ ਨਾਲ ਹੀ ਤੇ ਮਨੁੱਖੀ ਮਿਹਨਤ ਸ਼ਕਤੀ ਦੇ ਵੰਡ ਚ ਪਏ ਫਰਕ ਅਤੇ ਉਸ ਫਰਕ ਚੋਂ ਹੀ ਔਰਤ-ਮਰਦ ਦੇ ਰਿਸ਼ਤੇ ਅਤੇ ਔਰਤ ਸਮਾਜ ਦੇ ਰਿਸ਼ਤੇ 'ਚ ਫਰਕ ਆਇਆ। ਜਿਉਂ ਜਿਉਂ ਬਰਤਾਨਵੀ ਸਾਮਰਾਜੀਆਂ ਤੇ ਫਿਰ ਸੰਸਾਰ ਸਾਮਰਾਜੀ ਤਾਕਤਾਂ ਦਾ ਸੰਸਾਰ ਦੇ ਮਿਹਨਤਕਸ਼ ਲੋਕਾਂ ਤੇ ਸੰਸਾਰ ਦੇ ਕੱਚੇ ਮਾਲ ਦੇ ਸੋਮਿਆਂ ਤੇ ਕਬਜ਼ਾ, ਸੰਸਾਰ ਮੰਡੀ ਤੇ ਕਬਜ਼ੇ ਦੇ ਦੌਰੇ ਦਾ ਆਰੰਭ ਅਤੇ ਲੁੱਟ ਨੂੰ ਸਾਜ਼ਗਾਰ ਬਣਾਉਂਦਿਆਂ ਜਾਗੀਰਦਾਰੀ - ਰਜਵਾੜਾਸ਼ਾਹੀ ਨਾਲ ਸਾਮਰਾਜ ਦੀ ਸਾਂਝ ਭਿਆਲੀ ਦਾ ਦੌਰ ਸ਼ੁਰੂ ਹੋਇਆ। ਇਸਨੇ ਜਗੀਰੂ ਸਮਾਜਕ ਰਿਸ਼ਤਿਆਂ ਨੂੰ ਵੀ ਇਸੇ ਢੰਗ ਨਾਲ ਬਦਲਿਆ ਜੋ ਕਿ ਉਪਰੀ ਨਜ਼ਰੇ ਨਾ ਤਾਂ ਇਹ ਪੱਛਮੀ ਅਤੇ ਨਾ ਹੀ ਪੂਰਨ ਰੂਪ ਵਿਚ ਜਗੀਰੂ ਰਿਸ਼ਤਿਆਂ ਵਜੋਂ ਦਿਸਦੇ ਸੀ, ਜੋ ਅਸਲ 'ਚ ਸਿਧੇ ਰੂਪ 'ਚ ਸਾਮਰਾਜੀਆਂ ਦੇ ਹੱਕ 'ਚ ਭੁਗਤਦੇ ਸੀ ਨਾਲ ਹੀ ਸਮਾਜ 'ਚ ਔਰਤ ਮਰਦ ਦੇ ਆਪਸੀ ਸਬੰਧਾਂ ਅਤੇ ਸਮਾਜ 'ਚ ਔਰਤ ਦੇ ਰਿਸ਼ਤੇ ਨੂੰ ਵੀ ਆਪਣੀ ਲਪੇਟ 'ਚ ਲੈ ਕੇ ਅੱਗੇ ਤੋਰਿਆ। ਇਉਂ ਸੰਸਾਰਕ ਹਾਲਤਾਂ ਦੀਆਂ ਤਬਦੀਲੀਆਂ ਦਾ ਅਕਸ ਹਰ ਸਮਾਜਕ ਵਿਕਾਸ ਤੇ ਪੈਣਾ ਲਾਜ਼ਮੀ ਹੁੰਦਾ ਹੈ, ਜੋ ਪਿਛਲੇ ਦੌਰਾਂ 'ਚ ਧੀਮਾ ਧੀਮਾ ਸੀ ਪਰ ਸਾਮਰਾਜ ਵਲੋਂ ਸੰਸਾਰ ਨੂੰ ਚੌਤਰਫਾ ਵਲਗਣ ਨਾਲ ਇਹ ਤੇਜ਼ੀ ਨਾਲ ਅਤੇ ਬਹੁਤ ਛੇਤੀ ਹੀ ਤਬਦੀਲੀਆਂ ਲੈ ਰਿਹਾ ਹੈ। ਇਸੇ ਦਾ ਅਕਸ ਭਾਰਤੀ ਸਮਾਜ ਅਤੇ ਸਮਾਜ ਦੇ ਇਕ ਅੰਗ-ਔਰਤ-ਤੇ ਪੈਣਾ ਲਾਜ਼ਮੀ ਹੈ।

ਅਸੀਂ ਭਾਰਤੀ ਸਮਾਜ 'ਚ ਘਰੇਲੂ ਆਰਥਕਤਾ 'ਚ ਔਰਤ ਦੇ ਹਿੱਸੇ ਵਜੋਂ ਹੀ ਔਰਤ ਤੇ ਮਰਦ ਦੇ ਰੋਲ ਨੂੰ ਮੰਨਦੇ ਹਾਂ। ਇਥੇ ਸਾਡੇ ਸਾਹਮਣੇ ਸਮਾਜ ਦੀਆਂ ਦੋ ਪਰਤਾਂ ਹਨ। ਭਾਵ ਇਕ ਉਹ ਜੋ ਮਿਹਨਤਕਸ਼ ਤਬਕੇ ਹਨ ਜੋ ਗਿਣਤੀ ਪਖੋਂ ਵਧੇਰੇ ਹੈ ਅਤੇ ਖਾਸ ਕਰਕੇ ਮੁੱਖ ਹਿੱਸਾ ਖੇਤੀ ਦੇ ਕੰਮਾਂ 'ਚ ਲੱਗਾ ਹੋਇਆ ਹੈ। ਜਿਥੇ ਘਰੇਲੂ ਆਰਥਕਤਾ 'ਚ ਦੋਹਾਂ ਦਾ ਹਿੱਸਾ ਬਰਾਬਰ ਹੈ ਅਤੇ ਨਾਲ ਹੀ ਕੰਮ ਦੀ ਵੰਡ ਵੀ ਘਰੇਲੂ ਆਰਥਕ ਲੋੜਾਂ ਮੁਤਾਬਕ ਹੈ। ਦੂਜੀ ਪਰਤ ਹੈ ਮੱਧਵਰਗੀ ਬੁਧੀ ਜੀਵੀ ਅਤੇ ਉਪਰਲੇ ਤਬਕੇ, ਇਸੇ ਉਪਰਲੇ ਤਬਕੇ ਨੂੰ ਛੱਡਕੇ ਸਿਰਫ ਮੱਧ-ਵਰਗੀ ਅਤੇ ਬੁੱਧੀਜੀਵੀ ਹਿੱਸਿਆਂ ਨੂੰ ਦੇਖੀਏ ਤਾਂ ਇਹਨਾਂ 'ਚ ਘਰੇਲੂ ਆਰਥਕ ਲੋੜਾਂ 'ਚੋਂ ਬਰਾਬਰੀ ਦਾ ਕੰਮ ਨਹੀਂ ਸਗੋਂ ਪ੍ਰਧਾਨ ਹੈ ਮੁਨਾਫਾ। ਭਾਵ ਘਰੇਲੂ ਆਰਥਕਤਾ ਨੂੰ ਹੋਰ 'ਸੁਧਾਰਨ', 'ਚੰਗੇਰੀ ਕਰਨ' ਦੀ ਲਾਲਸੀ ਗਰਜ਼ 'ਚੋਂ ਨਿਕਲੀ ਆਰਥਕ ਲੋੜ ਮੁਤਾਬਕ ਕੰਮ ਦੀ ਵੰਡ ਹੈ। ਇਹ ਹੀ ਹੈ ਉਹ 'ਬਰਾਬਰੀ' ਤੇ 'ਔਰਤ ਦੀ ਮੁਕਤੀ' ਦੀਆਂ ਟਾਹਰਾਂ ਉੱਚੀਆਂ ਚੁੱਕਣ ਵਾਲੀ ਧਿਰ। ਦੂਜੇ ਪਾਸੇ ਸਭ ਤੋਂ ਉਪਰਲੀ ਧਿਰ ਔਰਤ ਨੂੰ ਖਿਡਾਉਣਾ ਅਤੇ ਮਨ-ਪ੍ਰਚਾਵੇ ਦਾ ਸੰਦ ਵਜੋਂ ਚਿਤਵਦੀ ਹੈ। ਔਰਤਾਂ ਨੂੰ ਅਧਿਕਾਰਾਂ ਦੀ ਫਰੇਬੀ ਚਾਲਾਂ ਚਲਦੀ ਹੈ। ਇਉਂ ਸਾਡੇ ਸਾਹਮਣੇ ਕੰਮ ਦੀ ਵੰਡ ਦਾ ਸੰਕਲਪ ਬਿਲਕੁਲ ਸਾਫ ਹੈ ਜਦੋਂ ਅਸੀਂ ਮਿਹਨਤੀ ਪਰਤਾਂ ਕਿਸਾਨ, ਖੇਤ-ਮਜ਼ਦੂਰ, ਸਨਅਤੀ ਮਜ਼ਦੂਰ, ਕੋਲ ਮਾਈਨਾਂ ਦੇ ਮਜ਼ਦੂਰ ਕਪੜਾ ਮਿੱਲਾਂ ਅਤੇ ਹੋਰ ਮਿਹਨਤੀ ਤਬਕਿਆਂ ਦੇ ਛੋਟੇ ਮੋਟੇ ਦਸਤਕਾਰੀ ਦੇ ਕੰਮਾਂ ਵਾਲੀ ਧਿਰ ਦੀਆਂ ਔਰਤਾਂ ਦੇ ਕੰਮ ਦੀ ਵੰਡ ਦੀ ਗੱਲ ਕਰਦੇ ਹਾਂ ਅਤੇ ਮੱਧ-ਵਰਗੀ ਪਰਤਾਂ ਦਫਤਰੀ ਕਲਰਕਾਂ ਸਕੂਲ ਟੀਚਰਾਂ, ਪ੍ਰੋਫੈਸਰਾਂ, ਬੈਂਕਾਂ ਆਦਿ ਸਨਅਤੀ ਅਦਾਰਿਆਂ ਦੀ ਧਿਰ 'ਚੋਂ ਮੁਲਾਜ਼ਮ ਔਰਤਾਂ ਦੇ ਕਿਰਤ 'ਚ ਹਿਸੇ ਦੀ ਗੱਲ ਕਰਾਂਗੇ ਤਾਂ ਇਹ ਫਰਕ ਇਸ ਕਰਕੇ ਵਖਰਿਆਵਾਂਗੇ, ਕਿਉਂਕਿ ਇਹ ਧਿਰ ਜਿਥੇ "ਕਿਰਤ 'ਚ ਬਰਾਬਰੀ' ਤੋਂ ਭਾਵ

ਘਰੇਲੂ ਆਰਥਕਤਾ ਦੇ ਲਈ ਬਰਾਬਰ ਦੀ ਹਿੱਸੇਦਾਰ ਵਜੋਂ ਮਰਦ ਬਰਾਬਰ ਕੰਮ ਬਣਦਾ ਹੈ। ਉਥੇ ਦੂਜੀ ਧਿਰ ਮਰਦ ਦੇ ਮੁਨਾਫੇ ਦੇ ਲਾਲਚ ਅਤੇ ਉਸ ਦੇ ਸੰਗੀ ਬਣਨ ਨਾਲੋਂ ਇਕ ਮਸ਼ੀਨੀ ਪੁਰਜੇ ਦੇ ਕੰਮ ਨੂੰ ਪਹਿਲ ਦੇਂਦੀ ਹੈ। ਇਥੇ ਕਹਿਣ ਤੋਂ ਇਹ ਭਾਵ ਨਹੀਂ ਕਿ ਪੜ੍ਹੀਆਂ ਲਿਖੀਆਂ ਕੰਮ ਕਰਨ ਵਾਲੀਆਂ ਔਰਤਾਂ ਦਾ ਬਰਾਬਰ ਕੰਮ ਕਰਨ ਦੇ ਰਿਸ਼ਤੇ ਨੂੰ ਵਿਗਾੜਿਆ ਹੈ ਸਗੋਂ ਜੇ ਇਥੇ ਵੀ ਮਰਦ ਦੇ ਲਾਲਸੀ ਖਾਸੇ ਤੋਂ ਜੇ ਉਹ ਬਰੀ ਹੋ ਜਾਣ ਤਾਂ ਰਿਸ਼ਤੇ 'ਚ ਵੀ ਤਬਦੀਲੀ ਬਣਦੀ ਹੈ ਇਉਂ ਪਹਿਲੀ ਧਿਰ ਦੀ ਲੜਾਈ ਮਰਦ ਸੰਗ ਰਲ ਕੇ ਸਮੁੱਚੀ ਜ਼ਮਾਤ ਦੀ ਮੁਕਤੀ ਦਾ ਅੰਗ ਵਜੋਂ ਹੁੰਦੀ ਹੈ। ਪਰ ਦੂਜੀ 'ਆਜ਼ਾਦੀ' ਅਤੇ 'ਬਰਾਬਰੀ' ਦੇ ਪਰਦੇ ਹੇਠ ਮਰਦ ਦੇ ਦਾਬੇ ਦਾ ਪਹਿਲੀ ਨਾਲੋਂ ਕਿਤੇ ਵੱਧ ਸ਼ਿਕਾਰ ਹੈ। ਜੋ ਇਕ ਸੰਦ ਵਜੋਂ ਹੀ ਵਰਤੀਂਦੀ ਹੈ ਜਦੋਂ ਕਿ ਪਹਿਲੀ ਆਰਥਕ ਲੋੜਾਂ ਦੀ ਪੂਰਤੀ ਲਈ ਸੰਗੀ ਬਣਕੇ ਤੁਰਦੀ ਹੈ ਪਰ ਸਮਾਜ 'ਚ ਭਾਰੂ ਜਮਾਤ ਦੇ ਪਾਏ ਸਮਾਜਕ ਤਾਣੇ ਪੇਟੇ 'ਚ ਉਸ ਦੇ ਵੀ ਉਹੀ ਸੰਬੰਧ ਹਨ ਜੋ ਪਹਿਲੀ ਧਿਰ ਦੇ। ਇਥੇ ਇਹ ਵੀ ਯਾਦ ਰੱਖਣਾ ਬਣਦਾ ਹੈ ਕਿ ਸੰਸਾਰ ਪੱਧਰ ਤੇ ਔਰਤ ਮੁਕਤੀ ਘੋਲ ਦਾ ਅੰਗ ਇਕ ਹੀ ਹੈ ਭਾਵ ਸਮੁੱਚੀਆਂ ਸੰਸਾਰ ਦੀਆਂ ਮਿਹਨਤਕਸ਼ ਪਰਤਾਂ ਦੀ ਮੁਕਤੀ ਲਈ ਚਲ ਰਹੇ ਘੋਲ 'ਚ ਦੋਹਾਂ ਦੇ ਬਰਾਬਰ ਹਿੱਸੇ ਵਜੋਂ ਅੰਗ ਬਣਨਾ। ਇਉਂ ਸੰਸਾਰ ਮੁਕਤੀ ਲਹਿਰਾਂ ਦੇ ਅੰਗ ਬਣਕੇ ਹੀ ਔਰਤ ਆਪਣੇ ਸਮਾਜੀ-ਆਰਥਕ-ਸਭਿਆਚਾਰਕ ਬੰਧਨਾਂ ਤੋਂ ਛੁਟਕਾਰਾ ਹਾਸਲ ਕਰ ਸਕਦੀ ਹੈ।

'ਔਰਤ ਦੀ ਬਰਾਬਰੀ' ਦੇ ਹੱਕ ਦਾ ਨਾਹਰਾ ਸਿਰਫ ਔਰਤ ਨੂੰ ਜਗੀਰੂ ਬੰਧਨਾਂ ਵਿਰੁੱਧ ਲਵਾਜ਼ੀ ਜੰਗ ਛੇੜਨ ਦਾ ਸਰਮਾਏਦਾਰਾ ਨਾਹਰਾ ਹੀ ਹੈ। ਜੋ ਮਰਦ 'ਬਰਾਬਰ ਕੰਮ' 'ਬਰਾਬਰ ਉਜਰਤ' 'ਬਰਾਬਰ ਆਜ਼ਾਦੀ' ਦੇ ਨਾਹਰਿਆਂ ਹੇਠ ਆਪਣੇ ਮਨਸੂਬਿਆਂ ਦੀ ਪੂਰਤੀ ਲਈ ਮਣ ਮਣ ਹੰਝੂ ਕੇਰਦਾ ਹੈ। 'ਬਰਾਬਰ ਦੇ ਕੰਮ ਦੇ ਆਧਾਰ ਤੇ ਅਧਿਕਾਰ ਦੀ ਮੰਗ ਪਿਛੇ ਉਸ ਨੂੰ ਲਿੰਗ ਦੇ ਆਧਾਰ ਤੇ ਸਰੀਰਕ ਕਮਜ਼ੋਰੀ ਦਾ ਲਾਹਾ ਲੈਣ ਭਾਵ ਇਕ ਪਾਸੇ ਔਰਤਾਂ ਨੂੰ ਕੰਮ ਦੇ ਕੇ ਮਰਦ ਕਾਮਿਆਂ 'ਚੋਂ ਔਰਤ ਕਾਮਿਆਂ ਪ੍ਰਤੀ ਨਫਰਤ ਪੈਦਾ ਕਰਦੇ ਹੋਏ ਆਪਸੀ ਪਾੜਾ ਵਧਾਉਣ ਦਾ ਮਨਸ਼ਾ ਰੱਖਦਾ ਹੈ। ਦੂਜੇ ਪਾਸੇ ਘਟ ਉਜਰਤ ਦੇ ਕੇ ਵਧੇਰੇ ਮੁਨਾਫੇ ਹੜਪਣ ਦੀ ਲਾਲਸਾ ਤੀਜਾ ਹੈ ਲਿੰਗ ਆਧਾਰ ਤੇ ਔਰਤ ਨੂੰ ਮਰਦ ਨਾਲੋਂ ਕਮਜ਼ੋਰ ਭਾਵ ਔਰਤ ਨੂੰ ਹੀਣਾ ਅਤੇ ਰੁਤਬੇ ਪਖੋਂ ਨੀਵਾਂ ਦਿਖਾਉਣ ਅਤੇ ਆਪਸੀ ਵੰਡੀਆਂ ਪਾ ਕੇ ਆਪਣੇ ਵਿਰੁੱਧ ਤਾਕਤ ਕਮਜ਼ੋਰ ਕਰਨ ਦੇ ਸੰਦ ਵਜੋਂ ਵਰਤਦਾ ਹੈ। ਚੌਥਾ ਹੈ ਮਰਦ ਤੇ ਔਰਤ ਦੋਹਾਂ ਧਿਰਾਂ ਤੇ ਬੇਰੁਜ਼ਗਾਰੀ ਤਲਵਾਰ ਦਾ ਡਰਾਵਾ ਬਨਾਈ ਰੱਖਣ ਦਾ ਸਾਧਨ ਬਣਾਉਣਾ। ਇਉਂ ਉਹ ਜਿਥੇ ਚੰਗੇ ਮੁਨਾਫੇ ਹੜਪਦਾ ਹੈ ਉਥੇ ਲੰਮੀ ਅਤੇ ਸਥਿਰ ਉਮਰ ਦੀਆਂ ਆਸਾਂ ਵੀ ਲਾਈ ਬੈਠਦਾ ਹੈ। 'ਦੂਜਾ ਨਾਹਰਾ ਹੈ ਜੋ ਅਕਸਰ ਟਰੇਡ ਯੂਨੀਅਨਾਂ ਲਾਉਂਦੀਆਂ ਹਨ; ਮਰਦ 'ਬਰਾਬਰ ਉਜਰਤ' ਦੀ ਮੰਗ ਕਰਨਾ। ਇਹ ਹਕੀਕਤ ਨਾਲੋਂ ਟੁੱਟਾ ਹੋਇਆ ਹੈ। ਕਿਉਂਕਿ ਜਦੋਂ ਅਸੀਂ 'ਬਰਾਬਰ ਕੰਮ' ਦੇ ਨਾਹਰੇ ਪਿਛੇ ਹਾਕਮ ਧਿਰ ਦੀ ਸੋਚ ਨੂੰ ਫੜ ਲੈਂਦੇ ਹਾਂ ਤਾਂ ਫਿਰ 'ਬਰਾਬਰ ਉਜਰਤ 'ਦੀ ਮੰਗ ਹਾਸੋਹੀਣੀ ਬਣ ਕੇ ਰਹਿ ਜਾਂਦੀ ਹੈ ਜਦੋਂ ਤਕ ਸਮੁੱਚੇ ਸਮਾਜਕ ਆਰਥਕ ਸਬੰਧਾਂ ਨੂੰ ਭੰਨਿਆ ਨਹੀਂ ਜਾਂਦਾ ਉਦੋਂ ਤਕ 'ਬਰਾਬਰ ਕੰਮ' ਅਤੇ ਬਰਾਬਰ 'ਉਜਰਤ' ਦੀ ਮੰਗ ਬੇਹੂਦਾ ਹੀ ਰਹਿ ਜਾਂਦੀ ਹੈ। ਕਿਉਂਕਿ ਇਹ ਦੋਹਾਂ ਧਿਰਾਂ ਭਾਵ ਮਰਦ ਅਤੇ ਔਰਤ ਵਲੋਂ ਚੇਤੰਨ ਰੂਪ 'ਚ ਹਾਕਮਾਂ ਦੀ ਕਪਟੀ ਚਾਲਾਂ ਨੂੰ ਬੁਝਦਿਆਂ ਹੀ ਮੌਜੂਦਾ ਸਮਾਜਕ ਆਰਥਕ ਰਿਸ਼ਤਿਆਂ ਨੂੰ ਢਾਹ ਭੁੰਨ ਕੇ ਨਵੇਂ ਉਸਾਰਨ ਬਿਨਾਂ ਨਾ ਤਾਂ ਇਹ ਦੋਹੇਂ ਧਿਰਾਂ ਬਰਾਬਰ ਕਿਰਤ 'ਚ ਭਾਈਵਾਲ ਅਤੇ 'ਬਰਾਬਰ ਉਜਰਤ ਦੀਆਂ ਮਾਲਕ ਬਣ ਬੈਠੀਆਂ ਹਨ, ਨਾ ਹੀ ਪੂਰੀ ਪੂਰੀ ਆਜ਼ਾਦੀ ਹੀ ਮਿਲ ਸਕੇਗੀ। ਸੋ ਇਥੇ ਯੂਨੀਅਨਵਾਦ ਤੋਂ ਉਪਰ ਉੱਠ ਕੇ ਔਰਤ ਤੇ ਮਰਦ ਨੂੰ ਨਾਹਰਿਆਂ ਦੇ ਗੁਰ ਮੰਤਰ ਲਾਉਣਾ ਛੱਡ ਕੇ ਜਮਾਤੀ ਘੋਲ ਦੀ ਮੁਖ ਚਾਲਕ ਸ਼ਕਤੀ ਵਜੋਂ ਸਮਾਜਕ ਕਰਵਟਾਂ ਨੂੰ ਸਿਰੇ ਲਾਉਣ ਦੇ ਕਾਰਜ ਨੂੰ ਹੱਥ ਲੈਣਾ ਹੋਵੇਗਾ। ਰਹੀ ਗੱਲ 'ਆਜ਼ਾਦੀ' ਦੇ ਮਸਲੇ ਦੀ ਬਿਨਾਂ ਆਰਥਕ ਆਜ਼ਾਦੀ ਤੋਂ ਸਿਰਫ 'ਆਜ਼ਾਦੀ' ਕੀ ਹੈ ਕਿਉਂਕਿ ਸਮਾਜ ਦੇ ਅਸੂਲ ਮੁਤਾਬਕ ਜੋ ਧਿਰ ਵੀ ਆਰਥਕਤਾ ਉਤੇ ਕਾਬਜ ਹੈ ਉਹ ਹੀ ਸਮਾਜ ਤੇ ਆਪਣਾ ਦਾਬਾ ਹਰ ਪਖੋਂ ਅਤੇ ਆਪਣੇ ਸਭਿਆਚਾਰ ਦਾ ਜਾਲ ਫੈਲਾਉਂਦੀ ਹੈ ਜਦੋਂ ਤਾਈਂ ਸਮਾਜ 'ਚ ਆਰਥਕ ਪੱਧਰਾਂ ਤੇ ਅਣਸਾਂਵਾਂਪਣ ਹੋਵੇਗਾ ਉਦੋਂ ਤਕ ਆਜ਼ਾਦੀ ਦਾ ਮਸਲਾ ਤੇ ਫਿਰ ਔਰਤ ਦੀ 'ਆਜ਼ਾਦੀ' ਦਾ ਮਸਲਾ ਇਕ ਫੋਕੇ ਸ਼ਬਦ ਬਿਨਾਂ ਕੁਝ ਵੀ ਨਹੀਂ ਲਗਦਾ। ਔਰਤ ਦੀ 'ਆਜ਼ਾਦੀ ਨੂੰ ਮਿਹਨਤ-ਕਸ਼ ਤਬਕੇ ਦੀ ਆਜ਼ਾਦੀ ਨਾਲੋਂ ਤੋੜ ਕੇ ਕਿਉਂ ਦਿਖਾਇਆ ਜਾਵੇ ? ਕੀ ਇਹ ਬੋਲੀ ਸਮਾਜ ਉਤੇ ਭਾਰੂ ਧਿਰਾਂ ਦੀ ਹੀ ਬੋਲੀ ਨਹੀਂ ਬੋਲੀ ਜਾ ਰਹੀ ?

ਜਦੋਂ ਅਸੀਂ 8 ਮਾਰਚ ਨੂੰ ਔਰਤਾਂ ਦੀ ਮੁਕਤੀ ਦਾ ਦਿਹਾੜਾ ਕਹਿੰਦੇ ਹਾਂ ਤਾਂ ਸਾਨੂੰ ਇਹ ਦੇਖਣਾ ਬਣਦਾ ਹੈ ਕਿ ਜਿਸ ਮਹਾਨ ਔਰਤ ਰੋਜ਼ਾ ਲਗਜ਼ਮਬਰਗ ਦੀ ਯਾਦ 'ਚ ਅਸੀਂ ਜੁੜਦੇ ਹਾਂ ਉਹ ਸਿਰਫ ਔਰਤਾਂ ਦੀ ਮੁਕਤੀ ਲਈ ਹੀ ਅੱਗੇ ਨਹੀਂ ਆਈ ਸਗੋਂ ਰੋਜ਼ਾ

ਲਗਜਮਬਰਗ ਜੋ ਜਰਮਨੀ ਦੀ ਕਮਿਊਨਿਸਟ ਪਾਰਟੀ ਦੀ ਸਿਰਕੱਢਵੀਂ ਲੀਡਰ ਸੀ, ਨੇ ਸਮੁੱਚੀ ਮਿਹਨਤਕਸ਼ ਜਮਾਤ ਦੀ ਸਰਮਾਏ ਕੋਲੋਂ ਮੁਕਤੀ ਲੈਣ ਭਾਵੇਂ ਸਰ-ਮਾਏਦਾਰੀ ਢਾਂਚਾ ਭੰਨ ਕੇ ਸਮੂਹ ਕਿਰਤੀ ਲੋਕਾਂ ਦਾ ਬਰਾਬਰੀ ਵਾਲਾ ਸਮਾਜ ਸਿਰਜਨ ਦਾ ਪੈਗਾਮ ਲੈ ਕੇ ਅੱਗੇ ਆਈ ਸੀ। ਪਿਛਲੇ ਇਤਿਹਾਸਕ ਸਬਕ ਵੀ ਸਾਨੂੰ ਇਹੀ ਸਿਖਾਉਂਦੇ ਹਨ ਕਿ ਅਸੀਂ ਔਰਤਾਂ ਨੂੰ ਆਜ਼ਾਦੀ ਬਰਾਬਰਤਾ ਕੰਮ ਦੀ ਉਜਰਤ ਦੀ ਅਤੇ ਸਭਿਆਚਾਰਕ ਬੰਧਨਾਂ ਤੋਂ ਔਰਤ ਦੀ ਮੁਕਤੀ ਸਿਰਫ ਅਤੇ ਸਿਰਫ ਸਮੁੱਚੀ ਕਿਰਤੀ ਲੋਕਾਂ ਦੀ ਮੁਕਤੀ ਨਾਲ ਹੀ ਲੈ ਸਕਾਂਗੇ ਇਸ ਤੋਂ ਅਲਗ ਅਲਗ ਨਹੀਂ। ਸੋ 8 ਮਾਰਚ ਦਾ ਪੈਗਾਮ ਸਾਡੇ ਕਮਿਊਨਿਸਟ ਸਮਾਜ ਦੀ ਉਸਾਰੀ ਲਈ ਵਿਢੇ ਘੋਲ ਦਾ ਹਿੱਸਾ ਬਣਨਾ ਚਾਹੀਦੀ ਹੈ ਅਤੇ ਇਸ ਦਿਨ ਇਸੇ ਕਾਰਜ ਨੂੰ ਹੱਥ ਲੈ ਕੇ ਔਰਤਾਂ ਨੂੰ ਇਸ ਮਹਾਨ ਕਾਰਜ ਵਿਚ ਲੱਗੀਆਂ ਇਨਕਲਾਬੀ ਧਿਰਾਂ ਦੇ ਨਾਲ ਖੜਨ ਦੀਆਂ ਕਸਮਾਂ ਦੁਹਰਾਉਣੀਆਂ ਬਣਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਕੰਮ ਦੀ, ਉਜਰਤ ਦੀ, ਮੁਕਤੀ, ਆਜ਼ਾਦੀ ਤਾਂ ਹੀ ਮਿਲ ਸਕਦੀ ਹੈਂ ਜੇ ਮਿਹਨਤਕਸ਼ ਲੋਕਾਂ ਨੂੰ ਆਜ਼ਾਦੀ ਮਿਲਦੀ ਹੈ! ਸੋ ਔਰਤਾਂ ਦ੍ਰਿੜ੍ਹਤਾ ਤੇ ਸਿਦਕ ਦਿਲੀ ਨਾਲ ਮਰਦ ਸੰਗ ਜਿਥੇ ਆਰਥਿਕ ਪੱਧਰ ਤੇ ਬਰਾਬਰ ਖੜ੍ਹਦੀਆਂ ਹਨ ਉਥੇ ਸੰਘਰਸ਼ ਸੰਗ ਵੀ ਰਲ ਕੇ ਖੜਨ ਵੱਲ ਤੁਰਨ ਦੀ ਕੋਸ਼ਿਸ਼ 'ਚ ਜੁੱਟ ਜਾਣ।

ਸੋ ਅਸੀਂ ਸਮੁੱਚੀ ਔਰਤ ਜਮਾਤ ਅਤੇ ਹਰ ਉਸ ਤਬਕੇ ਨੂੰ ਜੋ ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਇਕ ਸੁਯੋਗ ਅੰਗ ਵਜੋਂ ਦੇਖਣ ਦਾ ਚਾਹਵਾਨ ਹੈ, ਨੂੰ ਇਹ ਹੀ ਇਸ਼ਾਰਾ ਕਰਦੇ ਹਾਂ ਕਿ ਉਹ ਜੇ ਸੱਚੀਓਂ ਔਰਤ ਨੂੰ ਬਰਾਬਰ ਦੇਖਣ ਦਾ ਮੁਦਈ ਹੈ ਤਾਂ ਤਨਦੇਹੀ ਨਾਲ ਸਮਾਜ ਦੇ ਪੁਰਾਣੇ ਆਰਥਕ ਰਿਸ਼ਤੇ ਭੰਨ ਕੇ ਨਵੇਂ ਬ੍ਰਾਬਰੀ ਦੇ ਆਰਥਕ ਪ੍ਰਬੰਧ ਅਤੇ ਰਿਸ਼ਤੇ ਉਸਾਰਨਦੇਰਾਹ ਤੁਰੇ ਮੇਹਨਤਕਸ਼ ਤਬਕਿਆਂ ਭਾਵ ਇਨਕਲਾਬੀ ਧਿਰਾਂ ਦੇ ਸੰਗ ਰਲ ਕੇ ਅਣਸਾਵੇਂ ਆਰਥਕ ਤੇ ਲੁੱਟ ਦੇ ਖਾਸੇ ਤੇ ਉਸਰੇ ਸਮਾਜ ਨੂੰ ਚਕਨਾਚੂਰ ਕਰਨ ਲਈ ਮਰਦ ਤੇ ਔਰਤਾਂ ਨੂੰ ਸੰਗੀ ਹੋ ਕੇ ਤੁਰਨ ਵਲ ਕੋਸ਼ਿਸ਼ਾਂ 'ਚ ਜੁੱਟ ਜਾਵੇ। ਸਿਰਫ ਅਤੇ ਸਿਰਫ ਇਕੋ ਹੀ ਰਾਹ ਹੈ ਜਿਸ ਤੇ ਤੁਰ ਕੇ ਮਰਦ ਤੇ ਔਰਤ ਮਿਲਵੇਂ ਰੂਪ 'ਚ ਕੰਮ ਕਰਦੇ ਆਪਣੀ ਆਜ਼ਾਦੀ ਪ੍ਰਾਪਤ ਕਰ ਸਕਣਗੇ ਅਤੇ ਜਿਸ ਸਮਾਜ 'ਚ ਔਰਤਾਂ ਨੂੰ ਬਰਾਬਰੀ ਹਰ ਪ੍ਰਕਾਰ ਦੀ ਹਰ ਪੱਧਰ ਦੇ ਹੱਕ ਵੀ ਮਿਲ ਜਾਣਗੇ ਜੋ ਸੱਚੀਓਂ ਹੀ ਅਸਲੀ ਬਰਾਬਰੀ ਹੋਵੇਗੀ ਹਕੀਕੀ। ਸੋ ਆਓ ਇਨਕਲਾਬੀ ਲਹਿਰ ਨੂੰ ਪ੍ਰਚੰਡ ਕਰਦਿਆਂ ਔਰਤਾਂ ਨੂੰ ਇਹ ਨਾਹਰਾ ਦੇਈਏ :

ਤੁਸੀਂ ਸਾਨੂੰ ਸੰਗਰਾਮੀ ਸਾਥ ਦਿਉ
ਅਸੀਂ ਬਰਾਬਰੀ ਵਾਲਾ ਸਮਾਜ ਦਿਆਂਗੇ।

—ਕਰਨੈਲ

## 2. ਕੌਮਾਂਤਰੀਵਾਦ ਦੇ ਨਵੇਂ ਗਮੰਤਰੀ

ਪਿਛਲੇ ਕੁਝ ਅਰਸੇ ਤੋਂ ਪੰਜਾਬ ਦੇ ਕਮਿਊਨਿਸਟ ਅਤੇ ਅੱਗੇ ਵਧੂ ਹਲਕੇ ਇੱਕ ਨਵੇਂ ਮੱਤ ਦੀ ਚਰਚਾ ਸੁਣਦੇ ਆ ਰਹੇ ਹਨ, ਜਿਹੜਾ ਖਰੀ ਲੈਨਿਨਵਾਦੀ ਸਮਝ ਦਾ ਇੱਕੋ ਨੁਮਾਇੰਦਾ ਹੋਣ ਦਾ ਦਾਅਵਾ ਕਰਦੈ। ਨਵੇਂ ਮੱਤ ਦੇ ਹਾਮੀਆਂ ਦਾ ਕਹਿਣਾ ਹੈ ਕਿ ਕਮਿਊਨਿਸਟ ਲਹਿਰ ਦਾ ਪਿਛਲੇ ਲੱਗਭੱਗ 60 ਸਾਲਾਂ ਦਾ ਇਤਿਹਾਸ ਮੌਕਾਪਰਸਤੀ ਦੀ ਸਰਦਾਰੀ ਵਾਲਾ ਕਾਲਾ ਦੌਰ ਸੀ; ਹੁਣ ਉਨ੍ਹਾ ਲਹਿਰ ਦੇ ਸੰਕਟ ਦੇ ਪਿਛੋਕੜ (origin) ਅਤੇ ਵਿਕਾਸ ਦੇ ਸੋਮੇ ਦੀ ਭਾਲ ਕਰ ਲਈ ਹੈ ਅਤੇ ਇਸ ਅਹੁਰ ਦੇ ਇਲਾਜ ਲਈ ਇੱਕ ਨਵਾਂ ਨੁਸਖਾ ਤਿਆਰ ਕਰ ਲਿਆ ਹੈ—ਨੁਸਖਾ ਖਰੇ ਕੌਮਾਂਤਰੀਵਾਦ ਦੇ ਟਰੇਡ ਮਾਰਕ ਥੱਲੇ ਥਾਂ ਥਾਂ ਵਰਤਾਇਆ ਜਾ ਰਿਹਾ ਹੈ। ਸਮਤਾ ਦੇ ਮਈ ਅੰਕ ਵਿੱਚ ਇਸ ਮੱਤ ਦੀ ਇੱਕ ਹਾਮੀ ਦੀ ਛਪੀ ਚਿੱਠੀ ਇਸ ਦਾਅਵੇ ਦਾ ਐਲਾਨ ਹੈ। ਕਮਿਊਨਿਸਟ ਲਹਿਰ ਦੇ ਵਿਕਾਸ 'ਚ ਡੂੰਘੀ ਲਗਾਓ ਰੱਖਣ ਵਾਲਿਆਂ ਅਤੇ ਇਸਦੇ ਵਧਾਰੇ ਲਈ ਕੋਸ਼ਿਸ਼ਾਂ ਕਰਨ ਵਾਲਿਆਂ ਦੀ ਦਿਲਚਸਪੀ ਦਾ ਮਸਲਾ ਹੋਣ ਕਰਕੇ ਮੈਂ ਇਸ ਚਿੱਠੀ 'ਚ ਛੋਹੇ ਗਏ ਕੁਝ ਨੁਕਤਿਆਂ 'ਤੇ ਚਰਚਾ ਕਰਨੀ ਚਾਹਾਂਗਾ।

ਚਿੱਠੀ ਪੜ੍ਹਨ ਤੋਂ ਬਾਅਦ ਹਰੇਕ ਦੇ ਮਨ 'ਚ ਸੁਆਲ ਉਠਦਾ ਹੈ ਕਿ ਕਾ. ਲੈਨਿਨ ਵਲੋਂ ਪਾਲੀਪੋਸੀ ਤੇ ਸਿਖਿਅੱਤ ਕੀਤੀ ਪਾਰਟੀ —ਜਿਸਨੇ ਅਜੇ ਕੁਝ ਸਮਾਂ ਪਹਿਲਾਂ, ਔਖੀਆਂ ਹਾਲਤਾਂ 'ਚ, ਜਦੋਂ ਦੂਜੀ ਕੌਮਾਂਤਰੀ ਸ਼ਾਵਨਵਾਦ ਦੇ ਹੜ੍ਹ ਵਿੱਚ ਰੁੜ੍ਹ ਗਈ ਸੀ, ਕੌਮਾਤਰੀਵਾਦ ਉੱਤੇ ਡੱਟਵਾਂ ਪਹਿਰਾ ਦੇਕੇ ਇੱਕ ਮਿਸਾਲੀ ਪਿਰਤ ਪਾਈ ਸੀ—ਐਡੀ ਛੇਤੀ ਕੌਮਾਂਤਰੀਵਾਦ ਨੂੰ ਪਹਿਲੀ ਕੱਚੀ ਦੇ ਵਿਦਿਆਰਥੀ ਵਾਂਗ ਕਿਵੇਂ ਭੁਲ ਗਈ ? ਸਟਾਲਨ ਦਾ ਘੜ੍ਹਿਆਂ (?) 'ਇੱਕ ਦੇਸ਼ 'ਚ ਸਮਾਜਵਾਦ ਦਾ ਸਿਧਾਂਤ' ਉਸਨੇ ਲੈਨਿਨੀ ਸਿਧਾਂਤ ਵਜੋਂ ਕਿਵੇਂ ਕਬੂਲ ਕਰ ਲਿਆ ? ਉਹ ਅਜਿਹੀ ਮੱਕਰਾਨਾ ਸਿਆਸੀ ਠੱਗੀ ਦਾ ਕਿਵੇਂ ਸ਼ਿਕਾਰ ਹੋ ਗਈ ? ਸਾਮਰਾਜਵਾਦ ਬਾਰੇ ਲੈਨਿਨੀ ਥੀਸਸ ਨੂੰ ਕਿਵੇਂ ਐਡੀ ਛੇਤੀ ਕਿਵੇਂ ਭੁੱਲ ਗਈ ? ਕੀ ਉਹ ਲੈਨਿਨਵਾਦ ਤੋਂ ਅਣਜਾਣ ਸੀ ਜਾਂ ਲੈਨਿਨਵਾਦ ਦੀ ਵਿਰੋਧੀ ਸੀ ? ਕਾ. ਸਟਾਲਨ ਕੋਲ ਕਿਹੜੀ 'ਸੁਆਹ ਦੀ ਚੁੱਟਕੀ' ਜਾਂ ਬੰਗਾਲੀ ਜਾਦੂ ਸੀ, ਜਿਸਦੀ ਕਰਾਮਾਤ ਸਹਾਰੇ ਉਸਨੇ ਜਮਾਤੀ ਘੋਲ ਅਤੇ

ਕੌਮੀ ਤੇ ਕੌਮਾਂਤਰੀ, ਦੋਵੇਂ ਵੰਨਗੀਆਂ ਦੀ ਮੌਕਾਪਰਸ਼ਤੀ ਵਿਰੁੱਧ ਘੋਲ 'ਚ ਹੰਡੀ ਤੱਪੀ ਸਮੁੱਚੀ ਪਾਰਟੀ ਕੀਲਕੇ "ਐਂਟੀ-ਲੈਨਿਨਵਾਦੀ ਸਮਝ" ਪਰਵਾਨ ਕਰਾ ਲਈ ? 'ਇੱਕ ਦੇਸ਼ 'ਚ ਸਮਾਜਵਾਦ ਦਾ ਸਿਧਾਂਤ' ਭਲਾ ਕਿਵੇਂ ਸੰਸਾਰ ਇਨਕਲਾਬ ਅਤੇ ਇਸਦੇ ਅੰਤਮ ਨਿਸ਼ਾਨੇ—ਕਮਿਊਨਿਜ਼ਮ—ਨੂੰ ਕਮਿਊਮਿਨਿਸਟ ਲਹਿਰ ਦੇ ਪਰੋਗਰਾਮ 'ਚੋਂ ਬਾਹਰ ਕੱਢ ਮਾਰਦਾ ਹੈ ? ਨਵੇਂ ਮੱਤ ਦੇ ਹਾਮੀਆਂ ਦੇ ਸਿੱਟੇ ਸਹੀ ਹਨ, ਜਾਂ ਇਹ ਹੀ ਲੈਨਿਨਵਾਦ-ਵਿਰੋਧੀ ਹਨ ?

ਕੌਮਾਂਤਰੀਵਾਦ ਅਸਲ 'ਚ ਵਿਚਾਰਧਾਰਕ ਸੰਕਲਪ ਹੈ; ਪਰੋਲੇਤਾਰੀਏ ਨੂੰ ਸੇਧ ਦਿਖਾਉਂਦਾ ਹੈ ਕਿ ਉਹ ਸਿਰਫ ਆਪਣੇ ਦੇਸ਼ 'ਚੋਂ ਲੁੱਟ-ਖਸੁੱਟ ਦੇ ਖਾਤਮੇ ਨਾਲ ਹੀ ਸਬਰ ਕਰਕੇ ਨਾ ਬਹਿ ਜਾਵੇ ਸਗੋਂ ਕੁਲ ਦੁਨੀਆਂ 'ਚੋਂ ਲੁੱਟ-ਖਸੁੱਟ ਦੇ ਖਾਤਮੇ ਅਤੇ ਕਮਿਊਨਿਜ਼ਮ ਨੂੰ ਸਕਾਰ ਕਰਨ ਦੇ ਅੰਤਮ ਨਿਸ਼ਾਨੇ ਨੂੰ ਪਰਣਾਇਆ ਰਹੇ, ਉਹ ਆਪਣੇ ਫੌਰੀ ਨਿਸ਼ਾਨੇ ਨੂੰ ਇਸੇ ਦੀ ਰੋਸ਼ਨੀ 'ਚ ਤਹਿ ਕਰੇ। ਇਸ ਦਾ ਅਰਥ ਹੈ ਕਿ ਕਮਿਊਨਿਸਟ ਲਹਿਰ ਦਾ ਖਾਸਾ ਕੌਮਾਂਤਰੀ ਹੈ, ਪਰ ਹਰ ਸੂਰਤ 'ਚ ਇਸਦਾ ਜਥੇਬੰਦਕ ਸਰੂਪ ਕੌਮਾਂਤਰੀ ਹੋਣਾ ਲਾਜਮੀ ਸ਼ਰਤ ਨਹੀਂ। ਬੀਤਿਆ ਕੀ ਦੱਸਦੈ ? ਪਹਿਲੀ ਸੰਸਾਰ ਜੰਗ ਸਮੇਂ ਦੂਜੀ ਕੌਮਾਂਤਰੀ ਨੇ ਕੌਮਪਰਸਤ (ਮੌਕਾਪਰਸਤ) ਸਟੈਂਡ ਲਿਆ, ਇਕੱਲੀ ਲੈਨਿਨ ਦੀ ਪਾਰਟੀ ਨੇ ਸਹੀ ਕੌਮਾਂਤਰੀਵਾਦੀ ਪੁਜੀਸ਼ਨ ਲਈ। ਰੂਸੀ ਇਨਕਲਾਬ ਦੀ ਜਿੱਤ ਸਮੇਂ ਕੋਈ ਕੌਮਾਂਤਰੀ ਨਹੀਂ ਸੀ। ਚੀਨੀ ਇਨਕਲਾਬ ਦੀ ਜਿੱਤ ਸਮੇਂ ਕੋਈ ਕੌਮਾਂਤਰੀ ਸੰਗਠਨ ਨਹੀਂ ਸੀ, ਕੋਰੀਅਨ, ਵੀਤਨਾਮੀ, ਕੰਬੋਡੀਆਈ ਅਤੇ ਲਾਉਸੀ ਇਨਕਲਾਬਾਂ ਦੀ ਜਿੱਤ ਸਮੇਂ ਵੀ ਨਹੀਂ। ਪਰ ਇਸਦਾ ਅਰਥ ਇਹ ਕਦਾਚਿੱਤ ਨਹੀਂ ਬਣਦਾ ਕਿ ਇਨ੍ਹਾਂ ਦੀ ਕੌਮਾਂਤਰੀ ਮਹੱਤਤਾ ਨਹੀਂ ਸੀ ਜਾਂ ਇਹ ਤੱਤ ਪੱਖੋਂ ਕੌਮਾਂਤਰੀ ਨਹੀਂ ਸਨ। ਨਵੇਂ ਮੱਤ ਦੇ ਹਾਮੀਆਂ ਮੁਤਾਬਕ 'ਇੱਕ ਦੇਸ਼ 'ਚ ਸਮਾਜਵਾਦ' ਦਾ ਮੌਕਾਪਰਸਤ ਸਿਧਾਂਤ 'ਇੰਟਰਨੈਸ਼ਨਲ ਨੇ ਵੀ ਪਾਸ ਕਰ ਦਿੱਤਾ ਅਤੇ 'ਪਰੋਲੇਤਾਰੀ ਪਾਰਟੀ' ਨੇ ਇਕੱਲਿਆਂ ਹੀ (ਬਿਨਾਂ ਕੌਮਾਂਤਰੀ ਸੰਗਠਨ ਦੀ ਮਦਦ ਦੇ) ਸਹੀ ਕੌਮਾਂਤਰੀਵਾਦੀ ਪੁਜੀਸ਼ਨ ਅਖਤਿਆਰ ਕਰ ਲਈ! ਉਪਰੋਕਤ ਇਤਿਹਾਸਕ ਤੱਥਾਂ ਤੋਂ ਸਿੱਟਾ ਨਿਕਲਦਾ ਹੈ ਕਿ ਕੌਮਾਂਤਰੀ ਜਥੇਬੰਦੀ ਦਾ ਹੋਣਾ, ਆਪਣੇ ਆਪ ਵਿਚ ਕੌਮਾਂਤਰੀਵਾਦੀ ਲੀਹ ਘੜਨ ਤੇ ਲਾਗੂ ਕਰਨ ਦੀ ਜ਼ਾਮਨੀ ਨਹੀਂ ਬਣਦਾ ਅਤੇ ਇਕ ਪਾਰਟੀ ਜਾਂ ਗਰੁੱਪ ਵੀ ਕੌਮਾਂਤਰੀਵਾਦੀ ਲੀਹ ਘੜ ਸਕਦਾ ਹੈ। ਇਸਦਾ ਅਰਥ ਹੈ ਕਿ ਕੌਮਾਂਤਰੀਵਾਦ ਲਈ ਪਰਖਵੱਟੀ ਇਸਦਾ ਤੱਤ ਹੈ, ਰੂਪ ਨਹੀਂ; ਇਸਦਾ ਜਥੇਬੰਦਕ ਸਰੂਪ—ਕਿਸੇ ਕਿਸਮ ਦਾ ਕੌਮਾਂਤਰੀ ਸੰਗਠਨ ਨਾ ਤਾਂ ਇਸਦਾ ਫੈਸਲਾਕੁਨ ਪੱਖ ਹੈ ਅਤੇ ਨਾ ਹੀ ਅਜਿਹਾ ਪਵਿੱਤਰ ਤੇ ਅਲੰਘ ਅਸੂਲ ਹੈ ਜਿਸਦੀ ਪਾਲਣਾ ਨਾ ਕਰਨ ਕਰਕੇ ਕਿਸੇ ਕਮਿਊਨਿਸਟ ਪਾਰਟੀ ਨੂੰ 'ਕਾਫ਼ਰ' ਕਰਾਰ ਦੇ ਕੇ ਉਸਦਾ ਭਾਂਡਾ ਛੇਕਿਆ ਜਾਣਾ ਚਾਹੀਦਾ ਹੈ। ਨਵੇਂ ਮੱਤ ਦੇ ਹਾਮੀ ਸਾਥੀ ਜਥੇਬੰਦਕ ਰੂਪ ਨੂੰ ਹੀ ਫੈਸਲਾਕੁਨ ਪੱਖ ਬਣਾਈ ਜਾਂਦੇ ਹਨ, ਉਨ੍ਹਾਂ ਦਾ ਕੌਮਾਂਤਰੀਵਾਦ ਦਾ ਸੰਕਲਪ ਹੀ ਵਿਗੜਿਆ ਹੋਇਆ ਹੈ, ਜਿਸਦੇ ਅਧਾਰ ਤੇ ਉਹ ਬੇਬੁਨਿਆਦ ਅਤੇ ਕਲਪਤ ਫਤਵੇ ਸੁਣਾਈ ਜਾਂਦੇ ਹਨ।

ਸਧਾਰਣ ਸ਼ਬਦਾਂ 'ਚ, ਸਾਰੇ ਦੇਸ਼ਾਂ ਦੇ ਇਨਕਲਾਬਾਂ ਦਾ ਕੁਲ ਜੋੜ ਦਾ ਨਾਂ ਹੀ ਸੰਸਾਰ ਇਨਕਲਾਬ ਹੈ। ਹਰੇਕ ਪਾਰਟੀ ਮੁੱਖ ਤੌਰ ਤੇ ਆਪਣੇ ਦੇਸ਼ ਦੇ ਇਨਕਲਾਬ ਨੂੰ ਅੱਗੇ ਵਧਾਉਣ ਰਾਹੀਂ ਹੀ, ਸੰਸਾਰ ਇਨਕਲਾਬ ਨੂੰ ਅੱਗੇ ਵਧਾਉਣ 'ਚ ਆਵਦਾ ਹਿੱਸਾ ਪਾਉਂਦੀ ਹੈ ਅਤੇ ਇਸ ਤਰ੍ਹਾਂ ਸੰਸਾਰ ਸਾਮਰਾਜਵਾਦ ਨੂੰ ਇਨਕਲਾਬੀ ਐਕਸ਼ਨਾਂ ਰਾਹੀਂ, ਨਾ ਸਿਰਫ ਲਫਾਫੇਬਾਜ਼ ਸ਼ਬਦ-ਕੀਰਤਨ ਰਾਹੀਂ, ਲੱਕ ਤੋੜਵੀਆਂ ਹਾਰਾਂ ਦੇ ਰਹੀ ਹੁੰਦੀ ਹੈ। ਇਨਕਲਾਬੀ ਕਾਰਵਾਈਆਂ ਦੇ ਅਪਰੇਸ਼ਨ ਥੀਏਟਰ ਇਕ ਦੇਸ਼ ਹੋਣ ਦੇ ਬਾਵਜੂਦ ਵੀ ਲਹਿਰ ਦਾ ਤੱਤ ਕੌਮਾਂਤਰੀਵਾਦੀ ਰਹਿੰਦਾ ਹੈ। ਰੂਸੀ ਬਾਲਸ਼ਵਿਕਾਂ ਦੀ ਅਗਵਾਈ ਹੇਠਲਾ ਜੇਤੂ ਅਕਤੂਬਰ ਇਨਕਲਾਬ ਇਕੱਲੇ ਦੇਸ਼, ਰੂਸ 'ਚ ਹੀ ਸਿਰੇ ਚਾੜ੍ਹਿਆ ਗਿਆ। ਕੀ ਇਹ ਕੌਮਵਾਦ ਸੀ ? ਚੀਨੀ ਸਾਥੀਆਂ ਨੇ ਵੀ ਚੀਨੀ ਧਰਤੀ ਉੱਤੇ ਜੇਤੂ ਲਾਲ ਫਰੇਰਾ ਲਹਿਰਾਇਆ। ਕੀ ਇਹ ਵੀ ਕੌਮਵਾਦ ਸੀ ? ਜੇ ਇਕ ਦੇਸ਼ 'ਚ ਸਿਆਸੀ ਸੱਤਾ ਤੇ ਕਬਜ਼ਾ ਕਰਨ ਦਾ ਫੌਰੀ ਨਿਸ਼ਾਨਾ ਰੱਖਣਾ ਭਾਵ ਇਨਕਲਾਬ ਕਰਨਾ ਕੌਮਵਾਦ ਨਹੀਂ ਤਾਂ ਫੇਰ ਇਕ ਦੇਸ਼ 'ਚ ਸਮਾਜਵਾਦ ਉਸਾਰਨ ਦਾ ਫੌਰੀ ਨਿਸ਼ਾਨਾ ਰੱਖਣਾ ਭਾਵ ਇਨਕਲਾਬ ਨੂੰ ਪੱਕੇ ਪੈਰੀਂ ਕਰਨਾ, ਕੌਮਵਾਦ ਕਿਵੇਂ ਬਣਿਆ ? ਹਰ ਕਮਿਊਨਿਸਟ ਪਾਰਟੀ ਲਈ ਦੁਸ਼ਮਣ ਨਾਲ ਮੱਥਾ ਲਾਉਣ ਲਈ ਮੁੱਖ ਰਣ-ਖੇਤਰ ਆਵਦਾ ਦੇਸ਼ ਹੀ ਹੁੰਦਾ ਹੈ, ਜਿੰਨੀ ਸੁਚੱਜੀ ਸਫਲਤਾ ਉਹ ਇਸ ਮੋਰਚੇ ਤੇ ਹਾਸਲ ਕਰ ਲੈਂਦੀ ਹੈ, ਉਨ੍ਹੀ ਵੱਧ ਸੰਸਾਰ ਇਨਕਲਾਬ ਨੂੰ ਠੋਸ ਦੇਣ ਗਿਣੀ ਜਾਣੀ ਚਾਹੀਦੀ ਹੈ। ਇਕ ਜੇਤੂ ਕਮਿ: ਪਾਰਟੀ ਆਵਦੇ ਦੇਸ਼ 'ਚ ਸਮਾਜਵਾਦੀ ਸਮਾਜ ਦੀ ਉਸਾਰੀ ਕਰਨ ਰਾਹੀਂ ਹੀ, ਮੁੱਖ ਤੌਰ ਤੇ, ਸੰਸਾਰ ਇਨਕਲਾਬ ਨੂੰ ਅੱਗੇ ਵਧਾਉਣ 'ਚ ਆਵਦਾ ਹਿੱਸਾ ਪਾਉਂਦੀ ਹੈ। ਦੂਜੇ ਦੇਸ਼ਾਂ ਦੀਆਂ ਇਨਕਲਾਬੀ ਲਹਿਰਾਂ ਦੀ ਹਮਾਇਤ ਦਾ ਮੁੱਖ ਰੂਪ ਵੀ ਵਿਚਾਰਧਾਰਕ-ਸਿਆਸੀ ਹੁੰਦਾ ਹੈ। ਪਦਾਰਥਕ ਮਦਦ ਨਾ ਸਿਰਫ ਇਨਕਲਾਬੀ ਲਹਿਰਾਂ ਦੀਆਂ ਜ਼ਰੂਰਤਾਂ ਸਗੋਂ ਸਮਾਜਵਾਦੀ ਦੇਸ਼ ਦਾ ਆਵਦਾ ਵਿੱਤ ਵੇਖਕੇ ਦਿੱਤੀ ਜਾ ਸਕਦੀ ਹੈ। ਐਥੇ ਸਾਡੇ ਧਿਆਨ 'ਚ ਇਹ ਮਾਰਕਸੀ

ਬੁਨਿਆਦੀ ਅਸੂਲ ਧਿਆਨ 'ਚ ਰਹਿਣਾ ਚਾਹੀਦਾ ਹੈ ਕਿ ਕਿਸੇ ਦੇਸ਼ 'ਚ ਇਨਕਲਾਬ ਦੀ ਜਿੱਤ ਲਈ ਫੈਸਲਾਕੁਨ ਪੱਖ ਉਥੋਂ ਦੀ ਜਨਤਾ ਦਾ ਹੁੰਦਾ ਹੈ, ਸਮਾਜਵਾਦੀ ਮੁਲਕ ਦੀ ਮਦਦ ਦਾ ਨਹੀਂ। ਸੰਸਾਰ ਇਨਕਲਾਬ ਸਮਾਜਵਾਦੀ ਇਨਕਲਾਬ ਤੋਂ ਕੋਈ ਬਿਲਕੁਲ ਵੱਖਰੀ ਸ਼ੈਅ ਨਹੀਂ, ਸਮਾਜਵਾਦੀ ਇਨਕਲਾਬ ਇਸਦਾ ਇਕ ਮਹੱਤਵਪੂਰਣ ਤੇ ਮੋਹਰੀ ਅੰਗ ਹੈ, ਜਿਸਨੂੰ ਜੀਤ ਸੰਸਾਰ ਇਨਕਲਾਬ 'ਚੋਂ ਮਨਫ਼ੀ ਕਰਕੇ ਵੇਖਦਾ ਹੈ।

ਇਸ ਨਵੇਂ ਮੱਤ ਦੇ ਹਾਮੀ ਨਾ ਸਿਰਫ ਸਮਾਜਵਾਦੀ ਉਸਾਰੀ ਦੇ ਕੌਮਾਂਤਰੀ ਤੱਤ ਤੋਂ ਇਨਕਾਰੀ ਹੋ ਰਹੇ ਹਨ ਸਗੋਂ ਉਸਦੀ ਕੌਮਾਂਤਰੀ ਮਹੱਤਤਾ ਤੋਂ ਵੀ ਮੁਨਕਰ ਹਨ। ਸਮਾਜ ਦੀ ਸਮਾਜਵਾਦੀ ਉਸਾਰੀ ਨਾ ਸਿਰਫ ਪਰੋਲੇਤਾਰੀ ਦੀਆਂ ਪੁਜੀਸ਼ਨਾਂ ਦੀ ਮਜ਼ਬੂਤੀ ਤੇ ਪਕਿਆਈ ਹੈ ਸਗੋਂ ਬੁਰਜੂਆਜ਼ੀ ਨੂੰ ਨਿਸੱਲ, ਬੇਵਸ ਤੇ ਬੇਦਿਲ ਕਰ ਸੁੱਟਣ ਵਾਲਾ ਕਰਾਰਾ ਵਾਰ ਹੈ। ਰੂਸ 'ਚ ਸਮਾਜਵਾਦ ਦੀ ਸਫਲ ਉਸਾਰੀ ਨੇ ਬੁਰਜੂਆਜ਼ੀ ਦੇ ਹਵਾਈ ਸੁਪਨਿਆਂ ਦਾ ਗਰਭਪਾਤ ਕਰ ਦਿੱਤਾ, ਜਿਹੜੀ ਇਹ ਕਲਪਕੇ ਕਿ ਮਜ਼ਦੂਰ ਚੰਦ ਦਿਨ ਵੀ ਹਕੂਮਤ ਚਲਾ ਤੇ ਸੰਭਾਲ ਨਹੀਂ ਸਕਣਗੇ ਤੇ ਸੋਵੀਅਤ ਸੱਤਾ ਬੱਸ ਦਿਨਾਂ ਦੀ ਪ੍ਰਾਹੁਣੀ ਹੈ, ਮੂਰਖਾਂ ਦੀ ਬਹਿਸ਼ਤ 'ਚ ਰਹਿ ਰਹੇ ਸਨ। ਜਿੱਥੇ ਰੂਸੀ ਇਨਕਲਾਬ ਦੀ ਜਿੱਤ ਨੇ ਸਾਮਰਾਜ ਤੇ ਪਿਛਾਖੜ ਦੀ ਮਿਆਦੀ ਤੇ ਸਥਾਈ ਕਮਜ਼ੋਰੀ ਉਜਾਗਰ ਕਰਕੇ ਅਤੇ ਉਸ ਉੱਤੇ ਲੋਕਾਂ ਦੀ ਅਥਾਹ ਤਾਕਤ ਦੀ ਉਤਮਤਾ ਦੀ ਮੋਹਰ ਲਾ ਕੇ ਕੁਲ ਦੁਨੀਆਂ ਦੇ ਮਜ਼ਦੂਰਾਂ ਤੇ ਸਤਾਏ ਲੋਕਾਂ ਦੇ ਹੌਸਲਿਆਂ ਨੂੰ ਨਵੀਆਂ ਬੁਲੰਦੀਆਂ ਉੱਤੇ ਪੁਚਾ ਦਿੱਤਾ, ਉਥੇ ਸਮਾਜਵਾਦ ਦੀਆਂ ਚਮਤਕਾਰੀ ਪਰਾਪਤੀਆਂ ਨੇ ਵੀ ਉਨ੍ਹਾਂ ਦੇ ਸਵੈ-ਵਿਸ਼ਵਾਸ ਅਤੇ ਲੜਾਕੂ ਸਪਿਰਟ ਨੂੰ ਵੀ ਜ਼ਰਬਾਂ ਦਿਤੀਆਂ। ਸਮਾਜਵਾਦ ਦੁਨੀਆਂ ਭਰ ਦੇ ਲੋਕਾਂ ਨੂੰ ਅਥਾਹ ਪਰੇਰਨਾ ਵੰਡਦਾ ਜਿਉਂਦਾ ਤੇ ਸ਼ਕਤੀਸ਼ਾਲੀ ਚਾਨਣ ਮੁਨਾਰਾ ਬਣ ਗਿਆ; ਬਾਦ 'ਚ ਇਨਕਲਾਬੀ ਲਹਿਰਾਂ 'ਚ ਆਈ ਉਠਾਣ 'ਚ ਉਸਦੇ ਪਰੇਰਕ ਅਸਰਾਂ ਦਾ ਅਹਿਮ ਰੋਲ ਹੈ। ਸੰਸਾਰ ਇਨਕਲਾਬ ਦੇ ਤਾਕਤਵਰ ਕਿਲ੍ਹੇ ਦੀ ਉਸਾਰੀ ਪਰੋਲੇਤਾਰੀ ਅਮਲੀ ਸੂਰਮਿਆਂ ਵਲੋਂ ਕੀਤੀ ਕੌਮਾਂਤਰੀਵਾਦ ਦੀ ਠੋਸ ਅਮਲਦਾਰੀ ਸੀ ਨਾਂ ਕਿ ਬਾਤ-ਬਹਾਦਰਾਂ ਵਾਂਗ ਕੌਮਾਂਤਰੀਵਾਦ ਦਾ ਨਿਰਾਪੁਰਾ ਗਮੰਤਰੀਪੁਣਾ। ਸਮਾਜਵਾਦੀ ਸਮਾਜ ਦੀ ਉਸਾਰੀ; ਜਿਹੜਾ ਗਹਿਰਾ ਅਤੇ ਸਰਬ-ਪੱਖੀ ਇਨਕਲਾਬ ਹੈ, ਨੂੰ ਤਕਨੀਕੀ ਉਸਾਰੀ ਦੱਸਕੇ, ਜੀਤ ਸਚੀਓਂ ਅਰਾਜਕਤਾਵਾਦੀਆਂ ਦੀ ਬੋਲੀ ਬੋਲ ਰਿਹਾ ਹੈ। ਇਕ ਦੇਸ਼ 'ਚ ਸਮਾਜਵਾਦੀ ਉਸਾਰੀ ਦੇ ਕੌਮਾਂਤਰੀ ਤੱਤ ਤੇ ਮਹੱਤਤਾ ਤੋਂ ਇਨਕਾਰੀ ਹੋਣਾ ਸਭਤੋਂ ਭੈੜੀ ਕਿਸਮ ਦੇ ਕੌਮਵਾਦ ਦਾ ਸ਼ਿਕਾਰ ਹੋਣਾ ਹੈ।

ਜੇ ਪਰਲੇਤਾਰੀਆ ਸਾਮਰਾਜਵਾਦੀ ਚੇਨ ਦੀ ਕਮਜ਼ੋਰ ਕੜੀ ਭੰਨਕੇ ਇਕ ਦੇਸ਼ 'ਚ ਸਿਆਸੀ ਇਨਕਲਾਬ ਕਰ ਸਕਦਾ ਹੈ, ਤਾਂ ਉਹ ਇਸੇ ਕੰਮਜ਼ੋਰ ਕੜੀ ਨੂੰ ਸਮਾਜਵਾਦ ਉਸਾਰੀ ਰਾਹੀਂ ਆਵਦੇ ਮਜ਼ਬੂਤ ਕਿਲ੍ਹੇ 'ਚ ਕਿਉਂ ਨਹੀਂ ਬਦਲ ਸਕਦਾ ? ਉਹ ਕਿਹੜਾ ਹਿਮਾਲਾ ਪਰਬਤ ਹੈ.ਜਿਸਨੂੰ ਉਹ ਸਰ ਨੀ ਕਰ ਸਕਦਾ ? ਜਿਹੜੀ ਚੀਨੀ ਦੀਵਾਰ ਹੈ, ਜਿਸਨੂੰ ਲੰਘ ਨਹੀਂ ਸਕਦਾ ? ਜੇ ਉਹ ਸਾਮਰਾਜੀ ਘੇਰਾਬੰਦੀ 'ਚ ਸਮਾਜਵਾਦੀ ਆਰਥਕਤਾ ਦੀ ਵੀ ਉਸਾਰੀ ਕਰ ਸਕਦਾ ਹੈ। ਪਰੋਲੇਤਾਰੀ ਡਿਕਟੇਟਰਸ਼ਿਪ ਦੇ ਰੂਪ 'ਚ ਉਸ ਕੋਲ ਜ਼ੋਰਾਵਰ ਸੰਦ ਹੁੰਦਾ ਹੈ, ਜਿਸ ਅਧੀਨ ਸਮੁੱਚੇ ਲੋਕਾਂ ਨੂੰ ਸਿਖਿਅਤ ਤੇ ਜਥੇਬੰਦ ਕਰਨ ਲਈ ਉਸ ਕੋਲ ਚੰਗੇਰੇ ਮੌਕੇ ਹੁੰਦੇ ਹਨ ਅਤੇ ਬੁਰਜੂਆਜ਼ੀ ਦੀ ਮੁਜ਼ਾਹਮਤ ਭੰਨਣ ਲਈ ਤਾਕਤ ਵੀ ਹੁੰਦੀ ਨੂੰ, ਗੱਲ ਕੀ, ਉਹ ਲਾਹੇਵੰਦ ਪੁਜ਼ੀਸ਼ਨ 'ਚ ਹੁੰਦਾ ਹੈ। ਇਸ ਤਰ੍ਹਾਂ, ਉਹ ਇਕ ਦੇਸ਼ 'ਚ ਵੀ ਸਾਮਰਾਜੀ ਸੰਸਾਰ ਤੋਂ ਸਿਫਤੀ ਤੌਰ ਤੇ ਵੱਖਰਾ ਅਤੇ ਮੁਕਾਬਲੇ ਦਾ ਸੰਸਾਰ ਉਸਾਰ ਸਕਦਾ ਹੈ। ਕਿਉਂਕਿ ਸਮਾਜਵਾਦੀ ਦੇਸ਼ ਸਿਆਸੀ ਤੌਰ ਤੇ ਅਜ਼ਾਦ, ਆਰਥਕ ਤੌਰ ਤੇ ਸਵੈਨਿਰਭਰ ਤੇ ਫੌਜੀ ਤੌਰ ਤੇ ਕਾਫੀ ਸ਼ਕਤੀਸ਼ਾਲੀ ਹੁੰਦਾ ਹੈ, ਇਸ ਲਈ ਉਸਨੂੰ ਅਸਾਨੀ ਨਹੀਂ ਨਿਗਲਿਆ ਨਹੀਂ ਜਾ ਸਕਦਾ।

ਜੀਤ ਦਾ ਇਹ ਦਾਅਵਾ ਕਿ ਰੂਸ 'ਚ "ਸਾਮਰਾਜੀ ਸਿਸਟਮ ਦੇ ਪੰਜਾਂ ਅੰਗਾਂ 'ਚੋਂ ਇੱਕ ਦਾ ਨਿੱਜੀ ਮਾਲਕੀ ਦਾ ਖਾਤਮਾ ਹੋ ਚੁੱਕਿਆ ਸੀ। ਦੂਜੇ ਤੱਤ ਪਹਿਲਾਂ ਵਾਂਗ ਹੀ ਉਪਰੇਟ ਕਰ ਰਹੇ ਸਨ।" ਸਹੀ ਨਹੀਂ। ਕਿਉਂਕਿ, ਸੱਤਾ ਪਰੋਲੇਤਾਰੀਏ ਹੱਥ ਸੀ, ਪੈਦਾਵਾਰ ਦੇ ਸਾਧਨ ਮੁੱਖ ਤੌਰ ਤੇ ਸਮਾਜੀ ਕਰ ਦਿੱਤੇ ਗਏ ਸਨ, ਲੋਕਾਂ ਦੀ ਚੇਤਨਾ ਇਨਕਲਾਬੀ ਕਰਨ ਦੇ ਅਮਲ ਵਿਚੋਂ ਲੰਘ ਚੁੱਕੀ ਸੀ, ਪੈਦਾਵਾਰੀ ਦੀ ਵਿਉਂਤ ਤੇ ਵੰਡ ਮਜ਼ਦੂਰ ਜਮਾਤ ਦੀ ਨਿਗਰਾਨੀ ਤੇ ਅਗਵਾਈ ਹੇਠਾਂ ਹੁੰਦੀ ਸੀ, ਸਿੱਟੇ ਵਜੋਂ ਪੈਦਾਵਾਰੀ ਸੰਬੰਧ ਵੀ ਮੁੱਖਤੌਰ ਤੇ ਸਮਾਜਵਾਦੀ ਬਣ ਗਏ ਸਮਾਜੀ ਪਰਬੰਧ—ਸਮਾਜਵਾਦ—ਹੋਂਦ 'ਚ ਆ ਚੁੱਕਾ ਸੀ। ਜੀਤ ਪੈਦਾਵਾਰੀ ਸਾਧਨਾਂ ਦੇ ਬੁਨਿਆਦੀ ਪੱਖ ਦੀ, ਜਿਸ ਤੋਂ ਬੁਰਜੂਆਜ਼ੀ ਨੂੰ ਨਾ ਸਿਰਫ ਰੂਪ ਪੱਖੋਂ ਸਗੋਂ ਤੱਤ ਪੱਖੋਂ ਵੀ ਵਾਂਝਾ ਕਰ ਦਿੱਤਾ ਗਿਆ ਸੀ, ਮਹੱਤਤਾ ਘਟਾਕੇ ਗੈਰ ਮਾਰਕਸੀ ਸਮਝ ਦਾ ਸ਼ਿਕਾਰ ਹੋ ਰਿਹੈ। ਉਹ ਸਮੁੱਚੇ ਦਿਮਾਗੀ ਕਿਰਤੀਆਂ ਨੂੰ ਲੁੱਟ ਕੇ ਪਲਣ ਵਾਲੀ ਇਕ ਨਵੀਂ ਟੈਕਨੋਕਰੇਟ ਜਮਾਤ ਦੱਸਕੇ ਚਿੱਟੇ ਕਾਲੇ ਦੀ ਪਛਾਣ ਭੁੱਲ ਬੈਠਾ ਹੈ। ਇਹ ਠੀਕ ਹੈ ਕਿ ਇਕ ਛੋਟਾ ਨੌਕਰਸ਼ਾਹ ਹਿੱਸਾਂ, ਕਿਰਤੀਆਂ

ਦੀ ਰੱਤ ਚੂਸਣ ਲਈ ਹਰ ਵਾਹ ਲਾਉਂਦਾ ਹੈ, ਪਰ ਅਜਿਹੇ ਅੰਸਰਾਂ ਦੇ ਅਨੇਕਾਂ ਬੰਧਸ਼ਾਂ ਨਾਲ ਹੱਥ ਪੈਰ ਨੂੜੇ ਹੁੰਦੇ ਹਨ। ਉਹ ਪਰੋਲੇਤਾਰੀ ਪਾਰਟੀ ਨੂੰ ਜਮਾਤ ਦੇ ਉਲਟ ਖੜਾ ਕਰ ਰਿਹਾ ਹੈ। ਪਰੋਲੇਤਾਰੀ ਦੇ ਹਕੀਕੀ ਕੰਟਰੋਲ, ਸਰੀਰਕ ਮਿਹਨਤ ਦੀ ਦਿਮਾਗੀ ਮਿਹਨਤ ਉੱਤੇ ਮੁਕੰਮਲ ਸਰਦਾਰੀ ਅਤੇ ਸਰਮਾਏਦਾਰੀ ਆਰਥਕਤਾ ਦਾ ਮੁਕੰਮਲ ਖਾਤਮੇ ਦਾ ਉਸਦੀਆਂ ਮੰਗਾਂ, ਅਸਲ 'ਚ ਪਰੋਲੇਤਾਰੀ ਡਿਕਟੇਟਰਸਿਪ ਦੇ ਜੜ੍ਹੀਂ ਤੇਲ ਦੇਣ ਵਾਲੇ ਸਿਧਾਂਤ ਹਨ। ਇਨ੍ਹਾਂ ਉਪਰ ਅੰਨੇਵਾਹ ਚਲਕੇ ਪਰੋਲੇ-ਤਾਰੀ ਹੱਥ ਇੱਕ ਦਹਾਕਾ ਵੀ ਹਕੂਮਤ ਨਾ ਰਹਿੰਦੀ।

ਮੀਤ ਸਮਾਜਵਾਦੀ ਆਰਥਕਤਾ 'ਚ ਉਪਰੇਟ ਕਰਦੇ ਸੀਮਤ ਸਰਮਾਏਦਾਰੀ ਤੱਤਾਂ ਨੂੰ ਸਾਮਰਾਜੀ ਪ੍ਰਣਾਲੀ ਨਾਲ ਤੁਲਨਾ ਦੇ ਕੇ ਭੁਲਦਾ ਹੈ ਕਿ ਸਾਮਰਾਜੀ ਪ੍ਰਣਾਲੀ ਸਧਾਰਨ ਕਿਸਮ ਦੀ ਸਰਮਾਏਦਾਰਾਨਾ ਪ੍ਰਣਾਲੀ ਨਹੀਂ ਹੁੰਦੀ; ਇਸੇ ਤਰ੍ਹਾਂ ਹਰ ਕਿਸਮ ਦੇ ਮਾਲ (Commodity) ਦੀ ਪੈਦਾਵਾਰ ਵੀ ਸਰਮਾਏਦਾਰਾਨਾ ਨਹੀਂ ਹੁੰਦੀ। ਉਹ ਭੁਲਦੈ ਕਿ ਸਮਾਜਵਾਦੀ ਦੇਸ਼ 'ਚ ਸਾਮਰਾਜੀ ਸਰਮਾਏ ਲਈ ਅਹਿਮ ਥਾਂ ਨਹੀਂ ਹੁੰਦੀ, ਇਸ ਲਈ ਉਸਦੀ ਆਰਥਕਤਾ ਬਸਤੀਆਨਾ ਜਾਂ ਨੀਮ-ਬਸਤੀਆਨਾ ਨਹੀਂ ਹੁੰਦੀ।

ਸਾਮਰਾਜਵਾਦ ਦੇ ਹੋਂਦ 'ਚ ਆਉਣ ਆ ਅਰਥ ਦੇਸ਼ਾਂ, ਕੌਮਾਂ, ਰਾਜਾਂ ਦੀ ਵੱਖਰੀ ਹੋਂਦ ਖਤਮ ਹੋ ਕੇ ਇਕ ਸਾਮਰਾਜੀ ਰਾਜ 'ਚ ਮਿਲ ਜਾਣਾ ਨਹੀਂ। ਉਹ "ਇਕ ਸੰਸਾਰ, ਇਕੋ ਸਿਧਾਂਤ" ਪੇਸ਼ ਕਰਕੇ, ਹਰੇਕ ਦੇਸ਼ 'ਚ "ਤੱਤ 'ਚ ਇਕੋ ਜਿਹਾ ਸਮਾਜ, ਇਕੋ ਜਿਹਾ ਇਨਕਲਾਬ" ਦੀ ਧਾਰਨਾ ਦਾ ਪਰਚਾਰ ਕਰਕੇ ਸਾਮਰਾਜਵਾਦ ਅਤੇ ਪਰੋਲੇਤਾਰੀ ਇਨਕਲਾਬ ਬਾਰੇ ਲੈਨਿਨੀ ਥੀਸਸ ਦੀ ਦੁਰਗੱਤ ਕਰ ਰਿਹਾ ਹੈ। ਉਹ ਸਾਮਰਾਜਵਾਦ ਅਤੇ ਦਬਾਈਆਂ ਕੌਮਾਂ ਵਿਚਲੀ ਵਿਰੋਧਤਾਈ ਅਤੇ ਕੌਮੀ ਇਨਕਲਾਬਾਂ ਦੀ ਮਹੱਤਤਾ ਤੋਂ ਵਿਰਵਿਆ ਬੈਠਾ ਹੈ। ਸਮਾਜਵਾਦੀ ਆਰਥਕਤਾ ਦੇ ਸੰਕਲਪ ਨੂੰ ਵਿਗਾੜ ਰਿਹੈ ਅਤੇ ਇਸ ਤੋਂ ਵੱਧ, ਖੁਦ ਪੈਦਾਵਾਰੀ ਤਾਕਤਾਂ ਦੇ ਸੋਧਵਾਦੀ ਸਿਧਾਂਤ ਦਾ ਝੰਡਾ ਬਰਦਾਰ ਬਣ ਰਿਹੈ। ਭਲਾ ਕਿਵੇਂ ?

ਉਸਦੀ ਸਾਰੀ ਤਰਕ-ਵਿਧੀ ਦਾ ਤੱਤ ਇਹ ਹੈ ਕਿ ਸਮਾਜਵਾਦੀ ਦੇਸ਼ਾਂ 'ਚ ਪਹਿਲਾਂ ਆਰਥਕ ਅਧਾਰ 'ਚ ਨਿਘਾਰ ਆਇਆ, ਜਿਸ ਦੇ ਨਤੀਜੇ ਵਜੋਂ ਪਾਰਟੀ ਤੇ ਰਾਜ ਵਿਚ ਨਿਘਾਰ ਆ ਗਿਆ। ਇਸ ਦਾ ਅਰਥ ਹੈ ਕਿ ਆਰਥਕ ਅਧਾਰ ਦਾ ਇਸ ਨਿਘਾਰ 'ਚ ਰੋਲ ਫੈਸਲਾਕੁਨ ਹੈ; ਇਸਦਾ ਅਰਥ ਹੈ ਕਿ ਜਿੰਨਾ ਚਿਰ ਸਰਮਾਏਦਰਾਨਾ ਆਰਥਕਤਾ ਮੁਕੰਮਲ ਰੂਪ 'ਚ ਖਤਮ ਨਹੀਂ ਕਰ ਦਿਤੀ ਜਾਂਦੀ, ਪਾਰਟੀ ਆਪਣੀ ਪਵਿੱਤੱਰਤਾ ਕਾਇਮ ਨਹੀਂ ਰੱਖ ਸਕਦੀ ਅਤੇ ਲਾਜਮੀ ਹੀ ਨਿਘਰਕੇ ਰਾਜਕੀ ਅਜਾਰੇਦਾਰੀ ਸਰਮਾਂਏਦਾਰੀ ਦੀ ਪਾਰਟੀ ਬਣ ਜਾਵੇਗੀ। ਭਾਵ ਆਰਥਕਤਾ ਫੈਸਲਾਕੁਨ ਹੈ, ਲਾਈਨ ਨਹੀਂ। ਸਰਮਾਏਦਾਰੀ ਦੀ ਹਕੂਮਤ ਹੇਠ, ਜਦੋਂ ਆਰਥਕ ਅਧਾਰ ਤੇ ਸਮੁੱਚਾ ਚੁਗਿਰਦਾ ਬੇਗਾਨਾ ਹੋਣ ਦੇ ਬਾਵਜੂਦ ਪਾਰਟੀ ਪੈਦਾ ਹੁੰਦੀ, ਵਧਦੀ-ਫੁੱਲਦੀ, ਆਪਣੀ ਪਵਿੱਤਰਤਾ ਕਾਇਮ ਰੱਖਦੀ ਤੇ ਅੰਤ, ਲੜਦਿਆਂ ਹੋਇਆਂ, ਜੇਤੂ ਹਕੂਮਤੀ ਪਾਰਟੀ ਬਣਦੀ ਰਹੀ ਹੈ। ਇਸ ਤੋਂ ਸਿੱਟਾ ਨਿਕਲਦਾ ਹੈ ਕਿ ਸਰਮਾਏਦਾਰਾਨਾ ਆਰਥਕਤਾ (ਤੇ ਉਸਾਰ ਵੀ) ਪਾਰਟੀ ਨੂੰ ਪ੍ਰਭਾਵਤ ਤਾਂ ਜ਼ਰੂਰ ਕਰਦਾ ਹੈ, ਪਰ ਫੈਸਲਾਕੁਨ ਤੌਰ ਤੇ ਨਹੀਂ; ਪਾਰਟੀ ਗੈਰ-ਲਾਹੇਵੰਦ ਚੁਗਿਰਦੇ ਵਿਚ ਵੀ ਆਪਣੀ ਪਵਿੱਤਰਤਾ ਕਾਇਮ ਰੱਖ ਸਕਦੀ ਹੈ। ਜੇ ਆਰਥਕ ਅਧਾਰ ਬੇਗਾਨਾ ਹੁੰਦਿਆਂ ਮਜਦੂਰ ਜਮਾਤ ਸਿਆਸੀ ਸਤੱਾ ਤੇ ਕਬਜ਼ਾ ਕਰ ਸਕਦੀ ਹੈ ਤਾਂ ਇਹੀ ਗੱਲ ਉਲਟ-ਇਨਕਲਾਬ ਤੇ ਵੀ ਲਾਗੂ ਹੁੰਦੀ ਹੈ। ਸਮਾਜਵਾਦੀ ਆਰਥਕਤਾ ਦੇ ਹੁੰਦਿਆਂ-ਸੁੰਦਿਆਂ ਉਹ ਸਿਆਸੀ ਸਤੱਾ ਤੇ ਮੁੜ ਕਬਜ਼ਾ ਅਰ ਸਕਦਾ ਹੈ। ਜੀਤ ਸਮਾਜਵਾਦੀ ਦੇਸ਼ਾਂ ਦੇ ਪਤਨ ਨੂੰ ਵੇਖਦਿਆਂ ਵਿਕਾਸ਼ ਨੂੰ ਸਿਰਫ ਮਾਤਰਾ ਦੇ ਰੂਪ 'ਚ ਨਹੀਂ, ਉਹ ਤਾਕਤਾਂ ਦੇ ਤੋਲ ਦੇ ਸਮਾਜਕ ਵਿਕਾਸ ਦੇ ਅਸਰਾਂ ਨੂੰ ਅੱਖੋਂ ਓਹਲੇ ਕਰਦਾ ਹੈ, ਇਸ ਤਰ੍ਹਾਂ ਵਿਕਾਸ ਦੇ ਸੂਤੇ-ਸਿੱਧ ਅਤੇ evolutionary ਸਿਧਾਂਤ ਦਾ ਪਰਚਾਰ ਅਤੇ ਇਨਕ-ਲਾਬੀ ਸਿਧਾਂਤ ਦਾ ਖੰਡਨ ਕਰ ਰਿਹੈ। ਸਮਾਜਵਾਦੀ ਦੇਸ਼ਾਂ ਦੇ ਪਤਨ ਦੇ ਕਾਰਣ ਵੇਖਣ ਦਾ ਉਸਦਾ ਸਿਧਾਂਤਕ-ਚੌਖਟਾ ਹੀ ਗਲਤ ਹੈ।

ਸੰਸਾਰ ਜੰਗ ਦਾ ਖਤਰਾ ਸਿਰ 'ਤੇ ਘੂਕ ਰਿਹਾ ਹੈ। ਇਸ ਨੂੰ "ਟਾਲਣ ਲਈ ਪੂਰੀ ਕੋਸ਼ਿਸ਼" ਅਤੇ ਨਾਲ ਹੀ "ਘਰੇਲੂ ਜੰਗ 'ਚ ਬਦਲਣ ਦੀਆਂ ਤਿਆਰੀਆਂ" ਦੀਆਂ ਗੱਲਾਂ ਬਿਨਾਂ ਢੁਕਵੀਂ ਦਾਅ ਪੇਚਕ ਲੀਹ ਦੇ ਨਿਰੀਪੁਰੀ ਮੁਹਾਵਰੇਬਾਜ਼ੀ ਹੈ। ਅੱਜ, ਸੰਸਾਰ ਜੰਗ ਬਾਰੇ ਬੁਨਿਆਦੀ ਲੈਨਿਨੀ ਪੈਤੜਾ---ਇਸਨੂੰ ਇਨਕਲਾਬੀ ਜੰਗ 'ਚ ਬਦਲੋ—ਕਮਿ: ਲਹਿਰ ਦੇ ਸਕੂਲੀ ਵਿਦਿਆਰਥੀ ਵੀ ਦੁਹਰਾ ਸਕਦੇ ਹਨ। ਇਤਿਹਾਸ ਅੱਜ ਆਗੂਆਂ ਤੋਂ ਅਗਲਾ ਕਾਰਜ ਨਿਭਾਉਣ ਲਈ ਸੋਧ ਤਹਿ ਕਰਨ ਦੀ ਮੰਗ ਕਰਦਾ ਹੈ—ਇਸ ਬੁਨਿਆਦੀ ਨਾਅਰੇ ਨੂੰ ਸਾਕਾਰ ਕਰਨ ਲਈ ਛੇਤੀ ਤੋਂ ਛੇਤੀ, ਚੁਸਤ ਤੋਂ ਚੁਸਤ ਢੰਗ ਨਾਲ, ਵੱਧ ਤੋਂ ਵੱਧ ਸੰਭਵ ਕੀ ਕੀਤਾ ਜਾ ਸਕਦਾ ਹੈ ਅਤੇ ਕਿਵੇਂ ਕੀਤਾ ਜਾਵੇ ? ਇਹ ਸਵਾਲ ਹੈ ਜਿਹੜਾ ਆਗੂਆਂ ਸਾਹਮਣੇ ਮੌਜੂਦਾ ਸਮਾਂ ਖੜਾ ਕਰ ਰਿਹੈ ਅਤੇ ਇਸ ਨੂੰ ਹੱਲ ਕਰਨ ਲਈ ਉਨ੍ਹਾਂ ਨੂੰ ਆਪਣੀਆਂ ਮਾਨਸਕ ਸ਼ਕਤੀਆਂ ਕੇਂਦਰਤ ਕਰਨੀਆਂ

ਚਾਹੀਦੀਆਂ ਹਨ। ਇਸ ਸੁਆਲ ਨੂੰ ਹੱਲ ਕਰਨ ਲਈ ਦੁਝਦਿਆਂ ਹੀ ਉਹ ਦੂਜੀ ਸੰਸਾਰ ਜੰਗ ਸਮੇਂ ਕੌਮਨਤਰਨ ਵਲੋਂ ਲੈਨਿਨੀ ਸਮਝ ਦੇ ਕੀਤੇ ਵਿਕਾਸ ਨੂੰ ਸਹੀ ਰੂਪ ਅੰਗ ਤੇ ਵਾਚ ਸਕਦੇ ਹਨ।

ਕਮਿਊਨਿਸਟ ਲਹਿਰ ਨੂੰ ਅੱਗੇ ਵਧਾਉਣ ਲਈ ਅੱਜ ਲੋੜ "ਗਲਾਧੜ-ਸ਼ੇਰਾਂ" ਵਿਰੁੱਧ ਲੜਣ ਦੀ ਵੀ ਹੈ, ਜਿਹੜੇ ਮੌਕਾਪਰਸਤੀ ਵਿਰੁੱਧ ਲੜਨ ਦੇ ਨਾਂ ਹੇਠ ਘਚੋਲਾ ਖੜ੍ਹਾ ਕਰਨ ਤੋਂ ਬਿਨਾਂ ਕੱਖ ਨਹੀਂ ਕਰ ਰਹੇ ਅਤੇ ਜਮਾਤੀ ਘੋਲ ਅੱਗੇ ਤੋਰਨ ਲਈ ਠੋਸ ਕਦਮ ਚੁੱਕਣ ਦੀ ਥਾਂ ਕੌਮਾਂਤਰੀਵਾਦ ਦੇ ਨਿਰੇ ਪੁਰੇ ਸੋਹਲੇ ਗਾਉਣ ਲੱਗੇ ਹੋਏ ਹਨ।

—ਸੁਖਰਾਜ, ਬਠਿੰਡਾ

## 3. ਇਕ ਚਿਠੀ ਕੈਨੇਡਾ ਤੋਂ ਇਕ ਸਾਥੀ ਦੀ

ਪੰਜਾਬ ਕੇ ਹਾਲਾਤ ਬਲਕਿ ਸਾਰੇ ਦੇਸ਼ ਕੇ ਹਾਲਾਤ ਬੜੇ ਚਿੰਤਾਜਨਕ ਹੈਂ—ਨੌਜਵਾਨੋਂ ਕੋ ਆਪਣੇ future ਕੇ ਮੁਤਅਲਕ ਬੜੀ ਬੇਚੈਨੀ ਹੈ। ਦੇਸ਼ ਮੇਂ ਸਰਮਾਏਦਾਰੀ ਨਜ਼ਾਮ ਕੀ ਲੁੱਟ ਖਸੁੱਟ ਸੇ ਪਰੇਸ਼ਾਨ ਹੋਕੇ ਬਾਹਰ ਭਾਗ ਰਹੇ ਹੈਂ—ਐਸੀ ਹਾਲਤ ਸੇ ਮੌਕਾਪ੍ਰਸਤ ਲੋਕ—ਟਰੈਵਲ ਏਜੰਟ, ਗੁਮਰਾਹ ਲੀਡਰ ਫਾਇਦਾ ਉਠਾ ਰਹੇ ਹੈਂ—ਭੋਲੇ ਲੋਕੋਂ ਕੀ ਸਭ ਤਰਫ ਸੇ ਲੂਟ ਹੋ ਰਹੀ ਹੈ। ਅਬ 1500 ਕੇ ਕਰੀਬ ਖਾਲਿਸਤਾਨ ਰੀਫੀਊਜੀ ਕੈਨੇਡਾ ਮੇਂ ਬੈਠੇ ਹੈਂ—ਔਰ ਯਹਾਂ ਕੀ ਸਰਕਾਰ ਇੰਦਰਾ ਸਰਕਾਰ ਕੇ ਇਸ਼ਾਰੇ ਪਰ ਇਨਕੋ ਤੰਗ ਕਰ ਰਹੀ ਹੈ ਕਿ ਇਨਕੋ ਵਰਕ ਪਰਮਿਟ ਨਾ ਦੇਵੇ ਔਰ ਇਨਕੇ ਕੇਸੋਂ ਕਾ ਫੈਸਲਾ ਨਾ ਕਰੇ—ਇਨਕੋ ਲਟਕਾ ਰਖੇ—ਅਬ ਵੀਜ਼ਾ ਲਾਗੂ ਕਰ ਦੀਆ ਹੈ। ਜਬ ਲੋਕ ਪ੍ਰੋਟੈਸਟ ਕਰਤੇ ਹੈਂ ਤੋ ਯਹਾਂ ਕੀ ਸਰਕਾਰ ਕਹਿਤੀ ਹੈ ਕਿ ਹਮਾਰਾ ਮਨਿਸਟਰ ਇੰਡੀਆ ਜਾ ਕੇ ਸਭ ਕੋ ਮਿਲ ਆਇਆ ਹੈ ਔਰ ਹਾਲਾਤ ਕਾ ਜਾਇਜ਼ਾ ਲੇਕੇ ਹੀ ਹਮ ਨੇ ਯੇਹ ਫੈਸਲਾ ਲੀਆ ਹੈ। ਔਰ ਯਹਾਂ ਕੇ ਫਿਰਕਾਪ੍ਰਸਤ ਲੋਕ ਭੀ ਕਹਿਤੇ ਹੈਂ ਕਿ ਯੇਹ ਸਿਖ ਲੋਕ ਹੀ ਹੈਂ ਜੋ ਸਾਰੀ ਕਮਿਊਨਿਟੀ ਕੋ ਬਦਨਾਮ ਕਰ ਰਹੇ ਹੈਂ—ਸਭ ਪੰਜਾਬ ਸੇ ਆਤੇ ਹੈਂ ਇਨਕੋ ਬੰਦ ਕਰਨਾ ਚਾਹੀਏ—ਖਾਲਿਸਤਾਨ ਵਾਲੋਂ ਕਾ ਤੋ ਆਪਕੋ ਪਤਾ ਹੀ ਹੈ ਕਿ ਡਾਕਟਰ ਜਗਜੀਤ ਸਿੰਘ ਔਰ ਗੰਗਾ ਸਿੰਘ ਅਮਰੀਕਾ ਯੇਹ ਕੌਣ ਹੈਂ—ਯਹਾਂ ਕਾ ਏਕ ਬਦਨਾਮ ਟੈਕਸੀ ਡਰਾਈਵਰ ਆਪਣੇ ਆਪਕੋ ਖਾਲਿਸਤਾਨ ਕਾ ਹਾਈ ਕਮਿਸ਼ਨਰ ਕਹਿ ਰਹਾ ਹੈ ਔਰ ਆਪਣਾ ਦਫਤਰ ਬਣਾ ਰਖਾ ਹੈ —ਔਰ ਪ੍ਰੈਸ ਵਾਲੋਂ ਕੇ ਪੂਛਨੇ ਪਰ ਊਟ ਪਟਾਂਗ ਬਿਆਨ ਦੇ ਰਹਾ ਹੈ—C-I-A ਔਰ ਕੈਨੇਡੀਅਨ ਸਰਕਾਰ ਮਿਲ ਕਰ ਯੇਹ ਸਾਰੀ ਸਕੀਮ ਕੋ ਉਛਾਲ ਰਹੇ ਹੈਂ—ਪਰਚਾਰ ਕਰ ਰਹੇ ਹੈਂ—ਉਨ੍ਹੋਂ ਨੇ ਅਪਣੀ ਕਰੰਸੀ ਨੋਟ ਛਾਪ ਰਖੇ ਹੈਂ—ਪਾਸਪੋਰਟ ਬਣਾ ਰਹੇ ਹੈਂ,ਔਰ ਇਸ ਕਿਸਮ ਦਾ ਗੁੰਮਰਾਹਕੁਨ ਬਹੁਤ ਕੁਝ ਹੋ ਰਹਾ ਹੈ—ਜ਼ਿਆਦਾ ਗੁਰਦੁਆਰੇ ਇਨਕੇ ਖਿਲਾਫ ਹੈਂ—ਬਹੁਤ ਕੰਮ ਯਾ ਇਨਮੇਂ ਸੇ ਕੁਝ ਮੌਕਾਪ੍ਰਸਤ ਲੋਕ ਇਨਕੀ ਹਮਾਇਤ ਕਰਤੇ ਹੈਂ। ਵੋਹ ਭੀ ਇਨਕੀ ਵੋਟੋਂ ਕਾ ਚੱਕਰ ਹੈ—ਹਰ ਗੁਰਦੁਆਰੇ ਮੇਂ ਦੋ ਯਾ ਤੀਨ ਪਾਰਟੀਆਂ ਹੈਂ—ਹਰ ਗੁਰਦੁਆਰੇ ਕਾ ਮੁਕੱਦਮਾ ਕੋਰਟ ਮੇਂ ਚਲ ਰਹਾ ਹੈ। ਯਾ ਚਲਨੇ ਵਾਲਾ ਹੈ—ਕਾਬਜ਼ ਗਰੁਪ ਆਪਣਾ ਕਬਜ਼ਾ ਨਹੀਂ ਛੋੜਤਾ—ਔਰ ਆਜਕਲ ਅਲੈਕਸ਼ਨੋਂ ਕੇ ਦਿਨ ਹੈਂ—ਖੂਬ ਇਕ ਦੂਸਰੇ ਪਰ ਕੀਚੜ ਉਛਾਲਾ ਜਾ ਰਹਾ ਹੈ—ਕਈ ਗਰੁਪ ਖਾਲਿਸਤਾਨ ਕੋ ਭੀ ਅਲੈਕਸ਼ਨ ਸਟੇਟ ਕੇ ਤੌਰ ਪਰ ਇਸਤੇਮਾਲ ਕਰ ਰਹੇ ਹੈਂ—ਸਾਰੀ ਲੜਾਈ ਗੋਲਕ ਕੀ ਹੈ—ਪਹਿਲੇ ਧੜੇ ਵਾਲੇ ਆਪਣਾ ਤਾਲਾ ਨਹੀਂ ਖੋਲਤੇ ਔਰ ਦੂਸਰੇ ਇਸਕੇ ਊਪਰ ਆਪਣਾ ਲਗਾ ਦੇਤੇ ਹੈਂ—ਫਿਰ ਲੜਾਈ ਹੋਤੀ ਹੈ—ਕੇਸ ਕੋਰਟ ਮੇਂ ਜਾਤਾ ਹੈ—ਇਸ ਤਰ੍ਹਾਂ ਕੇ ਹਾਲਾਤ ਮੇਂ ਯਹਾਂ ਕੇ ਗੁਰਦੁਆਰੇ ਕੇ—ਅਜਕਲ ਯਹਾਂ ਮੌਸਮ ਸਰਦ ਹੈ—ਕਾਫੀ ਬਰਫਬਾਰੀ ਹੋ ਰਹੀ ਹੈ—ਕਾਮ ਭੀ ਕੁਝ ਮੰਦਾ ਹੋ ਜਾਤਾ ਹੈ। ਵੈਸੇ ਭੀ ਮੰਦਵਾੜਾ ਬੜ ਰਹਾ ਹੈ—ਯਹਾਂ ਕੀ Economy ਅਮਰੀਕਾ ਕੇ ਸਾਥ ਬੰਧੀ ਹੋਈ ਹੈ। ਤਮਾਮ ਅਖਬਾਰ ਮੇਂ ਲਿਖਾ ਹੋਤਾ ਹੈ ਕਿ ਅਗਰ ਅਮਰੀਕਾ ਕੀ Economy ਕੋ ਜ਼ੁਕਾਮ ਹੈ—ਤੋ ਯਹਾਂ ਨਮੂਨੀਆ ਹੋ ਜਾਤਾ ਹੈ। Interest ਕੇ ਬੜ ਜਾਣੇ ਕੀ ਵਜਾ ਸੇ ਅਮਰੀਕਾ ਮੇਂ ਨਯੇ ਘਰ ਬਣਨੇ ਬੰਦ ਹੋ ਗਏ ਹੈ ਤੋ ਯਹਾਂ ਕਾ Lumber—ਯਾਨੀ ਲਕੜੀ ਕਾ ਸਮਾਨ ਖਰੀਦ ਨਹੀਂ ਰਹਾ—ਤੋਂ ਯਹਾਂ ਲਕੜੀ ਕੀ ਮਿਲੇਂ ਬੰਦ ਹੋ ਰਹੀ ਹੈਂ। ਜਿਸ ਕਾ ਅਸਰ ਲੋਕੋਂ ਪਰ ਕਾਫੀ ਪੜਤਾ ਹੈ—ਗਿਆਰਾਂ ਬਾਰਾਂ ਹਜ਼ਾਰ ਮਜ਼ਦੂਰ ਲਕੜੀ ਕਾ ਕਾਮ ਕਰਨੇ ਵਾਲੇ ਖਾਲੀ ਬੈਠੇ ਹੈਂ—ਏਕ ਬਹੁਤ ਬੜੀ ਮਿਲ 26 ਸਾਲ ਚਲਨੇ ਕੇ ਬਾਅਦ 31 ਦਸੰਬਰ ਕੋ ਬੰਦ ਹੋ ਰਹੀ ਹੈ—ਔਰ ਹਮਾਰੇ ਕੋਈ ਆਦਮੀ 26 ਸਾਲ ਸੇ ਵਹਾਂ ਕਾਮ ਕਰ ਰਹੇ ਥੇ—ਵੋ ਅਬ ਕਿਆ ਕਰੇਂ—(Honeymoon Bay) ਵਾਲੇ ਸਭ ਬੇਰੁਜ਼ਗਾਰ ਹੋ ਗਏ ਹੈਂ—ਔਰ ਇਨਕੀ ਉਮਰ ਭੀ ਕਾਫੀ ਹੋ ਚੁਕੀ ਹੈ—ਨਯੇ ਕਾਮ ਵਾਲੇ ਨੌਜਵਾਨੋਂ ਕੋ ਕਾਮ ਦੇਤੇ ਹੈਂ—ਯਹਾਂ ਆਕਰ ਅਸਲ ਮਜ਼ਦੂਰ ਜਮਾਤ ਔਰ ਇਸਕੀ ਮੁਸ਼ਕਲਾਤ ਕਾ ਪਤਾ ਚਲਤਾ ਹੈ ਔਰ India ਕੇ ਮਜ਼ਦੂਰੋਂ ਕਾ ਖੁਦਾ ਹੀ ਹਾਫਜ਼ ਹੈ—ਯਹਾਂ ਤੋਂ ਫਿਰ ਵੀ *Unemployment Insurance* ਹੈ। ਔਰ Pay ਵਗੈਰਾ ਭੀ ਮਿਲਤੀ ਹੈ, ਜਿਸ ਵਜਾ ਸੇ ਮਜ਼ਦੂਰ ਚਾਰ ਦਿਨ ਬਗੈਰ ਕਾਮ ਕੇ ਭੀ ਨਿਕਾਲ

ਸਕਤਾ ਹੈ—ਮਗਰ ਹਮਾਰੇ ਦੇਸ਼ ਮੇਂ ਤੋ ਕੁਛ ਭੀ ਨਹੀਂ ਹੈ—ਸਿਵਾਏ ਅੰਧੀ ਲੂਟ ਖਸੁੱਟ ਕੇ।

—ਰਨਬੀਰ ਸਿੰਘ

## 4. ਲੋਕ ਸਭਿਆਚਾਰ ਮੋਰਚਾ

ਭਾ ਜੀ 14 ਤਰੀਖ ਨੂੰ ਪਿੰਡ ਨਸਰਾਲੀ ਵਿਖੇ ਲੋਕ ਸਭਿਆਚਾਰ ਨੂੰ ਲੋਕਾਂ ਵਿਚ ਹਰਮਨ ਪਿਆਰਾ ਕਰਨ ਅਤੇ ਲੋਕ ਵਿਰੋਧੀ ਲੱਚਰ ਸਾਹਿਤ ਦਾ ਸੰਗਠਤ ਰੂਪ ਵਿਚ ਮੁਕਾਬਲਾ ਕਰਨ ਲਈ ਤੁਸੀਂ ਆਪ ਅਤੇ ਪੰਜਾਬ ਨਾਟਕ ਕਲਾ ਕੇਂਦਰ ਵਲੋਂ ਰਲ ਕੇ ਜੋ ਸਭਿਆਚਾਰਕ ਮੇਲਾ ਰੱਖਿਆ ਗਿਆ। ਸਰਮਾਏਦਾਰੀ ਵਲੋਂ ਗੰਦੇ ਸਭਿਅਤਾ ਦੇ ਅਸਰ ਹੇਠ ਲਿਤਾੜੇ ਜਾ ਰਹੇ ਲੋਕਾਂ ਨੂੰ ਅਜ਼ਾਦ ਕਰਾਉਣ ਦੇ ਲਈ ਇਕ ਬਹੁਤ ਹੀ ਸ਼ਲਾਘਾ ਯੋਗ ਕਦਮ ਹੈ।

ਉਸ ਮੇਲੇ ਵਿਚ ਮੈਂ ਵੀ ਇਕ ਦਰਸ਼ਕ ਜਾਂ ਸਰੋਤੇ ਦੇ ਰੂਪ ਵਿਚ ਉਸ ਵਕਤ ਪਹੁੰਚਿਆ ਜਦੋਂ ਸੁਖਪਾਲ ਆਪਣਾ ਪੇਪਰ ਪੜ੍ਹਕੇ ਸੁਣਾ ਰਿਹਾ ਸੀ ਤੇ ਉਸ ਤੋਂ ਪਿਛੋਂ ਵੱਖ ਸਾਹਿਤਕਾਰਾਂ ਤੇ ਬੁਲਾਰਿਆਂ ਨੇ ਆਪਣੇ ਆਪਣੇ ਸੁਝਾਅ ਦਿੱਤੇ। ਤਕਰੀਬਨ ਸਾਰੇ ਦੇ ਸਾਰੇ ਬੁਲਾਰਿਆਂ ਨੇ ਇਨ੍ਹਾਂ ਗੱਲਾਂ ਤੇ ਜ਼ੋਰ ਦਿੱਤਾ ਕੇ ਆਪਣੇ ਤੂੰਬੀ ਦੀਆਂ ਤਰਜ਼ਾਂ ਨੂੰ, ਗਿਧੇ, ਭੰਗੜੇ ਤੇ ਬੋਲੀਆਂ ਵਾਪਸ ਕਰਾਉਣ ਦੇ ਲਈ ਆਪਾ ਨੂੰ ਇਕ ਮੰਚ ਵਿਚ ਇਕੱਠੇ ਹੋ ਕੇ ਪਿੰਡਾਂ ਦੀਆਂ ਸੱਥਾਂ ਵਿਚ ਜਾਂ ਵਿਦਿਅਕ ਸੰਸਥਾਵਾਂ ਵਿੱਚ ਲੋਕ ਪੱਖੀ ਸਭਿਆਚਾਰ ਨੂੰ ਲਿਜਾਣਾਂ ਚਾਹੀਦਾ ਹੈ। ਤੇ ਸੁਖਪਾਲ ਨੇ ਵੀ ਆਪਣੇ ਪੇਪਰ ਵਿਚ ਮੈਗਜ਼ੀਨਾਂ, ਰਸਾਲਿਆ ਪੱਤ੍ਰਕਾਰੀ ਜਾਂ ਨਾਟਕ ਮੰਡਲੀਆਂ ਦੀ ਕਾਰਜ ਸਮਰਥਾ ਨੂੰ ਵਧਾਉਣਾ ਮੰਚ ਦੇ ਅਰੰਭਕ ਕੰਮ ਦੱਸੇ। ਭਾਂਵੇ ਇਹ ਸਾਰੇ ਸੁਝਾਅ ਠੀਕ ਹਨ ਪਰ ਕਿਸੇ ਨੇ ਵੀ ਇਹ ਸੁਝਾਅ ਨਹੀਂ ਦਿੱਤਾ ਕੇ ਆਪਾਂ ਨੂੰ ਪੇਂਡੂ ਮੇਲਿਆਂ ਵਿਚ ਜਾ ਕੇ ਨਾਟਕ ਖੇਡਣੇ ਚਾਹੀਦੇ ਹਨ ਕਾਨਫਰੰਸ ਲਾਉਣੀਆਂ ਚਾਹੀਦੀਆਂ ਹਨ ਤੇ ਇਨਕਲਾਬੀ ਗੀਤ ਪੇਸ਼ ਕਰਨੇ ਚਾਹੀਦੇ ਹਨ। ਮੇਰੇ ਖਿਆਲ 'ਚ ਅੱਜ ਤਕ ਕਿਸੇ ਦੀ ਮੰਡਲੀ ਨੇ ਕਿਸੇ ਦੀ ਮੇਲੇ ਵਿਚ ਭਾਗ ਨਹੀਂ ਲਿਆ ਹੋਣਾਂ ਜਦੋਂ ਕੇ ਕਾਫੀ ਸਮੇਂ ਤੋਂ ਕਿੰਨੀਆਂ ਹੀ ਇਨਕਲਾਬੀ ਨਾਟਕ ਮੰਡਲੀਆਂ ਪੰਜਾਬ ਵਿਚ ਕੰਮ ਕਰ ਰਹੀਆਂ ਹਨ। ਉਹ ਕਿਹੜੇ ਕਾਰਨ ਹਨ ਜਿਹੜੇ ਪੇਂਡੂ ਮੇਲਿਆਂ ਵਿਚ ਭਾਗ ਲੈਣ ਤੋਂ ਰੋਕਦੇ ਹਨ ਜਦੋਂ ਕੇ ਪੇਂਡੂ ਮੇਲਿਆਂ ਵਿਚ ਮਿਹਨਤੀ ਲੋਕਾਂ ਦੇ ਇਕੱਠੇ ਹੋਣ ਦੇ ਕੇਂਦਰ ਵੀ ਇਹੀ ਮੇਲੇ ਰਹਿ ਗਏ ਹਨ। ਤੇ ਇਨਾਂ ਮੇਲਿਆਂ ਵਿਚ ਹੀ ਸਭ ਤੋਂ ਪਹਿਲਾਂ ਲੱਚਰ ਸਾਹਿਤ ਨੇ ਜਨਮ ਲਿਆ ਭਾਵੇਂ ਉਹ ਨੰਗਾ ਡਾਨਸ ਹੋਵੇ ਭਾਵੇਂ ਕੋਈ ਗੰਦੀ ਕਿਤਾਬ ਹੋਵੇ, ਭਾਵੇਂ ਗੰਦੀਆਂ ਬੋਲੀਆਂ ਹੋਣ ਤੇ ਭਾਵੇਂ ਗੰਦੇ ਗੀਤ ਹੋਣ ਤੇ ਉਸ ਤੋਂ ਬਾਅਦ ਇਹ ਸਾਰਾ ਕੁਝ ਪਿੰਡਾਂ ਵਿਚ ਗਿਆ। ਮੇਰੇ ਖਿਆਲ ਵਿਚ ਤਾਂ ਅਸੀਂ ਵੀ ਇਹਨਾਂ ਮੇਲਿਆਂ ਰਾਹੀਂ ਹੀ ਚੰਗੇ ਸਭਿਆਚਾਰ ਦੁਆਰਾ ਗੰਦੇ ਸਭਿਆਚਾਰ ਦਾ ਮੁਕਾਬਲਾ ਕਰ ਸਕਦੇ ਹਾਂ ਤੇ ਗੰਦੇ ਸਭਿਆਚਾਰ ਨੂੰ ਢਹਿ ਢੇਰੀ ਕਰ ਸਕਦੇ ਹਨ ਕਿਉਂਕਿ ਕਿਸੇ ਵੀ ਚੀਜ਼ ਦਾ ਮੁਕਾਬਲਾ ਕਰਨ ਲਈ ਮੈਦਾਨ ਦੇ ਜ਼ਰੂਰੀ ਜਾਣਾ ਪੈਂਦਾ ਹੈ। ਨਿਰਾ ਪੁਰਾ ਗੁਪਤ ਮੀਟਿੰਗਾਂ ਕਰਕੇ ਅਸੀਂ ਜਿੱਤ ਹਾਸਲ ਨਹੀਂ ਕਰ ਸਕਦੇ।

ਪਿੰਡਾਂ ਵਿਚ ਤਾਂ ਇਹ ਆਮ ਤੌਰ ਤੇ ਦੇਖਣ ਵਿਚ ਆਉਂਦਾ ਹੈ ਕਿ ਲੱਚਰ ਸਾਹਿਤ ਤੇ ਮਸ਼ੀਨਰੀ ਜੁਗ ਨੇ ਲੋਕਾਂ ਵਿਚ ਆਪਸੀ ਪਿਆਰ ਨੂੰ ਇਨਾ ਜ਼ਿਆਦਾ ਖੋਹ ਲਿਆ ਕਿ ਉਹ ਕਾਫੀ ਹੱਦ ਸੱਥਾ ਵਿਚ ਬੈਠਣ ਤੋਂ ਅਸਮਰਥ ਹਨ। ਇਹ ਗੱਲ ਵੀ ਆਮ ਦੇਖਣ ਵਿਚ ਆਉਂਦੀ ਹੈ ਕਿ ਜੇ ਪਿੰਡ ਵਿਚ ਕੁਝ ਇਕ ਵਿਅਕਤੀ ਇਨਕਲਾਬੀ ਨਾਟਕ ਜਾਂ ਕਈ ਪ੍ਰੋਗਰਾਮ ਕਰਵਾਉਂਦੇ ਹਨ ਤਾਂ ਆਮ ਜਨਤਾ ਦੇ ਮੂੰਹੋਂ ਕਾਫੀ ਸ਼ਲਾਘਾ ਤਾਂ ਸੁਣਨ ਵਿਚ ਆਉਂਦਾ ਹੈ ਪਰ ਵਿਰੋਧੀ ਧਿਰ ਲੋਕਾਂ ਨੂੰ ਇਹ ਕੇ ਆਖ ਡਰਾ ਦਿੰਦੀ ਹੈ ਕਿ ਇਹ ਤਾਂ ਨਕਸਲਬਾੜੀਏ ਹਨ ਤੁਸੀਂ ਕਦੇ ਇਹਨਾਂ ਦੀ ਸਟੇਜ ਕਿਸੇ ਮੇਲੇ ਤੇ ਵੀ ਦੇਖੀ ਹੈ ਜਦੋਂ ਕਿ ਉਥੇ ਹੋਰ ਸਾਰੀਆਂ ਪਾਰਟੀਆਂ ਦੀਆਂ ਸਟੇਜਾਂ ਹੁੰਦੀਆਂ ਹਨ। ਦਹਿਸ਼ਤ ਦੇ ਡਰ ਦੇ ਮਾਰੇ ਉਹ ਲੋਕ ਆਪਣੇ ਆਪ ਨੂੰ ਡਰਾਮਾ ਦੇਖਣ ਤਕ ਸੀਮਤ ਰੱਖ ਕੇ ਹੋਰ ਦਿਲਚਸਪੀ ਨਹੀਂ ਲੈਂਦੇ। ਮੇਰੇ ਖਿਆਲ ਵਿਚ ਤਾਂ ਅਸੀਂ ਪਿੰਡਾਂ ਵਿਚ ਜਾਣ ਦੇ ਨਾਲ ਨਾਲ ਮੇਲਿਆਂ ਨੂੰ ਪਹਿਲ ਦੇਈਏ ਤਾਂ ਕਾਫੀ ਲਾਹੇਵੰਦ ਹੋਵੇਗਾ।

—ਕੁਲਵੰਤ ਸਿੰਘ

## 5. 'ਇਨਕਲਾਬੀ ਤਾਕਤਾਂ' ਤੇ ਇਕ ਟਿੱਪਣੀ

ਜਿਸ ਤਰ੍ਹਾਂ ਸਰਮਾਏਦਾਰੀ ਦਾ ਆਰਥਕ ਸੰਕਟ ਦਿਨੋ ਦਿਨ ਡੂੰਘਾ ਹੁੰਦਾ ਜਾ ਰਿਹਾ ਹੈ, ਉਸੇ ਤਰਾਂ 'ਇਨਕਲਾਬੀ ਤਾਕਤਾਂ' ਦਾ ਸੰਕਟ ਵੀ ਦਿਨੋ-ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਜਿਵੇਂ ਅਸੀਂ ਸਾਰੇ ਦੇਖਦੇ ਹੀ ਹਾਂ ਕਿ ਜਿਵੇਂ ਪਹਿਲਾਂ ਪਹਿਲ ਇਕੋ ਕਮਿਊਨਿਸਟ ਪਾਰਟੀ ਬਣੀ, ਫੇਰ ਉਸ ਦੇ ਪੇਟ 'ਚੋਂ ਹੀ ਦੂਜੀ ਨੇ ਜਨਮ ਲਿਆ ਤੇ ਉਸ ਤੋਂ ਬਾਅਦ ਪਾਰਟੀਆਂ ਜਾਂ ਗਰੁੱਪ ਬਣਨ ਦੀ ਇਕ ਲੜੀ ਸ਼ੁਰੂ ਹੋਈ ਕਿ ਅੱਜ ਇਹਨਾਂ ਦੀ ਗਿਣਤੀ ਕੰਪਊਟਰ ਨਾਲ ਹੀ ਕੀਤੀ ਜਾ ਸਕਦੀ ਹੈ। ਇਹਨਾਂ ਦੀ ਗਿਣਤੀ ਅਮਰ ਵੇਲ ਵਾਂਗ ਵਧਦੀ ਹੀ ਜਾ ਰਹੀ ਹੈ। ਸ਼ਾਇਦ ਇਹ ਲੜੀ ਕਿਤੇ ਬੰਦ ਵੀ ਹੋ ਜਾਵੇ। ਪਰ ਨੇੜਲੇ ਭਵਿੱਖ ਵਿਚ ਇਸ ਦੀ ਆਸ ਘੱਟ ਹੀ ਹੈ। ਕਿਉਂਕਿ ਇਹਨਾਂ ਇਨਕਲਾਬੀ ਗਰੁਪਾਂ ਦੇ ਲੋਕਾਂ ਦੀ ਲੀਡਰਸ਼ਿਪ ਦੀ ਭੁੱਖ ਤੇ ਚੌਧਰ ਦੀ ਭੁੱਖ

ਬਹੁਤ ਜ਼ਿਆਦਾ ਹੈ ਤੇ ਦਿਨ ਬ-ਦਿਨ ਵੱਧਦੀ ਹੀ ਜਾਂਦੀ ਹੈ। ਇਹ ਗਰੁਪਾਂ ਤੇ ਪਾਰਟੀਆਂ ਦੇ ਵਾਧੇ ਵਾਲੀ ਪ੍ਰਕਿਰਿਆ ਦਾ ਖਾਤਮਾ ਕਿਤੇ ਮਨੁੱਖਤਾ ਦੇ ਖਾਤਮੇ ਨਾਲ ਨਾ ਜੁੜਿਆ ਹੋਵੇ।

ਹਰ ਗਰੁੱਪ ਤੇ ਪਾਰਟੀ ਆਪਣੀ ਲਾਈਨ ਨੂੰ ਦਰੁਸਤ ਦੱਸਣ ਲਈ ਮਾਰਕਸ ਤੇ ਲੈਨਿਨ ਦੀਆਂ ਰਚਨਾਵਾਂ ਵਿਚੋਂ ਟੂਕਾਂ ਲੈ ਕੇ ਮਸ਼ੀਨੀ ਢੰਗ ਨਾਲ ਆਪਣੀਆਂ ਲਿਖਤਾਂ ਵਿਚ ਫਿੱਟ ਕਰ ਦਿੰਦਾ ਹੈ ਤੇ ਦੂਜਿਆਂ ਨੂੰ ਮਾਰਕਸਵਾਦ-ਲੈਨਿਨਵਾਦ ਵਿਰੋਧੀ ਸਾਬਤ ਕਰ ਦਿੰਦਾ ਹੈ। ਦੂਸਰੇ ਵੀ ਮੋੜਵੇਂ ਰੂਪ ਵਿਚ 'ਪਹਿਲਾ ਸੇਰ ਦੂਸਰਾ ਸਵਾ ਸੇਰ' ਵਾਲੇ ਅਖਾਣ-ਅਨੁਸਾਰ ਹੀ ਪਹਿਲੇ ਵਾਂਗ ਕਰਦਾ ਹੈ। ਇਸੇ ਤਰਾਂ ਆਪਣੇ-2 ਪਰਚਿਆਂ ਰਾਹੀਂ ਇਹਨਾਂ ਦੀ ਬਹਿਸ, ਛਿੜ ਜਾਂਦੀ ਹੈ ਇਹਨਾਂ ਦੇ ਪਰਚਿਆਂ ਦੀ ਅਧੀ-2 ਜਗ੍ਹਾ ਇਕ ਦੂਜੇ ਤੇ ਕੀਤੀ ਦੂਸ਼ਣ-ਬਾਜੀ ਲੈ ਜਾਂਦੀ ਹੈ ਤੇ ਅਧੀ ਕੁ ਜਗ੍ਹਾ ਲੋਕਾਂ ਲਈ ਰਹਿ ਜਾਂਦੀ ਹੈ। ਕਿਉਂਕਿ ਇਹਨਾਂ ਨੇ ਆਪਣਾ-2 ਮੁੱਖ ਕੰਮ ਇਕ ਦੂਜੇ ਤੇ ਵਿਅੰਗ ਕੱਸਣ ਦਾ ਹੀ ਬਣਾ ਲਿਆ ਹੈ।

ਜਿਹੜਾ ਵਿਅਕਤੀ ਕਿਸੇ ਗਰੁਪ ਦੀ ਲਾਈਨ ਤੇ ਕਿੰਤੂ ਚਰਨ ਦੀ ਜੁੱਰਤ ਕਰਦਾ ਹੈ ਉਸਨੂੰ ਉਸ ਗਰੁੱਪ ਵਲੋਂ ਤਰ੍ਹਾਂ-2 ਦੇ ਵਿਸ਼ੇਸ਼ਣਾ ਨਾਲ ਨਿਵਾਜਿਆ ਜਾਂਦਾ ਹੈ। ਜਿਵੇਂ ਉਹ ਮੌਕਾ ਪ੍ਰਸਤ ਹੈ, ਗੱਦਾਰ ਹੈ, ਸੋਧਵਾਦੀ ਉਸ ਦੀ ਬੁਧੀ ਦੀਵਾਲੀਆ ਹੈ, ਉਹ ਸੀ. ਆਈ. ਡੀ ਦਾ ਏਜੰਟ ਹੈ, ਉਸਨੂੰ ਮਾਰਕਸਵਾਦ ਦੀ ਪੈਂਤੀ ਵੀ ਨਹੀਂ ਆਉਂਦੀ। ਤੇ ਆਪ ਆਪ ਆਪਣੇ 'ਮੂੰਹ ਮੀਆਂ-ਮੀਠੂ' ਬਣਦੇ ਹੋਏ ਮਾਰਕਸਵਾਦ ਦੇ ਵਿਦਵਾਨ ਬਣ ਜਾਂਦੇ ਹਨ। ਵਿਅੰਗ ਕੱਸਣ ਵਿਚ ਸਾਰੇ ਹੀ ਬਹੁਤ ਤੇਜ਼ ਹਨ। ਆਪਣੀ ਰਚਨਾਂ ਨੂੰ ਵਿਅੰਗਾਂ ਨਾਲ ਸਾਰੇ ਇਨਾਂ ਰੌਚਕ ਬਣਾ ਦਿੰਦੇ ਹਨ ਕਿ ਪਾਠਕ ਵਿਸ਼ੇ ਦੀ ਗੰਭੀਰਤਾ ਨੂੰ ਭੁੱਲ ਕੇ ਸਿਰਫ ਹੱਸਣ ਤੇ ਮਨੋਰੰਜਨ ਕਰਨ ਜੋਗੇ ਹੀ ਰਹਿ ਜਾਂਦੇ ਹਨ। ਵਿਅੰਗ ਕੱਸ-2 ਕੇ ਜਿੱਥੇ ਇਹ ਇਕ ਦੂਜੇ ਨੂੰ ਮਜ਼ਾਕ ਕਰਦੇ ਹਨ ਉਥੇ ਲੋਕਾਂ ਲਈ ਇਹਤੋਂ ਵੱਧ ਬਹੁਤ ਹੀ ਘੱਟ ਕਰਦੇ ਹਨ। ਇਕ ਦੂਜੇ ਤੇ ਦੋਸ਼ ਲਾਉਣ ਕਿ ਫਲਾਣਾ ਇਨਕਲਾਬ ਨੂੰ ਦੂਰ ਧੱਕ ਰਿਹਾ ਹੈ, ਫਲਾਣਾ ਲੋਕਾਂ ਨੂੰ ਕੁਰਾਹੇ ਪਾ ਰਿਹਾ ਹੈ। ਪਰ ਵਿਅੰਗ ਮਾਹਰੋ ਤੇ "ਮਾਰਕਸਵਾਦ ਦੇ ਵਿਦਵਾਨੋ" ਤੁਸੀਂ ਸਾਰੇ ਹੀ ਇਸ ਕੰਮ ਵਿਚ ਆਪਣੀ 2 ਸਮਰੱਥਾ ਮੁਤਾਬਕ 'ਬਣਦਾ' ਰੋਲ ਨਿਭਾ ਰਹੇ ਹੋ।

ਕੋਈ ਲੈਨਿਨ ਦੀਆਂ ਟੂਕਾਂ ਲੈ ਕੇ ਖਾਲਿਸਤਾਨ ਦੀ ਮੰਗ ਨੂੰ ਠੀਕ ਦਰਸਾਕੇ "ਮਾਰਕਸਵਾਦ-ਲੈਨਿਨਵਾਦ ਵਿਚ ਵਾਧਾ" ਕਰਕੇ ਇਸਨੂੰ ਅਮੀਰ ਬਣਾਉਂਦਾ ਹੈ।

ਕੋਈ ਕਹਿੰਦਾ ਹੈ :—"ਭਾਵੇਂ ਇਸ ਵਾਰੀ ਰਤਾ ਵੀ ਭੁਲੇਖਾ ਨਹੀਂ ਖਾਣਾ ਚਾਹੀਦਾ ਕਿ ਵਿਰੋਧੀ ਪਾਰਲੀਮਾਨੀ ਪਾਰਟੀਆਂ ਲੁਟੇਰੇ ਰਾਜ ਵਲੋਂ ਪੈਦਾ ਕੀਤੀਆਂ ਮੁਸ਼ਕਲਾਂ ਕਾਰਣ ਉਠ ਰਹੇ ਲੋਕ ਸੰਘਰਸ਼ਾਂ ਨੂੰ ਕੁਰਾਹੇ ਪਾ ਕੇ ਆਪਣੀ ਕੁਰਸੀ ਪ੍ਰਾਪਤੀ ਵਰਤਣਾ ਚਾਹੁੰਦੀਆਂ ਹਨ......ਫਿਰ ਵੀ ਸਾਨੂੰ ਆਪਣੀ ਪਹਿਲ ਕਦਮੀ ਬਰਕਰਾਰ ਰਖਦੇ ਹੋਏ, ਘੱਟੋ ਘੱਟ ਸਹਿਮਤੀ ਦੇ ਅਧਾਰ ਤੇ ਇਹਨਾਂ ਵਿਚੋਂ ਹਰ ਉਸ ਤਾਕਤ ਨਾਲ ਜਿਹੜੀ ਕਿ ਹਕੂਮਤੀ ਕੁਰਸੀ ਤੇ ਸਵਾਰ ਇੰਦਰਾ ਸਰਕਾਰ ਵਿਰੁਧ ਸੰਘਰਸ਼ ਕਰਨ ਲਈ ਅੱਗੇ ਆਉਂਦੀ ਹੈ, ਨਾਲ ਸਾਂਝੀਆਂ ਸਰਗਰਮੀਆਂ ਕਰਨੀਆਂ ਚਾਹੀਦੀਆਂ ਹਨ।" ਇਸ ਤਰ੍ਹਾਂ ਭਾਵੇਂ ਕੋਈ ਤਾਕਤ ਇੰਦਰਾ ਸਰਕਾਰ ਵਿਰੁਧ, ਖਾਲਿਸਤਾਨ ਦੀ ਮੰਗ ਦੇ ਹੱਕ ਵਿਚ ਵੀ, ਘੋਲ ਕਿਉਂ ਨਾ ਲੜਦੀ ਹੋਵੇ, ਸਾਨੂੰ ਉਸ ਦੇ ਨਾਲ ਮਿਲ ਕੇ ਸਾਂਝੀਆਂ ਸਰਗਰਮੀਆਂ ਕਰਨੀਆਂ ਚਾਹੀਦੀਆਂ ਹਨ। ਜੇ ਅਸੀਂ ਖਾਲਿਸਤਾਨ ਵਿਰੁਧ ਲੋਕ ਰਾਇ ਤਿਆਰ ਕਰਨ ਦੇ ਯਤਨ ਕਰਦੇ ਹਾਂ, ਤਾਂ ਲੋਕ ਸਾਡੀਆਂ "ਸਾਂਝੀਆਂ ਸਰਗਰਮੀਆਂ" ਨੂੰ ਦੇਖ ਕੇ ਕਹਿਣਗੇ ਤੇ ਸੋਚਣਗੇ? ਇਹਨਾਂ "ਸਾਂਝੀਆਂ ਸਰਗਰਮੀਆਂ" ਨਾਲ ਅਸੀਂ ਵਿਰੋਧੀ ਪਾਰਟੀਆਂ ਪ੍ਰਤੀ ਲੋਕਾਂ ਭੁਲੇਖੇ ਨਹੀਂ ਖੜ੍ਹੇ ਕਰ ਰਹੇ ਹੋਵਾਂਗੇ? ਜੇ ਨਹੀਂ ਤਾਂ ਕਿਵੇਂ? ਜ਼ਰਾ "ਸਾਂਝੀਆਂ ਸਰਗਰਮੀਆਂ" ਵਾਲੀ ਲਾਈਨ ਦੇਣ ਵਾਲੇ ਹੀ ਦੱਸਣ ਦੀ ਖੇਚਲ ਕਰਨ। ਕੀ ਇਹ ਲੋਕ ਪਾਰਲੀਮਾਨੀ ਪਾਰਟੀਆਂ ਪ੍ਰਤੀ ਲੋਕਾਂ ਦੀ ਨਫਰਤ ਨੂੰ ਖੁੰਢੀ ਨਹੀਂ ਕਰਦੇ ਭਾਵੇਂ ਅਚੇਤ ਮਨ ਹੀ ਸਹੀ?

ਦੂਜੇ ਪਾਸੇ ਇਕ ਲੋਕ ਕਾ: ਮਾਉ ਨੂੰ 'ਦੇਵਤਾ' ਮੰਨਦੇ ਹੋਏ ਉਸਦੀ ਕਿਸੇ ਵੀ ਸੰਭਵ ਗਲਤੀ ਨੂੰ ਛੁਪਾਣ ਦੀ ਹਰ ਕੋਸ਼ਿਸ਼ ਕਰਦੇ ਹਨ। ਉਹ ਮਾਉ ਨੂੰ 'ਤਿੰਨ ਦੁਨੀਆਂ ਦੇ ਸਿਧਾਂਤ' ਨਾਲੋਂ, ਜਿਹੜਾ ਕਿ ਸੋਧਵਾਦੀ ਸਿਧਾਂਤ ਸਾਬਤ ਹੋ ਚੁਕਾ ਹੈ ਦੂਰ ਰੱਖਣ ਲਈ ਕਹਿੰਦੇ ਹਨ ਕਿ ਮਾਉ ਦੇ ਸੰਸਾਰ ਨੂੰ "ਭੂਗੋਲਿਕ ਤੇ ਆਰਥਿਕ" ਪੱਖੋਂ ਵੰਡਦਿਆਂ ਇਸ ਦੀ ਗੱਲ ਕੀਤੀ ਸੀ। ਕੀ ਇਹ ਸਿਧਾਂਤ ਮਾਉ ਵੀ ਮੌਤ ਦੇ ਪਿਛੋਂ ਹੀ ਹੋਂਦ ਵਿਚ ਆਇਆ? ਨਹੀਂ। ਮਾਉ ਦੇ ਜੀਉਂਦੇ ਜੀ ਵੀ ਇਸ ਦੀ ਪ੍ਰਚਾਰ ਪੀਕਿੰਗ ਰੇਡੀਉ ਤੋਂ ਬੜੇ ਜ਼ੋਰ ਸ਼ੋਰ ਨਾਲ ਹੁੰਦਾ ਰਿਹਾ ਤੇ ਇਸ ਸਿਧਾਂਤ ਨੂੰ 'ਮਾਉ ਦੀ ਮਹਾਨ ਦੇਣ' ਵਜੋਂ ਪ੍ਰਚਾਰਿਆ ਜਾਂਦਾ ਰਿਹਾ। ਕੀ ਇਹ ਸਭ ਕੁਝ ਮਾਉ ਦੀ ਮਰਜ਼ੀ ਤੋਂ ਬਾਹਰ ਹੁੰਦਾ ਰਿਹਾ? ਦੂਜਾ ਕੀ ਮਾਉ ਦੀ ਰੂਸ ਪ੍ਰਤੀ ਅੰਨ੍ਹੀ ਨਫਰਤ ਨੇ ਚੀਨ ਨੂੰ ਅਮਰੀਕਾ, ਜਿਹੜਾ ਸਭ ਤੋਂ ਜ਼ਿਆਦਾ ਬਦਨਾਮ ਲੁਟੇਰਾ ਹੈ, ਦੇ ਨੇੜੇ ਨਹੀਂ ਲਿਆਂਦਾ ਤੇ ਅਮਰੀਕਾ ਪ੍ਰਤੀ ਲੋਕਾਂ ਦੀ ਨਫਰਤ ਨੂੰ ਠੰਡਾ ਕਰਨ ਦੀ, ਅਚੇਤ ਹੀ

ਕੋਸ਼ਿਸ਼ ਨਹੀਂ ਕੀਤੀ ? ਕੀ ਇਹ ਮਾਊ ਦੇ ਜੀਉਂਦਿਆਂ ਨਹੀਂ ਹੋਣੀਆਂ ? ਮਾਊ ਨੂੰ ਇਸ ਨੁਕਤੇਂ ਤੋਂ ਬਚਾਉਣ ਵਾਲੇ ਹੀ ਜ਼ਰਾਂ ਸਾਫ਼ ਕਰ ਦੇਣ ।

ਨਰਿੰਦਰ 'ਮੱਟੂ'

## 6. ਚੋਣ-ਪ੍ਰਣਾਲੀ ਵਿਚ ਲੋੜੀਂਦੀ ਸੋਧ

ਅੱਜ ਤੋਂ ਕੋਈ ਡੇਢ ਸਦੀ ਪਹਿਲਾਂ, ਦੁਨੀਆਂ ਦੇ ਲੋਕਾਂ ਨੂੰ ਇਕ-ਪੁਰਖੀ ਰਾਜ ਦੇ ਜਵਾੜੇ ਚੋਂ ਮੁਕਤ ਕਰਨ ਵਾਲਾ ਇਬਰਾਹੀਮ ਲਿੰਕਨ ਦਾ ਖੋਜਿਆ, ਪਰਚਾਰਿਆ ਤੇ ਲਾਗੂ ਕੀਤਾ 'ਲੋਕਤੰਤਰ' ਦਾ ਸਿਧਾਂਤ, ਹੁਣ ਇਕ ਫ਼ਰੇਬ ਜਿਹਾ ਬਣ ਕੇ ਰਹਿ ਗਿਆ ਜਾਪਦਾ ਹੈ । ਭਾਰਤ ਵਰਗੇ ਮਹਾਨ ਤੇ ਨੈਤਿਕ ਕਦਰਾਂ ਕੀਮਤਾਂ ਦੇ ਸਤਿਕਾਰ ਕਰਨ ਵਾਲੇ ਦੇਸ਼ ਦੇ ਲੋਕਾਂ ਨੂੰ ਤਾਂ ਇਹ Govt. off (of) the people, far (for) the people and buy (by) the people ਜਿਹਾ ਹੀ ਜਾਪਣ ਲੱਗ ਪਿਆ ਹੈ, ਜਿੱਥੇ ਚੁਣੇ ਹੋਏ ਪ੍ਰਤੀਨਿਧਾਂ ਦੀ ਬਹੁਗਿਣਤੀ ਲੋਕ-ਸੇਵਕ ਅਖਵਾਉਣ ਦੀ ਥਾਂ ਲੋਕ-ਦੋਖੀਆਂ ਦੀ ਉਪਾਧੀ ਪ੍ਰਾਪਤ ਕਰ ਚੁੱਕੀ ਹੈ । ਇਸ ਖੇਤਰ ਵਿਚ ਆਏ ਨਿਘਾਰ ਦੇ ਕਾਰਨ ਸਪਸ਼ਟ ਹੀ ਹਨ ਅਤੇ ਇਸ ਢਾਂਚੇ ਦੀ ਬਣਤਰ ਦੀ ਬੁਨਿਆਦ ਭਾਵ 'ਇਲੈਕਸ਼ਨ ਸਿਸਟਮ' ਅੰਦਰ ਹੀ ਲੁਕੇ ਹੋਏ ਹਨ ।

ਅੱਜ ਦਾ ਇਲੈਕਸ਼ਨ ਪੈਸੇ ਦਾ, ਸਰਮਾਏ ਦਾ, ਸਰਮਾਏਦਾਰ ਦਾ ਇਲੈਕਸ਼ਨ ਹੈ, ਇਮਾਨਦਾਰ ਲੋਕ-ਸੇਵਾਦਾਰਾਂ ਦਾ ਨਹੀਂ । ਹਰ ਪਾਰਟੀ ਜਦੋਂ ਵੀ ਕੋਈ ਉਮੀਦਵਾਰ ਖੜਾ ਕਰਦੀ ਹੈ ਤਾਂ ਮੁੱਖ ਤੌਰ ਤੇ ਤਿੰਨ ਗੱਲਾਂ ਦਾ ਧਿਆਨ ਰੱਖਦੀ ਹੈ—ਪਹਿਲੀ ਕਿ ਉਮੀਦਵਾਰ ਚੋਣਾਂ ਵਿਚ ਕਿੰਨੇ ਪੈਸੇ ਖਰਚ ਕਰ ਸਕਦਾ ਹੈ । ਦੂਜੀ, ਕਿ ਉਸ ਦੀ ਜਾਤ-ਬਰਾਦਰੀ ਦੀਆਂ ਉਸ ਪਿੱਛੇ ਕਿੰਨੀਆਂ ਵੋਟਾਂ ਹਨ । ਤੀਜੀ, ਕਿ ਉਹ ਪਾਰਟੀ-ਸਭਾ ਲਈ ਫੰਡ ਇਕੱਤਰ ਕਰਨ ਦੇ ਕਿੰਨੇ ਕੁ ਵਸੀਲਿਆਂ ਦਾ ਮਾਲਕ ਹੈ ।

ਇਸ ਤਰ੍ਹਾਂ ਇਹ ਤਿੰਨ ਸ਼ਰਤਾਂ ਪੂਰੀਆਂ ਕਰਨ ਵਾਲਾ ਚੁਣਿਆ ਗਿਆ ਉਮੀਦਵਾਰ ਆਪਣੇ, ਨਿੱਜੀ, ਅਪਣੀ ਅਗਲੀ ਇਲੈਕਸ਼ਨ ਅਤੇ ਅਪਣੀ ਪਾਰਟੀ ਨੀਤੀ ਦੇ ਹਿੱਤਾਂ ਨੂੰ ਮੂਹਰੇ ਰੱਖ ਕੇ ਦੇਸ਼-ਹਿੱਤਾਂ, ਲੋਕ-ਹਿੱਤਾਂ ਨੂੰ ਪਿਛਾੜੀ ਰੱਖਦਾ ਹੈ । ਪੰਜਾਂ ਸਾਲਾਂ ਪਿਛੋਂ ਜਦੋਂ ਉਹ ਫਿਰ ਵੋਟਰਾਂ ਪਾਸ ਪਹੁੰਚਦਾ ਹੈ, ਤਾਂ ਗਰਮਾ-ਗਰਮ ਨਾਅਰੇ, ਵੱਡੀਆਂ-ਵੱਡੀਆਂ ਯੋਜਨਾਵਾਂ ਵਧਦੀ ਆਬਾਦੀ, ਅੰਤਰ-ਰਾਸ਼ਟਰੀ ਖਤਰਿਆਂ ਆਦਿ ਦਾ ਵਾਸਤਾ ਪਾ ਕੇ ਫਿਰ ਵੋਟਾਂ ਪ੍ਰਾਪਤ ਕਰਨ ਵਿਚ ਸਫਲ ਹੋ ਜਾਂਦਾ ਹੈ । ਅਗਲੀ ਵਾਰ ਫਿਰ, ਜਦੋਂ 'ਖਾਲੀ ਹੱਥੀਂ' ਆਪਣੇ ਵੋਟਰਾਂ ਪਾਸ ਪਹੁੰਚਦਾ ਹੈ ਤਾਂ ਕੋਈ ਚਾਰਾ ਨਾ ਚਲਦਾ ਦੇਖ ਕੇ ਚੋਣਾਂ-ਜਿੱਤਣ ਲਈ ਕੁਰੱਪਸ਼ਨ ਦਾ ਆਸਰਾ ਲੈਂਦਾ ਹੈ । ਇਹ ਭਰਿਸ਼ਟਾਚਾਰ ਵੀ ਤਿੰਨ ਪ੍ਰਕਾਰ ਦਾ ਆਮ ਦੇਖਣ ਵਿਚ ਆਉਂਦਾ ਹੈ ।

ਪਹਿਲੀ ਪ੍ਰਕਾਰ ਦਾ ਭਰਿਸ਼ਟਾਚਾਰ—ਵੋਟਰ ਨੂੰ ਕੁਰਪਟ ਕਰਨ ਦੀ ਵਿਧੀ ਹੈ । ਇਸ ਵਿਚ ਸ਼ਰਾਬ ਦੀ ਵਰਤੋਂ, ਨੌਕਰੀ-ਤਰੱਕੀ-ਬਦਲੀ ਦਾ ਲਾਰਾ, ਜਾਂ ਨਕਦ ਅਦਾਇਗੀ ਤੇ ਭੁਗਤਾਨ ਸ਼ਾਮਿਲ ਹੈ । ਦੂਜੀ ਪ੍ਰਕਾਰ ਦੀ ਸਮੂਹਕ ਕੁਰੱਪਸ਼ਨ ਹੈ, ਇਸ ਵਿਚ ਰਾਜਕਰਨੀ ਪਾਰਟੀ ਦੀ ਪ੍ਰਤੀਨਿਧ ਜਾਂ ਵਜ਼ੀਰਾਂ ਰਾਹੀਂ ਅਣਗੌਲੇ ਪਿੰਡਾਂ ਤੇ ਇਲਾਕਿਆਂ ਲਈ ਖੂਹ, ਨਲਕੇ, ਨਹਿਰਾਂ, ਸੜਕਾਂ, ਬਿਜਲੀ ਆਦਿ ਦਾ ਲਾਰਾ ਦੇ ਕੇ ਵੋਟਾਂ ਅਟੇਰ ਲਈਆਂ ਜਾਂਦੀਆਂ ਹਨ । ਤੀਜੀ ਪ੍ਰਕਾਰ—ਸਰਕਾਰੀ ਮਸ਼ੀਨਰੀ—ਜੀਪਾਂ, ਕਾਰਾਂ, ਹੈਲੀਕਾਪਟਰ, ਪੁਲੀਸ, ਫ਼ੌਜ ਦੀ ਇਕ ਪਾਸੜ ਵਰਤੋਂ ਹੈ, ਜਿਹੜੀ ਹਾਕਮ ਪਾਰਟੀ ਹੀ ਕਰ ਸਕਦੀ ਹੈ ਤੇ ਕਰਦੀ ਹੈ ।

ਇਹਨਾਂ ਉਪਰੋਕਤ ਢੰਗਾਂ ਨਾਲ 'ਸਹਿਨਸ਼ੀਲਤਾ ਦੀ ਪੁਤਲੀ' ਭਾਰਤ ਦੀ ਗਰੀਬ ਜਨਤਾ, ਅਗਲੇ ਜਨਮ ਵਿਚ ਮਿਲਣ ਵਾਲੇ ਸਵਰਗ ਵਰਗੀ ਆਸ ਰੱਖ ਕੇ, ਇਕ ਵਾਰ ਫਿਰ ਪੁਰਾਣੇ ਹਾਕਮਾਂ ਨੂੰ ਰਾਜ ਕਰਨ ਦਾ ਅਧਿਕਾਰ ਦੇ ਦੇਂਦੀ ਹੈ, ਪਰ ਹੁੰਦਾ ਕੀ ਹੈ ? ਕਿਸ ਨੂੰ ਨਹੀਂ ਪਤਾ ? ਸਭ ਦੇ ਸਾਹਮਣੇ ਹੈ । ਜੇ ਕੋਈ ਪਰਦਾ ਪਾਉਣ ਲਈ ਲੱਛੇਦਾਰ ਭਾਸ਼ਣਾਂ ਰਾਹੀਂ ਅੰਨ੍ਹੇ ਨੂੰ ਸੌ-ਨੇਤਰਾਂ ਕਹਿਣ ਦੀ ਥਾਂ ਹਜ਼ਾਰ ਨੇਤਰਾਂ ਵੀ ਭਾਵੇਂ ਕਿਉਂ ਨਾ ਆਖੀ ਜਾਵੇ, ਉਹ ਭੁੱਖ-ਮਰੀ ਦੀ ਰੇਖਾ ਤੋਂ ਹੇਠਾਂ ਜੀਉਂਦੇ ਸੱਠ ਤੋਂ ਵੀ ਵੱਧ ਪ੍ਰਤੀਸ਼ਤ ਦੇਸ਼-ਵਾਸੀਆਂ ਤੇ ਅੰਕੜੇ ਕਿਵੇਂ ਛੁਪਾ ਸਕੇਗਾ । ਅਤੇ ਦੇਸ਼ ਦੀ ਸਰਵ-ਉੱਚ ਪਦਵੀ 'ਰਾਸ਼ਟਰਪਤੀ' ਦੇ ਆਖੇ ਨੂੰ ਕਿਵੇਂ ਅੱਖੋਂ ਉਹਲੇ ਕਰ ਸਕੇਗਾ, ਜਿਸ ਵਿਚ ਉਹਨਾਂ, ਅਜਿਹੀ ਚੋਣ-ਪ੍ਰਣਾਲੀ ਰਾਹੀਂ ਲੋਕ-ਸਭਾ ਅੰਦਰ ਅਤੇ ਵਿਧਾਨ ਸਭਾਵਾਂ ਵਿਚ ਚੁਣ ਹੋ ਕੇ ਪਹੁੰਚੇ ਪ੍ਰਤੀਨਿਧਾਂ ਵਿਚੋਂ 5, 10% ਵੀ ਇਮਾਨਦਾਰ ਨਜ਼ਰ ਨਹੀਂ ਆਉਂਦੇ ।

"ਫਿਰ ਕੀਤਾ ਕੀ ਜਾਏ ?" ਇਕ ਬਹੁਤ ਵੱਡਾ ਪ੍ਰਸ਼ਨ ਸਾਡੇ ਸਾਹਮਣੇ ਪਹਾੜ ਵਾਂਗ ਆ ਖੜਾ ਹੁੰਦਾ ਹੈ । ਕੀ ਚੋਣ-ਪ੍ਰਣਾਲੀ ਤੋਂ ਤੋਬਾ ਕਰ ਲਈ ਜਾਏ ? ਕੁਝ ਪਾਰਟੀਆਂ ਨੇ ਇਸ ਤਰਾਂ ਵੀ ਸੋਚਿਆ ਤੇ ਸੋਚਦੀਆਂ ਵੀ ਹਨ, ਪਰ ਸਫ਼ਲਤਾ ਪ੍ਰਾਪਤ ਨਹੀਂ ਹੋਈ ਅਤੇ ਨਾ ਹੀ ਹੋਵੇਗੀ । ਮੇਰੇ ਵਿਚਾਰ ਅਨੁਸਾਰ ਅਜੋਕੇ ਸਿਸਟਮ ਵਿਚ ਰਹਿੰਦਿਆਂ ਅਸੀਂ ਇਸ 'ਲਾਜ਼ਮੀ-ਬੁਰਾਈ' ਤੋਂ ਛੁਟਕਾਰਾ ਨਹੀਂ ਪਾ ਸਕਦੇ, ਪਰੰਤੂ ਇਸ ਵਿਚ ਸੁਧਾਰ ਲਿਆਉਣ ਲਈ ਕੁਝ ਉਪਰਾਲੇ ਜ਼ਰੂਰ ਕੀਤੇ ਜਾ ਸਕਦੇ ਹਨ, ਜਿਹੜੇ ਪਹਿਲੇ ਪੜਾ ਤੇ ਅਪਨਾਉਣੇ ਕਿਸੇ ਵੀ ਤਰਾਂ ਕਠਿਨ ਨਹੀਂ

ਹਨ।

ਪਹਿਲਾ ਉਪਰਾਲਾ—ਅਜੋਕੇ ਚੋਣ-ਪ੍ਰਚਾਰ ਵਿਚ ਤਬਦੀਲੀ ਕਰਨ ਦਾ ਹੈ ਕਿ ਕੋਈ ਵੀ ਵਿਅਕਤੀ ਜਾਂ ਪਾਰਟੀ ਚੋਣ ਮੁਹਿਮ ਵਿਚ ਅਪਣੀ ਵਲੋਂ ਪਰਚਾਰ ਨਾਂਹ ਕਰੇ, (ਕਿਉਂਕਿ ਚੋਣ ਮੁਹਿੰਮ ਤੇ ਹੀ ਲੱਖਾਂ ਰੁਪਏ ਲਗਦੇ ਹਨ)। ਇਹ ਕੰਮ ਮਹਿਕਮਾਂ ਪਬਲਿਕ ਰੀਲੇਸ਼ਨ ਜਾਂ ਚੋਣ ਅਧਿਕਾਰੀਆਂ ਵਲੋਂ ਕੀਤਾ ਜਾਵੇ ਜਿਵੇਂ ਹਰ ਹਲਕੇ ਦੀ ਲੋੜ ਅਨੁਸਾਰ ਪੰਜ, ਸੱਤ, ਦਸ ਸਟੇਜਾਂ ਲਾਈਆਂ ਜਾਣ ਜਿਸ ਤੋਂ ਚੋਣ ਲੜਦੀ ਹਰ ਪਾਰਟੀ ਦਾ ਉਮੀਦਵਾਰ ਜਾਂ ਪ੍ਰਤੀਨਿਧ ਇਕ ਸਮੇਂ ਇਕੋ ਬੈਠਕ ਵਿਚ ਅਪਣਾ ਪੱਖ ਪੇਸ਼ ਕਰੇ। ਜਿਵੇਂ ਰੇਡੀਓ, ਟੈਲੀਵੀਜ਼ਨ ਦੀ ਸਹੂਲਤ ਹੁਣ ਪ੍ਰਾਪਤ ਹੈ।

ਦੂਜਾ—ਕੋਈ ਵੀ ਪਾਰਟੀ ਜਾਂ ਉਸਦਾ ਉਮੀਦਵਾਰ ਇਸ਼ਤਿਹਾਰ, ਪੋਸਟਰ, ਲੀਫਲੈਟ, ਹੈਂਡਬਿਲ-ਪਰਚੀਆਂ ਆਦਿ ਅਪਣੇ ਵਲੋਂ ਨਾ ਛਾਪੇ। ਸਗੋਂ ਇਕ ਹਲਕੇ ਨਾਲ ਸੰਬੰਧਤ ਸਾਰੇ ਉਮੀਦਵਾਰਾਂ ਦੇ ਨਾਂ, ਪ੍ਰੋਗਰਾਮ ਕਾਰਜਵਿਧੀ ਆਦਿ ਸਾਂਝੇ ਤੌਰ ਤੇ ਇਕੋ ਹੀ ਪੋਸਟਰ ਵਿਚ ਛਾਪ ਕੇ ਚੋਣ ਅਧਿਕਾਰੀ ਆਪ ਵੰਡਣ ਜਾਂ ਲਾਉਣ। ਇਥੋਂ ਤੱਕ ਕਿ ਪੋਲਿੰਗ ਬੂਥਾ ਤੇ ਵੀ ਵੱਖ-ਵੱਖ ਟੋਲੀਆਂ ਅਪਣਾ-ਅਪਣਾ ਤੰਬੂ ਨਾਂਹ ਲਾਉਣ ਸਗੋਂ ਇਕੋ ਹੀ ਥਾਂ ਹਰ ਵੋਟਰ ਅਪਣਾ ਵੋਟ-ਨੰਬਰ ਪ੍ਰਾਪਤ ਕਰੇ ਅਤੇ ਉਸ ਥਾਂ ਕੇਵਲ ਚੋਣ ਅਧਿਕਾਰੀ ਹੀ ਬੈਠਾ ਹੋਵੇ ਅਪਣੇ ਅਮਲੇ ਸਮੇਤ।

ਤੀਜੇ-ਚੋਣ ਲੜਨ ਲਈ ਉਤਸੁਕਤ ਹਰ ਪਾਰਟੀ ਅਪਣਾ ਚੋਣ ਮੈਨੀਫੈਸਟੋ ਚੋਣ ਕਮਿਸ਼ਨ ਪਾਸ ਰਜਿਸਟਰ ਕਰਵਾਏ, ਜਿਸਦੀ ਮਿਤੀ-ਬੱਧ ਪੂਰਤੀ ਨੂੰ ਮੁੱਖ ਰਖ ਕੇ ਉਹ ਚੋਣ ਲੜੇ। ਜਿੱਤਣ ਉਪਰੰਤ ਜੇ ਉਹ ਪਾਰਟੀ ਆਪਣੇ ਮੈਨੀਫੈਸਟੋ ਅੰਦਰ ਉਲੀਕੇ ਪ੍ਰੋਗਰਾਮ ਅਨੁਸਾਰ ਨਾ ਚੱਲੇ ਜਾਂ ਸਮੇਂ ਸਿਰ ਪੂਰਾ ਨਾ ਕਰੇ ਤਾਂ ਚੋਣ ਕਮਿਸ਼ਨ ਦੀ ਸਫਾਰਸ਼ ਤੇ ਉਸ ਪਾਰਟੀ ਦੀ ਸਰਕਾਰ ਨੂੰ ਬਰਖਾਸਤ ਕਰਨ ਦਾ ਅਧਿਕਾਰ ਰਾਸ਼ਟਰਪਤੀ ਕੋਲ ਰਾਖਵਾਂ ਹੋਵੇ।

ਚੌਥੇ—ਵਿਰੋਧੀ ਬੈਂਚਾਂ ਤੇ ਬੈਠੇ ਉਮੀਦਵਾਰ ਵੀ ਰਾਜਕਰਨੀ ਪਾਰਟੀ ਦੀ ਸਰਕਾਰ ਦੀ ਵਿਰੋਧਤਾ ਆਪਣੇ ਚੋਣ ਮੈਨੀਫੈਸਟੋ ਵਿਚ ਦਿੱਤੇ ਤੱਥਾਂ ਦੇ ਆਧਾਰ ਹੀ ਕਰੇ ਨਾ ਕਿ ਵਿਰੋਧਤਾ ਖਾਤਰ ਵਿਰੋਧਤਾ ਕਰੇ।

ਪੰਜਵੇਂ—ਚੋਣ ਕਮਿਸ਼ਨ, ਹਰ ਉਮੀਦਵਾਰ ਤੋਂ ਪੰਜ ਸੌ ਸੀਕਿਉਰੇਟੀ ਦੀ ਥਾਂ, ਉਸ ਦੀ ਚੋਣ ਮਹਿਮ ਤੇ ਹੋਣ ਵਾਲੇ ਕੁਝ ਖਰਚ ਦਾ ਅਨੁਮਾਨ ਪਹਿਲਾਂ ਹੀ ਜਮਾਂ ਕਰਵਾਏ ਭਾਵ ਵੀਹ ਜਾਂ ਪੰਜੀ ਹਜ਼ਾਰ। ਇਸ ਤਰਾਂ ਲੱਖਾਂ ਦਾ ਖਰਚ ਜਿਹੜਾ ਦੋ ਨੰਬਰ ਦੇ ਵਸੀਲਿਆਂ ਰਾਹੀਂ ਪ੍ਰਾਪਤ ਹੁੰਦਾ ਹੈ, ਕਿਸੇ ਵੀ ਉਮੀਦਵਾਰ ਸਵੈ-ਮਾਨ ਤੇ ਭਾਰ ਨਹੀਂ ਬਣੇਗਾ ਅਤੇ ਨਾ ਹੀ ਸੱਚੀ ਸੌਂਹ ਚੁਕਣ ਵੇਲੇ ਪੰਝੀ ਲੱਖ ਦੀ ਥਾਂ ਪੰਝੀ-ਹਜ਼ਾਰ ਖਰਚ ਕੀਤਾ ਹੋਣ ਦੀ ਝੂਠੀ ਰੀਟਰਨ ਭਰਨੀ ਪਵੇਗੀ।

ਛੇਵੇਂ—ਕੋਈ ਵੀ ਉਮੀਦਵਾਰ ਅਪਣੀ ਪੂੰਜੀ ਜਾਂ ਪੁਜ਼ੀਸ਼ਨ ਦੇ ਆਧਾਰ ਤੇ ਪਾਰਟੀ ਲੀਡਰ ਬਨਣ ਦਾ ਹੱਕ ਪਹਿਲਾਂ ਨਾ ਜਮਾਏ। ਪਾਰਟੀ ਸਗੋਂ ਹੀ ਹਲਕਾ ਜਿੱਤਣ ਤੋਂ ਪਹਿਲਾਂ ਜਾਂ ਪਿਛੋਂ ਯੋਗ ਵਿਅਕਤੀ ਨੂੰ ਵਿਧਾਨ ਸਭਾ ਵਿਚ ਭੇਜੇ।

ਹੁਣ ਪ੍ਰਸ਼ਨ ਉਠਦਾ ਹੈ ਕਿ ਬਿੱਲੀ ਦੇ ਗਲ਼ ਟੱਲੀ ਕੌਣ ਬੰਨੇ? ਕੀ ਰਾਜਕਰਨੀ ਪਾਰਟੀ ਦਾ ਹੱਥ ਠੋਕਾ ਬਣੇ ਚੋਣ-ਕਮਿਸ਼ਨ ਜਾਂ ਲੋਕ ਸਭਾ ਦੇ ਰਹਿਮ ਤੇ ਬੈਠੇ ਰਾਸ਼ਟਰਪਤੀ ਤੋਂ ਅਜਿਹੀ ਰੈਡੀਕਲ ਤਬਦੀਲੀ ਦੀ ਉਮੀਦ ਰੱਖੀ ਜਾ ਸਕਦੀ ਹੈ? ਉਤਰ ਦਿਨ ਦੇ ਚਿੱਟੇ ਚਾਨਣ ਵਾਂਗ ਸਪਸ਼ਟ ਹੈ. ਨਹੀਂ.. ਨਹੀਂ। ਫਿਰ ਪਹਿਲ ਕੌਣ ਕਰੇ? ਪਹਿਲ ਦੱਬੇ-ਕੁਚਲੇ ਕਰਨਗੇ। ਲੋਕ-ਹਿੱਤਾ ਨੂੰ ਪਰਨਾਈਆਂ ਖੱਬੇ-ਪੱਖੀ ਸਮਾਜਵਾਦੀ ਸੋਚ ਵਾਲੀਆਂ ਪਾਰਟੀਆਂ ਨੂੰ ਕਰਨੀ ਪਵੇਗੀ। ਉਹਨਾਂ ਰੀਸੇ ਸੱਜੇ-ਪੱਖ ਦੀਆਂ ਪਾਰਟੀਆਂ ਅੰਦਰ ਬੈਠੇ ਅਗਾਂਹ-ਵਧੂ ਵਿਚਾਰਾਂ ਦੇ ਪੁਰਾਣੇ ਅਤੇ ਨਵੇਂ ਘੁਲਾਟੀਏ, ਅੰਤਰ ਪਾਰਟੀ ਘੋਲ ਕਰਕੇ ਖੱਬੇ ਕੇਂਦਰ ਨਾਲ ਜੁੜਨ ਲਈ ਮਜਬੂਰ ਹੋਣਗੇ। ਇਸ ਤਰ੍ਹਾਂ ਪੰਜੀਂ ਸਾਲੀ ਵੋਟਾਂ-ਵਟੋਰਨ ਆਉਂਦੀਆਂ ਜੀਪਾਂ-ਕਾਰਾਂ ਸਾਹਮਣੇ ਲਾਚਾਰ ਖੜੇ ਲੋਕਾਂ ਨੂੰ ਇਸ ਪ੍ਰਬੰਧ ਵਿਚ ਰਹਿੰਦਿਆਂ ਵੀ ਕੁਝ ਆਸ ਦੀ ਕਿਰਨ ਨਜ਼ਰੀ ਪਵੇਗੀ।

ਅੰਤ ਵਿਚ ਮੈਂ ਸਾਰੀਆਂ ਲੋਕ-ਹਿਤੂ ਪਾਰਟੀਆਂ ਨੂੰ ਅਪੀਲ ਕਰਦਾ ਹਾਂ ਕਿ ਉਪਰੋਕਤ ਸੁਝਾਵਾਂ ਨਾਲ ਆਪਣੇ ਸੁਝਾ ਜੋੜ ਕੇ ਬਹਿਸ ਦਾ ਵਿਸ਼ਾ ਬਣਾਉਣ ਤਾਂ ਕਿ ਕਿਸੇ ਸਿੱਟੇ ਤੇ ਪਹੁੰਚ ਕੇ ਕਿਸੇ ਯੋਗ ਸਮੇਂ ਇਹ ਸਾਂਝਾ ਐਲਾਨ ਕੀਤਾ ਜਾਵੇ ਕਿ ਅਸੀ ਓਨਾ ਚਿਰ ਇਲੈਕਸ਼ਨ ਵਿਚ ਭਾਗ ਨਹੀਂ ਲਵਾਂਗੇ ਜਿੰਨਾ ਚਿਰ ਅਜੋਕੀ ਚੋਣ ਪ੍ਰਣਾਲੀ ਵਿਚ ਲੋੜੀਂਦੀਆਂ ਸੋਧਾਂ ਨਹੀਂ ਕੀਤੀਆਂ ਜਾਂਦੀਆਂ।

ਇਹ ਕਹਿਣ ਲੱਗਾ ਮੈਂ ਪੂਰਾ ਸੁਚੇਤ ਹਾਂ ਕਿ ਕੁਝ ਇਕ ਵਿਅਕਤੀਆਂ ਜਾਂ ਇਕ ਵਿਸ਼ੇਸ਼ ਵਰਗ ਜੋ ਇਸ ਸਿਸਟਮ ਵਿਚ ਹੱਥਾਂ-ਪੈਰਾਂ ਨਾਲ ਮਾਇਆ ਇਕੱਤਰ ਕਰ ਰਿਹਾ ਹੈ, ਸਾਡਾ ਡੱਟ ਕੇ ਵਿਰੋਧ ਕਰੇਗਾ ਅਤੇ ਉਹ ਸਰਕਾਰਾਂ ਜਿਹੜੀਆਂ ਇਸ ਵਰਗ ਦੇ 'ਚੰਦਿਆਂ' ਦੇ ਸਿਰ ਤੇ ਜੀਉਂਦੀਆਂ ਹਨ ਵੀ ਅੜਿਕਾ ਬਨਣਗੀਆਂ। ਪਰੰਤੂ ਨਾਲ ਦੀ ਨਾਲ ਮੈਨੂੰ ਇਹ ਵੀ ਪੂਰਨ ਆਸ਼ ਹੈ ਕਿ ਲੋਕ ਇਸ ਪਹਿਲ ਕਦਮੀ ਨੂੰ ਜ਼ਰੂਰ ਅਪਨਾਉਣਗੇ। ਅਜਿਹਾ ਕਰਨ ਨਾਲ ਇਕ ਤਾਂ ਸਮਾਜਵਾਦ ਦਾ ਮਖੌਟਾ ਪਾਈ ਸ਼ਰਮਾਏਦਾਰ ਰਾਜਕਰਨੀ ਜਮਾਤ ਦਾ ਅਸਲੀ

ਚਿਹਰਾ ਨੰਗਾ ਹੋਵੇਗਾ ਅਤੇ ਦੂਜੇ ਜਨਸਾਧਾਰਨ ਦੇ ਕਲਿਆਨ ਲਈ ਲੋੜੀਂਦੀ ਸਮਾਜਕ-ਤਬਦੀਲੀ ਵਲ ਵੀ ਵਧਿਆ ਜਾ ਸਕੇਗਾ। ਆਮੀਨ।

ਕੁਮਾਰ ਸੈਣੀ ਦਸੂਹਾ

## 7. ਸਮਤਾ ਦੇ ਮਈ ਅੰਕ ਬਾਰੇ

○ ਪ੍ਰੋ: ਅਜਮੇਰ ਸਿੰਘ ਦੇ ਲੇਖ 'ਪੰਜਾਬੀ ਸਾਹਿਤ ਅਤੇ ਸਰਕਾਰੀ ਸੁਪਰਸਤੀ' ਵਿਚ ਕੁਝ ਅਹਿਮ ਨੁਕਤਿਆਂ ਨੂੰ ਉਭਾਰਿਆ ਗਿਆ ਹੈ—ਇਸ ਵਿਚ ਲੋਕ-ਪੱਖੀ ਲੇਖਕਾਂ ਲਈ ਵੰਗਾਰ ਵੀ ਹੈ ਅਤੇ ਸੇਧ ਵੀ। ਪੇਪਰ ਵਿਚ ਪੰਜਾਬੀ ਸਾਹਿਤ ਦੇ ਵਿਰਸੇ ਦਾ ਇਹ ਪੱਖ ਬਾਖੂਬੀ ਉਭਾਰਿਆ ਗਿਆ ਹੈ ਕਿ ਪੰਜਾਬੀ ਸਾਹਿਤਕਾਰਾਂ ਅਤੇ ਪੈਗੰਬਰਾਂ ਦੀਆਂ ਕਿਰਤਾਂ ਕਦੇ ਵੀ ਰਾਜ ਦਰਬਾਰਾਂ ਵਿਚ ਰਾਜਿਆਂ ਮਹਾਰਾਜਿਆਂ ਦੀ ਝੂਠੀ ਪ੍ਰਸ਼ੰਸਾ ਦਾ ਸ਼ਿੰਗਾਰ ਨਹੀਂ ਬਣੀਆਂ। ਸਾਡੇ ਅਜ ਦੇ ਲੇਖਕਾਂ ਲਈ ਇਹ ਬੜੇ ਹੀ ਉਤਸ਼ਾਹ ਅਤੇ ਮਾਣ ਵਾਲੀ ਗੱਲ ਹੈ ਕਿ ਬਾਬਾ ਨਾਨਕ, ਅਤੇ ਭਾਈ ਗੁਰਦਾਸ ਵਰਗੇ ਰਹਿਨੁਮਾ ਆਪਣੇ ਸਮੇਂ ਦੀ ਜਾਬਰ ਹਕੂਮਤ ਦਾ ਲੋਕਾਂ ਦੇ ਪੱਖ ਵਿਚ ਆਪਣੇ ਹੀ ਢੰਗ ਨਾਲ ਵਿਰੋਧ ਕਰਦੇ ਰਹੇ। ਹਾਸ਼ਮ ਸ਼ਾਹ ਅਤੇ ਸ਼ਾਹ ਮੁਹੰਮਦ ਵਰਗੇ ਕਵੀ ਵੀ ਇਸ ਪਾਸੇ ਪਿਛੇ ਨਹੀਂ ਰਹੇ।

ਪਰ ਇਥੇ ਅੱਜ ਪੰਜਾਬ ਵਿਚ, ਜਦੋਂ ਅਸੀਂ ਲੇਖਕਾਂ ਵਲੋਂ ਲੋਕਾਂ ਦਾ ਪੱਖ ਪੂਰਨ ਦੇ ਅਮਲ ਵਲ ਦੇਖਦੇ ਹਾਂ—ਲੇਖਕ ਸਭਾਵਾਂ ਅਤੇ ਜਥੇਬੰਦੀਆਂ ਦੀ ਸਥਿਤੀ ਬਹੁਤੀ ਸੰਤੋਖਜਨਕ ਨਜ਼ਰ ਨਹੀਂ ਆ ਰਹੀ। ਇਥੇ ਇਹ ਗੱਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਕਿ ਲੇਖਕਾਂ ਨੂੰ ਸਰਕਾਰੀ ਸੁਪਰਸਤੀ ਦੀ 'ਥਿੜਕਣਾਂ' ਤੋਂ ਤਾਂ ਹੀ ਬਚਾਇਆ ਜਾ ਸਕਦਾ ਹੈ ਜੇ ਕਿਸੇ ਵਿਸ਼ਾਲ ਜਮਹੂਰੀ ਲਹਿਰ ਦੀ ਅਗਵਾਈ ਹੇਠ ਲੇਖਕਾਂ ਦੀ ਕੋਈ ਅਨੁਸ਼ਾਸਤ ਜਥੇਬੰਦੀ ਖੜੀ ਕੀਤੀ ਜਾਵੇ ਜਿਵੇਂ ਕਿ ਕੇਰਲਾ, ਆਂਧਰਾ ਅਤੇ ਬੰਗਾਲ ਵਿਚ ਹੈ। ਲੇਖਕਾਂ ਦੀ ਅਗਵਾਈ ਕਰਨ ਵਾਲੀ ਸਥਾਪਤ ਲੀਡਰਸ਼ਿਪ ਖੁਦ ਸਰਕਾਰਪ੍ਰਸਤੀ ਅਤੇ ਲੋਕਾਂ ਦੇ ਵਿਚਕਾਰ ਖੜੀ ਹੈ—ਇਹਦੀਆਂ ਪਿਛਲੀਆਂ ਕਾਰਗੁਜ਼ਾਰੀਆਂ ਤੋਂ ਇਹੀ ਸਿਟਾ ਨਿਕਲਦਾ ਹੈ ਕਿ ਇਹਦਾ ਝੁਕਾਅ ਹਮੇਸ਼ਾ ਸਰਕਾਰ ਵਲ ਹੀ ਰਿਹਾ ਹੈ। ਨਾਲ ਹੀ ਗੱਲ ਇਹ ਵੀ ਹੈ ਕਿ ਜੇ ਲੇਖਕਾਂ ਦੀ ਸਥਾਪਤ ਲੀਡਰਸ਼ਿਪ ਕੇਂਦਰੀ ਲੇਖਕ ਸਭਾ ਆਪਣੇ ਸਿਲਵਰ ਜੁਬਲੀ ਸਮਾਗਮ ਤੇ ਪ੍ਰਧਾਨਗੀ ਲਈ ਪ੍ਰਾਂਤ ਦੇ ਮੁਖ ਮੰਤਰੀ ਜਾਂ ਵਿਦਿਆ ਮੰਤਰੀ ਨੂੰ ਬੁਲਾਉਂਦੀ ਹੈ, ਤਾਂ ਇਹ ਸਪਸ਼ਟ ਹੀ ਹੈ ਕਿ ਇਹ ਸਭਾ ਲੋਕਾਂ ਦਾ ਪੱਖ ਪੂਰੇਗੀ ਜਾਂ ਕਿਸੇ ਹੋਰ ਦਾ। ਮੰਤਰੀ ਜਿਹੜੇ ਕਿ ਆਮ ਤੌਰ ਤੇ ਅਧ ਪੜ੍ਹੇ ਲਿਖੇ ਹੁੰਦੇ ਹਨ—ਜਿਨ੍ਹਾਂ ਦਾ ਪਿਛੋਕੜ ਹੀ ਕੁਝ ਅਜੇਹਾ ਹੈ—ਜੋ ਰੋਜ ਹੀ ਆਪਣੇ ਸਿਆਸੀ ਸੁਆਰਥ ਲਈ ਸੌਦੇਬਾਜ਼ੀਆਂ ਕਰਦੇ ਹਨ—ਕੁਰਸੀਆਂ ਦੀ ਸਲਾਮਤੀ ਲਈ ਪਾਗਲਾਂ ਵਾਂਗ ਦੌੜ ਭਜ ਕਰ ਰਹੇ ਹਨ—ਉਨ੍ਹਾਂ ਨੂੰ ਲੋਕਾਂ ਦੇ ਸਭਿਆਚਾਰ, ਸਾਹਿਤ ਜਾਂ ਬੋਲੀ ਨੂੰ ਵਿਕਸਤ ਕਰਨ ਦੀ ਕਿੰਨੀ ਕੁ ਦਿਲਚਸਪੀ ਹੋ ਸਕਦੀ ਹੈ—ਇਹਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਸ ਸਮਾਗਮ ਵਿਚ ਵਿਦੇਸ਼ (ਪਾਕਿਸਤਾਨ) ਤੋਂ ਵੀ ਜਿਹੜੇ ਪ੍ਰਤੀਨਿਧ ਬੁਲਾਏ ਗਏ ਸਨ ਉਹ ਵੀ ਉਥੋਂ ਦੀ ਸਰਕਾਰੀ ਸਰਪ੍ਰਸਤੀ ਨਾਲ ਜੁੜੇ ਹੋਏ ਲੇਖਕ ਸਨ—ਜਨਵਾਦੀ ਲੇਖਕ ਨਹੀਂ ਸਨ। ਅਜੇਹੇ ਵਿਸ਼ੇਸ਼ ਸਮਾਗਮ ਤੇ ਦੇਸ਼ ਵਿਚੋਂ ਹੀ ਬਾਕੀ ਪ੍ਰਾਂਤਾਂ ਤੋਂ ਭੀਸ਼ਮ ਸਾਹਨੀ, ਮਿਥਲੇਸ਼ਵਰ ਰਮੇਸ਼ ਉਪਾਧਿਆਏ, ਬਾਦਲ ਸਰਕਾਰ, ਉਤਪਲ ਦੱਤ ਅਤੇ ਮਹਾਸ਼ਵੇਤਾ ਦੇਵੀ ਵਰਗੇ ਜਨਵਾਦੀ ਲੇਖਕ ਅਤੇ ਕਲਾਕਾਰ ਬੁਲਾਏ ਜਾ ਸਕਦੇ ਸਨ—ਜਿਨ੍ਹਾਂ ਦੇ ਅਨੁਭਵ ਅਤੇ ਪ੍ਰਤਿਭਾ ਤੋਂ ਕਾਫੀ ਕੁਝ ਸਿਖਿਆ ਜਾ ਸਕਦਾ ਹੈ। ਜੇ ਪੰਜਾਬੀ ਸਾਹਿਤ ਅਕਾਦਮੀ ਵਰਗੀ ਸੰਸਥਾ ਦਾ ਪ੍ਰਬੰਧ ਅਫਸਰਾਂ ਅਤੇ ਵਿਸ਼ਵ ਵਿਦਿਆਲਿਆਂ ਦੇ ਪ੍ਰੋਫੈਸਰਾਂ ਦੁਆਰਾ ਹੀ ਕੀਤਾ ਜਾਣਾ ਹੈ—ਉਨ੍ਹਾਂ ਦਾ ਹੀ ਬੋਲਬਾਲਾ ਰਹਿਣਾ ਹੈ ਤਾਂ ਸਾਹਿਤ ਨੂੰ ਜਨ ਸਧਾਰਣ ਤਕ ਲਿਆਕੇ ਉਨ੍ਹਾਂ ਦੀ ਚੇਤਨਾ ਨੂੰ ਵਿਕਸਤ ਕਰਨ ਦਾ ਮਾਧਿਅਮ ਕਿਵੇਂ ਬਣਾਇਆ ਜਾ ਸਕਦਾ ਹੈ? ਅਜੇਹੇ ਕੁਝ ਪ੍ਰਸ਼ਨ ਸਾਡੇ ਜ਼ਿਹਨ ਵਿਚ ਇਕ ਦਮ ਉਠਦੇ ਹਨ ਜਦੋਂ ਅਸੀਂ ਪੰਜਾਬ ਵਿਚ ਲੇਖਕ ਜਥੇਬੰਦੀਆਂ ਦੀ ਮੌਜੂਦਾ ਸਥਿਤੀ ਵਲ ਝਾਤੀ ਮਾਰਦੇ ਹਾਂ। ਪ੍ਰੋ: ਅਜਮੇਰ ਸਿੰਘ ਦੇ ਇਸ ਲੇਖ ਵਿਚ ਇਨ੍ਹਾਂ ਪ੍ਰਸ਼ਨਾਂ ਦੇ ਹਲ ਬਾਰੇ ਕਾਫੀ ਸੰਕੇਤ ਮਿਲਦੇ ਹਨ।

ਇਹ ਵਧੀਆ ਉਤਸ਼ਾਹ ਵਾਲੀ ਗੱਲ ਹੈ ਕਿ ਪਿਛਲੇ ਦਿਨੀਂ ਪੰਜਾਬ ਦੀ ਜਮਹੂਰੀ ਲਹਿਰ ਨਾਲ ਜੁੜੇ ਹੋਏ ਸੰਜੀਦਾ ਅਤੇ ਸੁਹਿਰਦ ਕਲਾਕਾਰ ਅਤੇ ਲੇਖਕ ਇਕ ਸਾਂਝੇ ਸਭਿਆਚਾਰਕ ਮੰਚ ਦੁਆਲੇ ਜੁੜਨ ਦਾ ਉਪਰਾਲਾ ਕਰਨ ਲਗੇ ਹਨ। ਇਸ ਮੰਚ ਅੰਦਰ ਕਵੀ, ਲੇਖਕ, ਨਾਟਕਕਾਰ ਅਤੇ ਪੱਤਰਕਾਰ ਸ਼ਾਮਲ ਹੋਏ ਹਨ। ਉਮੀਦ ਹੈ ਗੱਲ ਅੱਗੇ ਤੁਰੇਗੀ ਅਤੇ ਲੋਕਾਂ ਤਕ ਸਮਾਜਕ ਤਬਦੀਲੀ ਦਾ ਸੁਨੇਹਾ ਪਹੁੰਚਾਉਣ ਦੀ ਸੁਹਿਰਦ ਕੋਸ਼ਿਸ਼ ਹੋ ਸਕੇਗੀ। ਸਮੇਂ ਦੀ ਲੋੜ ਹੈ ਕਿ ਪੰਜਾਬ ਦੀਆਂ ਸਾਰੀਆਂ ਲੋਕ-ਪੱਖੀ ਲੇਖਕ ਜਥੇਬੰਦੀਆਂ ਇਸ ਮੰਚ ਨਾਲ ਸੰਪਰਕ ਕਾਇਮ ਕਰਕੇ—ਛੋਟੇ ਮੋਟੇ ਮਤ ਭੇਦ ਛੱਡਕੇ—ਇਹਦੇ ਅਧਾਰ ਨੂੰ ਹੋਰ ਵੀ ਵਿਸ਼ਾਲ ਕਰਨ। ਲੋਕ-ਪੱਖੀ ਲੇਖਕਾਂ ਨੂੰ ਗੋਰਕੀ ਦੇ ਇਹ ਸ਼ਬਦ ਕਦੇ ਨਹੀਂ ਭੁਲਣੇ ਚਾਹੀਦੇ "ਸਾਹਿਤ ਦਾ ਫਰਜ਼ ਹੈ ਕਿ ਇਨਕਲਾਬ ਲਈ ਬੰਦੇ ਦੀ ਸਹਾਇਤਾ ਕਰੇ, ਜਿੰਨੇ ਉਦਮ ਨਾਲ ਇਹ ਸਹਾਇਤਾ ਦਿਤੀ ਜਾਵੇਗੀ 'ਥਿੜਕਣਾ'

ਦਾ ਨਾਸ਼ ਉਨਾ ਹੀ ਛੇਤੀ ਅਤੇ ਸਦੀਵੀਂ ਹੋਵੇਗਾ।

o ਸੰਪਾਦਕੀ ਵਿਚ ਸ: ਗੁਰਸ਼ਰਨ ਸਿੰਘ ਨੇ ਆਪਣੀ ਹੀ ਵਿਸ਼ੇਸ਼ ਸ਼ੈਲੀ ਰਾਹੀਂ ਮਈ ਦਿਵਸ ਦਾ ਮਹੱਤਵ ਦਸਦਿਆਂ ਪਾਠਕਾਂ ਨੂੰ ਇਸ ਦਿਨ ਦੀ ਮਹਾਨ ਇਤਿਹਾਸਕ ਘਟਨਾ ਦੇ ਰੂਬਰੂ ਖੜਾ ਕਰ ਦਿਤਾ ਹੈ। ਜੇ ਲੋਕ-ਪਖੀ ਲੇਖਕ ਅਤੇ ਚਿੰਤਕ ਮਿਹਨਤਕਸ਼ ਜਮਾਤ ਨੂੰ ਅਜੇ ਇਸ ਦਿਨ ਦੇ ਅਸਲੀ ਮਹੱਤਵ ਦਾ ਅਹਿਸਾਸ ਨਹੀਂ ਕਰਵਾ ਸਕੇ—ਇਹਦੇ ਕਈ ਆਰਥਕ ਅਤੇ ਸਿਆਸੀ ਕਾਰਣ ਹਨ। ਸਿਰਫ ਕੁਝ ਕਾਰਖਾਨਿਆਂ, ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵਿਚ ਬਕਾਇਦਾ ਰੂਪ ਵਿਚ ਕੰਮ ਕਰ ਰਹੀ ਅਨੁਸ਼ਾਸਤੇ ਮਿਹਨਤਕਸ਼ ਜਮਾਤ ਹੀ ਹਰ ਸਾਲ ਇਹ ਦਿਨ ਮਨਾਉਂਦੀ ਹੈ। ਪਰ ਸਾਡੀ 70% ਕਿਸਾਨੀ ਨੂੰ ਇਸ ਦਿਨ ਦੀ ਅਹਿਮੀਅਤ ਦੀ ਅਜੇ ਕੋਈ, ਜਾਣਕਾਰੀ ਨਹੀਂ।—ਜਿਥੇ ਜਿਥੇ ਘਟ ਵਧ ਗਿਣਤੀ ਵਿਚ ਕਿਸਾਨ ਜਥੇਬੰਦ ਹੋਏ ਹਨ—ਉਥੇ ਹੀ ਇਸ ਦਿਨ ਰੈਲੀਆਂ ਅਤੇ ਮੁਜਾਹਰਿਆਂ ਲਈ ਕਿਸਾਨ ਇਕੱਠੇ ਹੁੰਦੇ ਹਨ। ਅਸੀਂ ਦੇਖਦੇ ਹਾਂ ਕਿ ਅਜੇ ਕਈ ਕਾਰਖਾਨਿਆਂ ਅੰਦਰ ਭਾਰਤੀ ਮਜ਼ਦੂਰ ਸੰਘ ਅਤੇ ਲੋਕ ਦਲ ਵਰਗੀਆਂ ਗੈਰ ਕਮਿਊਨਿਸਟ ਮਜ਼ਦੂਰ ਜਥੇਬੰਦੀਆਂ ਕਾਬਜ਼ ਹੋਈਆਂ ਹਨ। ਕਮਿਊਨਿਸਟ ਲਹਿਰ ਕਮਜ਼ੋਰ ਹੋਣ ਕਰਕੇ ਹੀ ਅਜੇਹੀਆਂ ਰੰਗ-ਬਰੰਗੀਆਂ ਮਜ਼ਦੂਰ ਜਥੇਬੰਦੀਆਂ ਮਜਦੂਰਾਂ ਨੂੰ ਗੁਮਰਾਹ ਕਰਨ ਵਿਚ ਸਫਲ ਹੋ ਜਾਂਦੀਆਂ ਹਨ। ਸੋ ਅੱਜ ਲੋੜ ਹੈ ਕਿ ਕਮਿਊਨਿਸਟ ਲਹਿਰ ਨੂੰ ਵਧ ਤੋਂ ਵਧ ਮਜ਼ਬੂਤ ਬਣਾਇਆਂ ਜਾਵੇ।

ਬਾਕੀ ਤਾਂ ਸਭ ਦਰੁਸਤ ਹੈ ਪਰ ਮੈਂ ਗੁਰਸ਼ਰਨ ਭਾ ਦੀ ਇਸ ਗੱਲ ਨਾਲ ਬਿਲਕੁਲ ਸਹਿਮਤ ਨਹੀਂ ਹਾਂ ਜਿਵੇਂ ਕਿ 'ਧਰਮ ਤੇ ਅਮਲ' ਟਿਪਣੀ ਵਿਚ ਕਿਹਾ ਹੈ, "ਇਹ ਵੀ ਸਥਾਪਤ ਸਚਾਈ ਹੈ ਕਿ ਲੋਕਾਂ ਦੀ ਜ਼ਮੀਰ ਇਸ ਦੇਸ਼ ਵਿਚ ਜਿੰਨੀ ਝੂਠੀ ਹੈ ਹੋਰ ਕਿਸੇ ਦੇਸ਼ ਵਿਚ ਨਹੀਂ। ਇਥੇ ਭਾਰਤ ਦੇ ਸਾਰੇ ਲੋਕਾਂ ਦੀ ਜ਼ਮੀਰ ਬਾਰੇ ਅਜੇਹਾ ਫਤਵਾ ਦੇਣਾ ਮੈਂ ਸਮਝਦਾ ਹਾਂ—ਲੋਕਾਂ ਨਾਲ ਇਨਸਾਫ ਨਹੀਂ ਹੈ। ਅਜੇਹਾ ਵਿਚਾਰ ਬਿਲਕੁਲ ਨਿਰਾਧਾਰ ਹੈ। ਹਾਂ, ਇਥੋਂ ਦੇ ਧਾਰਮਕ ਪਾਖੰਡੀਆਂ ਬਾਰੇ ਇਹ ਗੱਲ ਬਿਲਕੁਲ ਦਰੁਸਤ ਹੈ। ਇਥੇ ਸਰਮਾਏਦਾਰੀ ਸਮਾਜਕ ਢਾਂਚੇ ਅੰਦਰ ਲੋਕਾਂ ਦੀ ਜਿੰਨੀ ਲੁਟ ਝੂਠੀ ਅਤੇ ਮੱਕਾਰ ਸਿਆਹਤ ਅਧੀਨ ਹੋ ਰਹੀ ਹੈ, ਉਸ ਤੋਂ ਵੀ ਵਧ ਧਾਰਮਕ ਪਾਖੰਡ ਅਧੀਨ ਹੋ ਰਹੀ ਹੈ। ਕਈ ਵਾਰ ਤਾਂ ਧਾਰਮਿਕ ਪਾਖੰਡੀ ਸਿਆਸਤਦਾਨਾਂ ਨਾਲ ਭਾਈਵਾਲ ਬਣਕੇ ਲੋਕਾਂ ਦੀ ਸਾਂਝੀ ਲੁਟ ਵੀ ਕਰਦੇ ਹਨ। ਧਾਰਮਕ ਪਖੰਡਵਾਦ ਨੂੰ ਬੇਨਕਾਬ ਕਰਦਿਆਂ ਅਪਟਨ ਸਿਨਕਲੇਅਰ ਠੀਕ ਹੀ ਕਹਿੰਦਾ ਹੈ "ਕਿਸੇ ਦੀ ਧੰਨ ਦੌਲਤ ਲੁਟਣ ਤੋਂ ਪਹਿਲਾਂ ਆਤਮਾ ਦੀ ਅਮਰਤਾ ਵਿਚ ਵਿਸ਼ਵਾਸ ਕਰਨ ਲਾ ਦਿਓ। ਉਹ ਤੁਹਾਨੂੰ ਨਫਰਤ ਕਰਨ ਤੋਂ ਬਿਨਾਂ ਹੀ ਤੁਹਾਡੀ ਮਦਦ ਕਰੇਗਾ। ਸਿਰਫ ਧਾਰਮਕ ਲੋਕਾਂ ਤੇ ਸਾਮਰਾਜਵਾਦੀਆਂ ਦੀ ਮਿਲੀ-ਭੁਗਤ ਰਾਹੀਂ ਹੀ ਜੇਲ੍ਹਾਂ, ਜੱਲਾਦਾਂ ਦੇ ਫੰਦੇ ਤੇ ਕੋਰੜੇ ਹੋਂਦ ਵਿਚ ਆਏ।" ਜਹਾਲਤ ਅਤੇ ਪਿਛੜੇਪਨ ਨਾਲ ਘਿਰੇ ਹੋਏ ਭਾਰਤ ਵਿਚ ਧਾਰਮਕ ਪਖੰਡ ਬੜੇ ਕਾਮਯਾਬ ਹਨ। ਇਥੇ ਰੋਜ਼ ਹੀ ਹਜ਼ਾਰਾਂ ਭਗਵਾਨ ਪੈਦਾ ਹੁੰਦੇ ਹਨ ਅਤੇ ਰੋਜ਼ ਹੀ ਹਜ਼ਾਰਾਂ ਹੀ ਆਪਣੀ ਦੁਕਾਨਦਾਰੀ ਰਾਹੀਂ ਪੈਸਾ ਇਕੱਠਾ ਕਰਕੇ ਚਲਦੇ ਹੁੰਦੇ ਹਨ—ਸਾਡੇ ਸਾਹਮਣੇ ਸਤਿਆ ਸਾਈਂ, ਰਜਨੀਸ਼, ਗੁਰੂਦੇਵ, ਧੀਰੇਂਦਰ ਬ੍ਰਹਮਚਾਰੀ, ਮਹੇਸ਼ ਯੋਗੀ, ਬਾਲ ਯੋਗੇਸ਼ਵਰ ਅਤੇ ਯੋਗਾਨੰਦ ਵਰਗੀਆਂ ਅਜੇਹੀਆਂ ਹੀ ਜਿਉਂਦੀਆਂ ਉਦਾਹਰਣਾਂ ਹਨ। ਇਥੇ ਧਰਮ ਹੁਣ ਕੋਈ ਛੋਟੇ ਪੈਮਾਨੇ ਦਾ ਨਹੀਂ ਵਡੇ ਪੈਮਾਨੇ ਦਾ ਵਪਾਰ ਬਣ ਗਿਆ ਹੈ—ਲੱਖਾਂ ਕਰੋੜਾਂ ਰੁਪਏ ਦਾ। ਹੁਣ ਤਾਂ ਇਨ੍ਹਾਂ ਦੇ ਧਾਰਮਕ ਪਾਖੰਡਵਾਦ ਦਾ ਪੱਧਰ ਅੰਤਰਰਾਸ਼ਟਰੀ ਹੱਦਾਂ ਤਕ ਪੁਜ ਗਿਆ ਹੈ। ਮਹਾਂਰਿਸ਼ੀ ਮਹੇਸ਼ ਯੋਗੀ ਅਤੇ ਅਚਾਰੀਆ ਰਜਨੀਸ਼ ਨੇ ਪੱਛਮ ਦੇ ਭਟਕੇ ਹੋਏ ਲੋਕਾਂ ਨੂੰ ਧਾਰਮਕ ਪਖੰਡਵਾਦ ਦਾ ਅਮ੍ਰਿਤ ਛਕਾ ਕੇ ਲੱਖਾਂ ਡਾਲਰ ਇਕੱਠੇ ਕਰ ਲਏ ਹਨ। ਇਥੇ ਜਿਨ੍ਹਾਂ ਲੋਕਾਂ ਦੀ ਜ਼ਮੀਰ ਮਰ ਗਈ ਹੈ ਉਹ ਹਨ—ਸੂਦਖੋਰ, ਮਿਲਾਵਟੀਏ, ਬਲੈਕੀਏ, ਜਮ੍ਹਾਂਖੋਰ ਅਤੇ ਸਮਗਲਰ। ਇਹ ਲੋਕ ਹਨ ਜੋ ਚੋਣਾਂ ਲੜਨ ਵਾਲਿਆਂ ਨੂੰ ਲੱਖਾਂ ਰੁਪਏ ਦਾਨ ਦੇ ਕੇ ਸਾਡੀ ਸਿਆਸਤ ਤੇ ਡੂੰਘਾ ਅਸਰ ਪਾਉਂਦੇ ਹਨ। ਧਾਰਮਕ ਪਾਖੰਡ ਦਾ ਕਮਾਲ ਦੇਖੋ—ਬਲੈਕ ਮਨੀ ਦੇ ਮਾਲਕ ਵੀ ਆਪਣੇ 'ਗੁਨਾਹ' ਬਖਸ਼ਾਉਣ ਲਈ ਨਵੇਂ ਮੰਦਰ ਅਤੇ ਗੁਰਦੁਆਰੇ ਉਸਾਰਨ ਵਾਲਿਆਂ ਨੂੰ ਹਜ਼ਾਰਾਂ ਲੱਖਾਂ ਦਾਨ ਵਿਚ ਦਿੰਦੇ ਹਨ—ਸਾਧਾਰਣ ਵਿਅਕਤੀ ਤਾਂ ਬਸ ਇਨ੍ਹਾਂ ਸੰਗ-ਮਰਮਰੀ ਇਮਾਰਤਾਂ ਨੂੰ ਦੇਖ ਕੇ ਹੈਰਾਨ ਹੀ ਰਹਿ ਜਾਂਦਾ ਹੈ। ਇਥੇ ਜਿਸ ਦੇਸ਼ ਵਿਚ ਸਾਧਾਰਣ ਮਿਹਨਤਕਸ਼ ਜਮਾਤ ਝੁਗੀਆਂ ਅਤੇ ਤੰਬੂਆਂ ਵਿਚ ਦਮ ਘੁਟ ਕੇ ਜੀਅ ਰਹੀ ਹੋਵੇ, ਉਥੇ ਇਨ੍ਹਾਂ ਰਾਜ ਮਹੱਲਾਂ ਵਰਗੀਆਂ ਇਮਾਰਤਾਂ ਦਾ ਕੀ ਮਹੱਤਵ ਹੋ ਸਕਦਾ ਹੈ—ਗੱਲ ਸੋਚਣ ਦੀ ਏ—ਸਿਰਫ ਨਾਸਤਕਾਂ ਲਈ ਹੀ ਨਹੀਂ ਆਸਤਕਾਂ ਲਈ ਵੀ। ਇਥੇ ਮੈਂ ਇਹ ਵੀ ਸਪਸ਼ਟ ਕਰਨਾ ਜ਼ਰੂਰੀ ਸਮਝਦਾ ਹਾਂ ਕਿ ਸਾਡੇ ਦੇਸ਼ ਵਿਚ ਸਾਰੇ ਧਾਰਮਕ ਲੋਕ ਪਖੰਡੀ ਨਹੀਂ ਹਨ—ਇਨ੍ਹਾਂ ਵਿਚ ਕਈ ਇਨਸਾਫ਼ ਪਸੰਦ ਵੀ ਹਨ, ਜਿਵੇਂ ਕਿ ਹਰਿਆਣਾ ਜਨਤਾ ਪਾਰਟੀ ਦੇ ਵਿਧਾਇਕ ਸਵਾਮੀ ਅਗਨੀਵੇਸ਼।

—ਗੁਰਬਖਸ਼ ਜੱਸ

## 8. ਪ੍ਰੋ. ਭਾਰਦਵਾਜ ਦੇ ਲੇਖ ਬਾਰੇ

ਪ੍ਰੋ. ਭਾਰਦਵਾਜ ਦਾ ਲੇਖ :
ਇੱਕ ਗਿਆਨੀ—ਸੱਤ ਖਾਲਸਤਾਨੀ :

ਸਾਰੇ ਹੀ ਲੇਖ ਵਿਚ ਪ੍ਰੋ. ਸਾਹਿਬ ਨੇ ਕੋਸ਼ਿਸ਼ ਇਹੀ ਕੀਤੀ ਹੈ ਤੇ ਸਾਰੇ ਲੇਖ ਦਾ ਤੱਤ ਇਹੀ ਨਿਕਲਦਾ ਹੈ ਕਿ ਗਊ ਹੱਤਿਆ ਤੇ ਪਾਬੰਦੀ ਲੱਗਣੀ ਚਾਹੀਦੀ ਹੈ। ਜਿਵੇਂ ਸ੍ਰੀਕ੍ਰਿਸ਼ਣ ਵਾਲੀ ਉਦਾਹਰਣ ਗਊ ਮਾਤਾ ਤੇ ਸਿਖ-ਇਤਿਹਾਸ, ਬਾਕੀ ਹੋਰ ਸਭ ਬਾਰੇ ਲੇਖ ਵਿਚ ਸਪਸ਼ਟ ਕੀਤਾ ਹੈ। ਪਰ ਅਕਾਲੀ ਦਲ ਲੌਂਗੋਵਾਲ, ਤਲਵੰਡੀ ਜਾਂ ਟੌਹੜਾ ਦਾ ਇਸ ਵਿਚ ਕੀ ਰੋਲ ਹੈ। ਕਿਤੇ ਵੀ ਜ਼ਿਕਰ ਨਹੀਂ ਕੀਤਾ। ਕੀ ਦਲ-ਖਾਲਸਾ ਵਾਲੇ ਦਰਬਾਰ ਸਾਹਿਬ ਵਿਚ ਸ਼ਰਨ ਨਹੀਂ ਲੈਂਦੇ ? ਤੁਸੀਂ ਆਪ ਹੀ ਮੰਨਦੇ ਹੋ ਜਾਂ ਜਿੱਥੇ ਹੋਰ ਅਖਬਾਰਾਂ ਦੇ ਹਵਾਲੇ ਦਿੱਤੇ ਹਨ। ਉਥੇ ਜ਼ੱਗਬਾਣੀ ਅਖਬਾਰ ਵਿਚ ਦਿਤੀ ਖਬਰ ਕਿ ਗਊਆਂ ਦਾ ਸਿਰ ਵੱਢ ਕੇ ਸੁਟਣ ਵਾਲੇ ਪਟਿਆਲੇ ਦੁੱਖ-ਨਿਵਾਰਨ ਸਾਹਿਬ ਦੇ 52 ਨੰ: ਕਮਰੇ ਵਿਚ ਠਹਿਰੇ ਹਨ। ਜਿਨ੍ਹਾਂ ਦੀ ਡਿਊਟੀ ਟੌਹੜਾ ਸਾਹਿਬ ਨੇ ਲਾਈ ਉਹ ਹਨ ਜਥੇਦਾਰ ਅਮਰ ਸਿੰਘ ਨਲੀਨੀ। ਉਨ੍ਹਾਂ ਦੀ ਦੇਖਭਾਲ ਲਈ, ਸੋ ਮੈਂ ਸਮਝਦਾ ਹਾਂ ਕਿ ਲੇਖਕ ਨੇ ਵੀ ਟੀਰੀ ਅੱਖ ਨਾਲ ਹੀ ਵੇਖਿਆ ਹੈ ਜਾਂ ਅਕਾਲੀ ਦਲ ਨਾਲ ਕੋਈ ਸਾਂਝ ਹੈ।

ਨਾ ਹੀ ਨਹਿਰ ਰੋਕੋ ਮੋਰਚੇ ਨੂੰ ਕਿਸੇ ਤਰ੍ਹਾਂ ਲੇਖ ਨਾਲ ਜੋੜਿਆ ਗਿਆ ਹੈ ਜਿਸ ਵਿਚ C.P.M. ਦਾ ਰੋਲ ਵੀ ਸਪੱਸ਼ਟ ਕਰਨਾ ਜ਼ਰੂਰੀ ਬਣਦਾ ਸੀ ਤੁਸੀਂ ਐਸ.ਵਾਈ.ਐਲ (S.Y.L) ਵਿਚ ਲਿਖਿਆ ਹੈ ਜਿਸ ਵਿਚ ਸਪੱਸ਼ਟ ਹੈ ਕਿ ਪਾਣੀ ਹਰਿਆਣੇ ਨੂੰ ਨਹੀਂ ਜਾਣਾ ਚਾਹੀਦਾ ਸੀ। ਇਹ ਕੋਈ ਵਿਤਕਰੇ ਭਰਿਆ ਸਲੂਕ ਨਹੀਂ। ਜਿਸ ਕਾਰਣ ਖਾਲਸਤਾਨੀਆਂ ਜਿਹੀਆਂ ਵਖ-ਵਾਦੀ ਲਹਿਰਾਂ ਲੋਕਾਂ ਵਿਚ ਆਧਾਰ ਬਣਾਉਂਦੀਆਂ ਹਨ। ਇਸ ਤਰ੍ਹਾਂ ਲੇਖਕ ਕੌਮੀ ਤੇ ਕੌਮਾਂਤਰੀ ਪੱਧਰ ਛਡ ਕੇ ਸਿਰਫ ਇਲ਼ਾਕਾਵਾਦੀ ਬਣ ਰਿਹਾ ਹੈ।

ਭਾਵੇਂ ਜਗਬਾਣੀ ਅਖਬਾਰ ਵਾਲੀ ਉਦਾਹਰਣ ਬਹੁਤ ਠੀਕ ਹੈ ਤੇ ਅੱਗ ਫੈਲਾਉਂਦਾ ਰਿਹੈ ਪਰ ਕੀ ਲੇਖਕ ਪਟਿਆਲ਼ੇ ਵਿਚ ਹੀ ਰਹਿੰਦਾ ਹੋਇਆ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਲਾਏ ਗਏ ਪੋਸਟਰ ਤੇ ਹੱਥ ਲਿਖਤ ਕਦੇ ਨਹੀਂ ਵੇਖ ਸਕਿਆ ਜਿਨ੍ਹਾਂ ਵਿਚ ਇੱਨਾ ਫੂਸ ਹੈ ਕਿ ਅੱਗ ਬੁਝ ਹੀ ਨਹੀਂ ਸਕਦੀ।

ਸਫਾ 38 ਤੇ ਲੇਖਕ ਲਿਖਦਾ ਹੈ ਕਿ ਖਾਲਿ-ਸਤਾਨੀਆਂ ਦੀ ਮੰਗ ਕੀ ਸੀ ? ਸਿਰਫ ਛੋਟੀ ਜਿਹੀ ਮੰਗ ਸੀ—ਖੋਖੇ ਚੁਕਵਾਉਣੇ। ਲੇਖਕ ਗਲਤੀ ਤੇ ਹੈ ਜੇ ਖੋਖੇ ਚੁਕਵਾ ਲਏ ਜਾਂਦੇ ਤਾਂ ਇਹ ਸਭ ਕੁਝ ਨਾ ਵਾਪਰਦਾ ? ਜਾਂ ਕੀ ਲੇਖਕ ਹੁਣ ਦਾਅਵੇ ਨਾਲ ਕਹਿ ਸਕਦਾ ਹੈ (ਹੁਣ ਤਾਂ ਖੋਖੇ ਚੁਕਵਾ ਦਿਤੇ ਹਨ। ਕੀ ਦਲ-ਖਾਲਸੀਏ ਕੁਝ ਨਹੀਂ ਕਰਨਗੇ।

ਸਫਾ 41 ਤੇ ਲੇਖਕ ਕਹਿੰਦਾ ਹੈ ਕਿ ਦਿੱਲੀ ਨਿਰੰਕਾਰੀਆਂ ਦੇ ਆਗੂ ਨੂੰ ਕਿਸੇ ਨੇ ਦਾਣਿਆਂ ਵਾਂਗ ਭੁੰਨ ਕੇ ਰੱਖ ਦਿਤਾ ਅੱਜ ਤਕ ਪਤਾ ਨਹੀਂ ਲਗਾ ਕਿ ਕਾਤਲ ਅਕਾਲੀ ਸੀ ਜਾਂ ਕਾਂਗਰਸੀ ? ਜਦ ਕਿ ਭਿੰਡਰਾਂ ਵਾਲੇ ਨੂੰ ਸ਼ਰੇਆਮ ਸਰਕਾਰ ਨੇ ਕਾਤਲ ਕਰਾਰ ਦਿਤਾ ਹੈ। ਹਾਂ ਇਹ ਜ਼ਰੂਰ ਹੈ ਕਿ ਸਰਕਾਰ ਦੀ ਉਸ ਨਾਲ ਗੰਢ ਤੁੱਪ ਹੋਣ ਕਰਕੇ ਗਿਰਫਤਾਰੀ ਨਹੀਂ ਹੋਈ ਜਿਵੇਂ ਹੋਣੀ ਚਾਹੀਦੀ ਸੀ।

ਇੰਦਰਾ ਗਾਂਧੀ ਮੁੱਖ ਦੋਸ਼ੀ, ਠੀਕ ਹੈ ਇੰਦਰਾ ਗਾਂਧੀ ਮੁੱਖ ਦੋਸ਼ੀ ਹੈ ਤੇ ਜੋ ਉਦਾਹਰਣਾਂ ਆਪਣੇ R.A.W. ਸੰਬੰਧੀ ਦਿੱਤੀਆਂ ਹਨ। ਤੁਸੀਂ ਆਪ ਹੀ ਸਿਆਣੇ ਹੋ R.A.W. ਨੂੰ ਕੀ ਲੋੜ ਹੈ ਤੇ ਇੰਦਰਾਂ ਨੂੰ ਕੀ ਖਤਰਾ ਹੈ ਇਨ੍ਹਾਂ ਕੁਝ ਜਨੂੰਨੀਆ ਤੋਂ, R.A.W. ਦੀ ਜ਼ਰੂਰਤ ਹੈ। ਰਾਸ਼ਟਰਪਤੀ ਦੇ ਭਵਨ ਵਿਚ ਜੰਤਰ ਫਿਟ ਕਰਨ ਦੀ, ਸੋ ਉਹ ਕਰ ਰਹੀ ਹੈ।

ਭਾਵੇਂ ਲੇਖਕ ਨੇ ਸਿੱਧ ਕੀਤਾ ਹੈ ਕਿ ਅਮਰੀਕਾ ਦਾ ਇਸ ਵਿਚ ਜ਼ਿਆਦਾ ਰੋਲ ਹੈ ਤੇ ਟੰਡੀਲਾਟ ਵਰ-ਗਿਆਂ ਨੂੰ ਸ਼ਰਨ ਦੇ ਦਿੰਦੇ ਹਨ। ਪਰ ਰਸ਼ੀਆ (ਰੂਸ) ਬਾਰੇ ਕੁਝ ਨਹੀਂ ਲਿਖਿਆ ਗਿਆ ਜਾਂ ਕਿ ਲੇਖਕ ਰੂਸ ਨਾਲ ਸਹਿਮਤ ਹੈ। ਜੇ ਅਮਰੀਕਾ ਸ਼ਰਨ ਨਾ ਵੀ ਦੇਵੇ ਤਾਂ ਕਈ ਹੋਰ ਮੁਲਕ ਹੈਗੇ ਜਿਹੜੇ ਸ਼ਰਨ ਦੇ ਸਕਦੇ ਹਨ ਤੇ ਕਈ ਬੁਧੀ ਜੀਵੀ ਉੱਥੇ ਸ਼ਰਨ ਲਈ ਬੈਠੇ ਹਨ।

ਬਾਕੀ ਆਪ ਵਲੋਂ ਦਿੱਤੇ ਅੰਕੜਿਆਂ ਨੂੰ ਮੈਂ ਗਲਤ ਸਿੱਧ ਕਰਦਾ ਹਾਂ। ਕਿਉਂਕਿ ਤੁਹਾਡੇ ਵਲੋਂ ਦਿੱਤੇ ਪੰਜੇ ਅੰਕੜੇ ਹੀ ਕਾਫੀ ਨਹੀਂ। ਤੁਹਾਡੇ ਵਲੋਂ ਦਿਤੇ ਅੰਕੜੇ ਹਨ :

ਪ੍ਰਧਾਨ ਮੰਤਰੀ = 90%
ਹੋਮ ਮਨਿਸਟਰ = 5%
ਸੀ.ਆਈ.ਏ. = 2%
ਦਰਬਾਰਾ ਸਿੰਘ = 2%
ਦਲ ਖਾਲਸੀਏ = 1%

ਕੀ ਅਕਾਲੀ ਦਲ ਦਾ $\frac{1}{2}$% ਅੰਕੜਾ ਵੀ ਨਹੀਂ ਜੋ ਇਹਨਾਂ ਨੂੰ ਗੁਨਾਹ ਕਰਨ ਤੇ ਬਾਅਦ ਵਿਚ ਸ਼ਰਨ ਦਿੰਦੇ ਹਨ ? ਕੀ ਆਰ.ਐਸ.ਐਸ. ਦਾ ਕੋਈ ਅੰਕੜਾ ਨਹੀਂ ਜਦ ਕਿ 38 ਨੰਬਰ ਪੇਜ ਤੇ ਤੁਸੀਂ ਆਪ ਮੰਨਦੇ ਹੋ।

ਆਸ ਹੈ ਜਵਾਬ ਜ਼ਰੂਰ ਦਿਉਗੇ ਜਾਂ ਵਿਚਾਰ

ਸਾਂਝੇ ਕਰੋਗੇ।

ਸਮਤਾ ਦਾ ਇਕ ਪਾਠਕ
ਸੁਰਜੀਤ ਸਿੰਘ 'ਢੀਂਡਸਾ'

## 9. ਪ੍ਰੋ. ਭਾਰਦਵਾਜ ਦੇ ਲੇਖ ਬਾਰੇ ਇਕ ਹੋਰ ਚਿੱਠੀ

ਮੈਂ ਮੁੱਢ ਤੋਂ ਹੀ ਸਮਤਾ ਪੜ੍ਹਦਾ ਆ ਰਿਹਾ ਹਾਂ। ਸਮਤਾ ਦੀਆਂ ਪਿਛਲੀਆਂ ਲਿਖਤਾਂ ਵਿਚ ਪੜ੍ਹਿਆਂ ਪਤਾ ਲਗਦਾ ਹੈ ਕਿ ਤੁਸੀਂ ਕਮਿਊਨਿਸਟ ਇਨਕਲਾਬੀਆਂ ਦੀ ਏਕਤਾ ਬਾਰੇ ਕਾਫੀ ਫਿਕਰਮੰਦ ਹੋ। ਤੱਟ ਫੱਟ ਕੀਤੀ ਏਕਤਾ ਦੀ ਬਹੁਤੀ ਗਰੰਟੀ ਨਹੀਂ ਹੋ ਸਕਣੀ ਜੇ ਇਹ ਨਿਗਰ ਅਧਾਰਾਂ ਤੇ ਨਾ ਹੋ ਸਕੀ। ਮੌਜੂਦਾ ਗਰੁੱਪ-ਬੰਦੀ ਦੀ ਹਰ ਇਕ ਇਮਾਨਦਾਰ ਬੰਦਾ ਚੋਭ ਮਹਿਸੂਸ ਕਰਦਾ ਹੈ। ਤੁਸੀਂ ਲਹਿਰ ਦੇ ਇਕ ਸਿਆਣੇ ਅੰਗ ਹੋ—ਤੁਹਾਡੇ ਠੋਸ ਸੁਝਾਵਾਂ ਦੀ ਕਦਰ ਹੋਵੇਗੀ ਜੋ ਏਕਤਾ ਦੇ ਰਾਹ 'ਚ ਸਹਾਈ ਹੋਣਗੇ ਪਰ ਆਪਦੀ ਲੇਖਣੀ ਵਿਚ ਜਾਂ ਗੱਲ ਬਾਤ ਦੌਰਾਨ ਜਦੋਂ ਤੁਸੀਂ ਇਸ ਵਿਸ਼ੇ ਤੇ ਭਾਵੁਕ ਹੋ ਜਾਂਦੇ ਹੋ ਤਾਂ ਸਾਨੂੰ ਦੁੱਖ ਮਹਿਸੂਸ ਹੁੰਦਾ ਹੈ—ਅਸੀਂ ਤੁਹਾਥੋਂ ਇਹ ਆਸ ਨੀਂ ਰੱਖਦੇ। ਤੁਹਾਡੀ ਇਸ ਫਿਕਰਮੰਦੀ ਦੀ ਅਸੀਂ ਕਦਰ ਕਰਦੇ ਹਾਂ।

(ਇਕ ਸਲਾਹ ਦੇਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਨਕਸਲਬਾੜੀ ਲਹਿਰ ਦੇ ਸ਼ਹੀਦਾਂ ਬਾਰੇ ਡਰਾਮਾ ਤਿਆਰ ਕਰੋ—ਜਿਸ 'ਚ ਦਰਵੇਸ਼ ਦੇ ਰੂਪ ਵਾਲਾ ਪਾਤਰ ਸਟੇਜ ਤੇ ਆਉਂਦਾ ਰਹੇ ਤੇ ਗਰਜ਼ਵੀਂ ਆਵਾਜ਼ ਵਿਚ ਲਹਿਰ ਬਾਰੇ ਸਰੋਤਿਆਂ ਨੂੰ ਦੱਸਦਾ ਰਹੇ।)

ਬਾਕੀ ਇਸ ਸਮਤਾ ਤੋਂ ਤਾਂ ਲੱਗਦੈ ਪ੍ਰੋ. ਭਾਰਦਵਾਜ ਨੇ ਸਮਤਾ ਉਤੇ ਅਜਾਰੇਦਾਰੀ ਕਾਇਮ ਕਰ ਲਈ। ਅੱਧੀ ਸਮਤਾ! ਸਿਰਫ ਇਕ ਲੇਖ ਲਈ!! ਤੇ ਫਿਰ ਇਸ ਲੇਖ 'ਚੋਂ ਸ਼ੁਰੂ ਅੰਤ ਮਾਮੂਲੀ ਗੱਲਾਂ ਨੂੰ ਵਧਾ ਚੜ੍ਹਾ ਕੇ ਲਿਖਿਆ ਪਿਐ। ਉਹ ਵਾਰ ਵਾਰ ਇਹ ਦੱਸਣ ਦੀ ਕੋਸਿਸ਼ ਕਰਦਾ ਹੈ ਕਿ ਇਨ੍ਹਾਂ ਘਟਨਾਵਾਂ ਦਾ ਕਾਰਨ ਦਿੱਲੀ ਬੈਠੀ ਬੀਬੀ ਹੈ। ਜਦੋਂ ਦਿੱਲੀ ਬੀਬੀ ਦੀ ਜਗ੍ਹਾ 'ਮੁਰਾਰਜੀ' ਵਰਗੇ ਜਾਂ ਹੋਰ ਬੀਬੇ ਬੈਠੇ ਹੁੰਦੇ ਹਨ ਤਾਂ ਕੀ ਐਹੋ ਜਿਹੇ ਦੰਗੇ ਫਸਾਦ ਨਹੀਂ ਹੁੰਦੇ? ਕੀ ਪ੍ਰੋਫੈਸਰ ਨੂੰ ਭਾਰਤੀ ਹਾਕਮ ਜਮਾਤਾਂ ਨਹੀਂ ਦੀਹਦੀਆਂ ਜਿਨ੍ਹਾਂ ਦੀ ਸ਼ਹਿ 'ਤੇ ਇਹ ਕਾਲੀਆਂ ਘਟਨਾਵਾਂ ਘਟ ਰਹੀਆਂ ਨੇ?

ਲੇਖ ਨੂੰ ਬੇਲੋੜਾ ਕਿਵੇਂ ਵਧਾਇਆ ਗਿਆ ਹੈ ਉਦਾਹਰਣ ਵਜੋਂ—ਸਫ਼ਾ 46 ਦੂਸਰੇ ਕਾਲਮ ਦਾ ਦੂਸਰਾ ਪਹਿਰਾ ... ਪੰਝੀ ਦਿਨ—500 ਘੰਟੇ—ਤੀਹ ਹਜ਼ਾਰ ਮਿੰਟ—20 ਲੱਖ ਸੈਕਿੰਡ। ਕੀ ਫਾਇਦਾ ਹੈ ਦਿਨਾਂ ਨੂੰ ਸੈਕਿੰਡਾਂ ਤੱਕ ਲੈ ਜਾਣ ਦਾ, ਐਵੇਂ 4 ਲਾਈਨਾਂ ਵਾਧੂ ਲਿਖ ਮਾਰੀਆਂ।—ਇਸ ਲੇਖ ਨੂੰ ਜੇ ਵਧੀਆ ਢੰਗ ਨਾਲ ਗੁੰਦਿਆ ਜਾਂਦਾ 4, 5 ਸਫ਼ੇ ਕਾਫੀ ਸਨ ਪਰ ਮਰਾਸ-ਪੁਣਾ ਕਰਕੇ 26 ਸਫ਼ੇ ਕਾਲੇ ਕਰ ਪਾਏ ਨੇ। ਇਕ ਲੋਕ-ਪੱਖੀ ਪਰਚੇ ਦੀ ਐਨੀ ਅਣਗਹਿਲੀ ਨਾਲ ਕੀਤੀ ਵਰਤੋਂ ਦੁਖਦਾਈ ਹੈ। ਐਤਕੀਂ ਸਮਤਾ 'ਚ ਕੁਝ ਅਸ਼ਲੀਲਤਾ ਦੀ ਵੀ ਬੋਅ ਮਾਰਦੀ ਹੈ ਜਿਵੇਂ ਸਫ਼ਾ 44 ਦੇ ਉਤੇ ਮੁੱਢ 'ਚ ਘੋੜਿਆਂ ਦੇ ਸਬੰਧ 'ਚ 'ਫੁੱਲ' ਲਿਖਿਆ ਗਿਆ ਹੈ। ਇਸ ਸ਼ਬਦ ਤੋਂ ਇਥੇ ਗੁਰੇਜ ਕਰਿਆ ਜਾ ਸਕਦਾ ਸੀ-ਤੇ ਕੋਈ ਸਧਾਰਨ ਸ਼ਬਦ ਫਿੱਟ / ਕੀਤਾ ਜਾ ਸਕਦਾ ਸੀ—ਮੈਨੂੰ ਤਾਂ ਆਪ ਇਸ ਸਬੰਧ 'ਚ ਲਿਖਦਿਆਂ ਸ਼ਰਮ ਆਉਂਦੀ ਹੈ ਪਰ ਪ੍ਰੋਫੈਸਰ ਹੋਰਾਂ ਕਮਾਲ ਈ ਕਰਤੀ। ਸੋ ਕਿਰਪਾ ਕਰਕੇ ਅੱਗੇ ਵਾਸਤੇ ਮੈਂ ਅਜਿਹੇ ਅਸ਼ਲੀਲ ਸ਼ਬਦ ਸਮਤਾ ਦੇ ਮੈਟਰ 'ਚੋਂ ਬਾਹਰ ਰੱਖਣ ਦਾ ਸੁਝਾਅ ਦਿੰਦਾ ਹਾਂ।

ਅੱਛਾ ਤੁਹਾਡਾ ਇਕ ਪਾਠਕ—
ਨਵਕਿਰਨਜੀਤ, ਬਾਘਾ ਪੁਰਾਣਾ

## 10. ਪ੍ਰੋ. ਭਾਰਦਵਾਜ ਦੇ ਲੇਖ ਤੇ ਟਿਪਣੀ

• ਸਮਤਾ ਦੇ ਜੂਨ ਅੰਕ ਵਿਚ ਪ੍ਰੋ. ਭਾਰਦਵਾਜ ਦਾ ਲੇਖ 'ਇਕ ਗਿਆਨੀ—ਸਤ ਖ਼ਾਲਸਤਾਨੀ' ਛਪਿਆ ਹੈ ਤੇ ਇਸ ਬਾਰੇ ਸੰਪਾਦਕ ਵੱਲੋਂ ਸ਼ਲਾਘਾ ਸਮੇਤ ਇਸਤੇ ਬਹਿਸ ਚਲਾਉਣ ਦੀ ਗੱਲ ਕੀਤੀ ਹੈ। ਲੇਖਕ ਵਲੋਂ ਇਸ ਵਿਚ ਕਾਫੀ ਵਿਚਾਰ ਵਟਾਂਦਰੇ ਤੇ ਵਿਸਤਾਰ ਪੂਰਬਕ ਵਰਣਨ ਕਰਨ ਦੇ ਬਾਵਜੂਦ ਵੀ ਇਹ ਲੇਖ ਲੋਕ ਮੁਜਰਮ ਜਨੂੰਨੀਆਂ ਦੇ ਫਿਰਕਾਪ੍ਰਸਤੀ ਦੇ ਅਸਲੀ ਕਾਰਨ ਨੂੰ ਸਪਸ਼ਟ ਦਰਸਾਉਣ ਵਿਚ ਸਫਲ ਨਾ ਹੋ ਸਕਿਆ। ਵਿਅਕਤੀਗਤ ਗੱਲਾਂ ਨੂੰ ਜ਼ਿਆਦਾ ਅਹਿਮੀਅਤ ਦੇਣ ਤੇ ਜਮਾਤੀ ਦ੍ਰਿਸ਼ਟੀਕੋਣ ਤੋਂ ਅਧੂਰੇ ਵਿਸ਼ਲੇਸ਼ਨ ਸਾਹਿਤ ਕੁਝ ਗਲਤ ਧਾਰਨਾਵਾਂ ਪੇਸ਼ ਕੀਤੀਆਂ ਗਈਆਂ ਹਨ ਜੋ ਇਸ ਪ੍ਰਕਾਰ ਹਨ।

1. ਇਤਿਹਾਸ ਦੀ ਚਾਲਕ ਸ਼ਕਤੀ ਔਰੰਗਜ਼ੇਬ ਤੇ ਇੰਦਰਾ ਗਾਂਧੀ ਦਰਸਾਏ ਗਏ ਹਨ ਜਦ ਕਿ ਚਾਲਕ ਸ਼ਕਤੀ ਤਾਂ ਲੋਕ ਹੁੰਦੇ ਹਨ ਨਾ ਕਿ ਕੁਝ ਵਿਅਕਤੀ।

2. ਹਿੰਦੂਆਂ ਤੋਂ ਬਿਨਾਂ ਸਿੱਖਾਂ ਦਾ ਨਾਂ ਹੋਣਾ ਤੇ ਸਿੱਖਾਂ ਬਿਨਾਂ ਹਿੰਦੂਆਂ ਦਾ ਬਿਲਕੁਲ ਖ਼ਤਮ ਹੋ ਜਾਣਾ ਲਿਖ ਕੇ 'ਜਿਥੇ ਇਕ ਪਾਸੇ ਭਾਰਤੀ ਜਗੀਰੂ ਸਮਾਜ ਦੀ ਪੈਦਾਇਸ਼ ਧਰਮ, ਜਾਤ-ਪਾਤ ਤੇ ਫਿਰਕਿਆਂ ਨੂੰ ਉਚਾ ਚੁਕ' ਕੇ ਸਭ ਮਿਹਨਤੀ ਲੋਕਾਂ ਵਿਚ ਪੁਰਾਣੇ ਪ੍ਰਭਾਵ ਕਾਇਮ ਰਖਦਾ ਹੈ ਦੂਜੇ ਪਾਸੇ ਮੁਸਲਮਾਨ ਜਗੀਰਦਾਰਾਂ ਦੇ ਖ਼ਿਲਾਫ ਪੰਜਾਬ ਦੀ ਕਿਸਾਨੀ ਦੀ ਜਦੋ ਜਹਿਦ ਜੋ ਗੁਰੂ ਗੋਬਿੰਦ ਸਿੰਘ ਤੇ ਬੰਦਾ ਬਹਾਦਰ ਦੀ ਅਗਵਾਈ ਵਿਚ ਲੜੀ ਗਈ ਨੂੰ ਧਾਰਮਕ ਨਾਂ ਦੇ ਕੇ ਜਮਾਤੀ

ਜਦੋ-ਜਹਿਦ ਤੇ ਪਰਦਾ ਪਾ ਰਿਹਾ ਹੈ ।

3. ਭਾਰਤੀ ਪਿਛਾਖੜੀ ਸਟੇਟ ਦੇ ਗੰਦੇ ਸਭਿਆਚਾਰ, ਫਿਰਕੂ ਮੁਠਭੇੜ, ਭਰਾਮਾਰ ਲੜਾਈਆਂ ਵਰਗੀਆਂ ਸਭ ਅਲਾਮਤਾਂ ਦਾ ਸੋਮਾ ਹੈ ਨੂੰ ਦੋਸ਼ੀ ਠਹਿਰਾਉਣ ਦੀ ਬਜਾਏ ਕੁਝ ਵਿਅਕਤੀਆਂ ਨੂੰ ਹੀ ਦੋਸ਼ੀ ਠਹਿਰਾ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਭਾਰਤੀ ਲੁਟੇਰੇ ਨਿਜ਼ਾਮ ਵਿਚ ਸਿਰਫ ਕੁਝ ਵਿਅਕਤੀ ਹੀ ਖਰਾਬ ਹਨ ਉਹਨਾਂ ਨੂੰ ਵਰਜ ਕੇ ਜਾਂ ਹਟਾ ਕੇ ਸਮਾਜ ਦੇ ਠੀਕ ਠਾਕ ਚੱਲਣ ਦੀ ਸੁਧਾਰਵਾਦੀ ਪਾਲਸੀ ਦਿਤੀ ਗਈ ਹੈ ਜਦ ਕਿ ਇਸਦਾ ਹੱਲ ਭਾਰਤੀ ਪਿਛਾਖੜੀ ਨਿਜ਼ਾਮ ਨੂੰ ਚਕਨਾਚੂਰ ਕਰਕੇ ਸਹੀ ਅਰਥਾਂ ਵਿਚ ਮਿਹਨਤਕਸ਼ਾਂ ਦਾ ਰਾਜ ਕਾਇਮ ਕਰਨ ਨਾਲ ਹੀ ਹੋ ਸਕਦਾ ਹੈ

4. ਲੇਖਕ ਵਲੋਂ ਆਸਾਮ ਦੀ ਸਮੱਸਿਆ ਦਾ ਜਾਇਜ਼ਾ ਗਲਤ ਲਿਆ ਗਿਆ ਹੈ । ਅਸਾਮੀ ਲੋਕਾਂ ਦੀ ਆਪਾ ਨਿਰਣੇ ਦੀ ਹੱਕੀ ਜਦੋ-ਜਹਿਦ ਨੂੰ ਸਿਰਫ ਬੰਗਾਲੀ ਅਸਾਮੀ ਮੁਠਭੇੜ ਦਸ ਕੇ ਅਸਲੀਅਤ ਉਪਰ ਪਰਦਾ ਪਾਇਆ ਗਿਆ ਹੈ ਤੇ ਆਸਾਮੀ ਲੋਕਾਂ ਨਾਲ ਘੋਰ ਬੇਇਨਸਾਫੀ ਕੀਤੀ ਗਈ ਹੈ ।

5. ਲੇਖ ਵਿਚ ਕੁਝ ਆਪਾ ਵਿਰੋਧੀ ਗੱਲਾਂ ਕੀਤੀਆਂ ਹਨ । ਜਿਵੇਂ ਲੇਖਕ ਲਿਖਦਾ ਹੈ ਕਿ ਹਿੰਦੁਸਤਾਨ ਦੀ ਹਾਲਤ ਬਹੁਤ ਨਿਰਾਸ਼ਾਜਨਕ ਹੈ ਤੇ ਸਲਾਹ ਦਿੰਦਾ ਹੈ ਕਿ ਹਿੰਦੁਸਤਾਨ ਉਪਰ ਬੰਬ ਸੁਟਣ ਦੀ ਬਜਾਏ ਦੋ ਪਾਰਸਲ ਭੇਜ ਛੱਡੋ—ਇਕ ਸ਼ਿਗਰਟਾਂ ਦੀ ਡੱਬੀ, ਇਕ ਵੱਛੀ ਦੀ ਪੂਛ ਤੇ ਇਕ ਸੂਰ ਦੀ ਟੰਗ ਤੇ ਇਥੇ ਖਾਨਾ-ਜੰਗ ਲਗ ਜਾਵੇਗੀ ਪਰ ਫਿਰ ਧਰਮਾਂ ਨੂੰ ਠੀਕ ਠਹਿਰਾਉਂਦਾ ਹੋਇਆ ਗਾਉਂਦਾ ਹੈ ਹਿੰਦੁਸਤਾਨ ਹਮਾਰਾ ਸਾਰੇ ਜਹਾਂ ਸੇ ਅੱਛਾ ਹੈ। ਦੂਜੀ ਆਪਾ ਵਿਰੋਧੀ ਗਲ ਲੇਖਕ ਇਕ ਪਾਸੇ ਤਾਂ ਕਹਿੰਦਾ ਹੈ ਕਿ ਮੈਂ ਸੰਤ ਭਿੰਡਰਾਂ ਵਾਲਿਆਂ ਦੀ ਬਹੁਤ ਇਜ਼ਤ ਕਰਦਾ ਹਾਂ ਪਰ ਅੱਗੇ ਸਰਕਾਰ ਨੂੰ ਕੋਸਦਾ ਹੈ ਕਿ 18 ਲੱਖ ਫੌਜ ਪੁਲਸ ਨਾਲ ਵੀ ਉਸਨੂੰ ਗ੍ਰਿਫਤਾਰ ਕਿਉਂ ਨਾ ਕਰ ਸਕੀ। ਪਰ ਜਿਸ ਸੰਤ (ਜਨੂੰਨੀ ਮੁਜਰਮ) ਦੀ ਪ੍ਰੋ. ਸਾਹਿਬ ਵਰਗੇ ਮਹਾਂ ਵਿਦਵਾਨ ਬਹੁਤ ਇਜ਼ਤ ਕਰਦੇ ਹਨ ਸਰਕਾਰ ਉਸਨੂੰ ਕਿਵੇਂ ਹੱਥ ਪਾਵੇ । ਦੋ ਇਧਰ ਦੀਆਂ ਦੋ ਉਧਰ ਦੀਆਂ ਮਾਰ ਕੇ ਤਮਾਸ਼ੇ ਵਾਲੇ ਭਾਈ ਵਾਂਗ ਪ੍ਰੋ. ਨਾਲੇ ਤਾਂ ਭਿੰਡਰਾਂ ਵਾਲੇ ਦੀ ਇਜ਼ਤ ਕਰਦਾ ਹੈ ਨਾਲ ਹੀ ਗ੍ਰਿਫਤਾਰੀ ਲਈ ਸਰਕਾਰ ਦੇ ਡੰਡੇ ਮਾਰ ਰਿਹਾ ਹੈ। ਕੀ ਇਹੋ ਸਟੈਂਡ ਹੈ ਪ੍ਰੋ. ਵਰਗੇ ਬੁਧੀਜੀਵ ਦਾ ?

6. ਲੇਖ ਵਿਚ ਪ੍ਰੋ. ਦੀ ਧਾਰਮਕ ਯਾਤਰਾ ਦਾ ਹਾਲ ਜ਼ਿਆਦਾ ਹੈ ਤੇ ਦੂਜੀਆਂ ਗੱਲਾਂ ਘੱਟ। ਸਾਫ ਤੇ ਸਪਸ਼ਟ ਹੋਣ ਦੀ ਬਜਾਏ ਲੇਖ ਹੱਦੋਂ ਵੱਧ ਲੰਮਾ ਤੇ ਗੁੰਝਲਦਾਰ ਬਣਾ ਕੇ ਪ੍ਰੋ. ਸਾਹਿਬ ਨੇ ਸੱਪ ਵੀ ਮਾਰ ਲਿਆ ਤੇ ਸੋਟਾ ਵੀ ਬਚਾ ਲਿਆ ਪਰ ਪਾਠਕਾਂ ਦੇ ਪੱਲੇ ਕੱਖ ਨਹੀਂ ਪਾਇਆ ।

ਉਪਰੋਕਤ ਵਰਣਨ ਕੀਤੀਆਂ ਗਲਤ ਧਾਰਨਾਵਾਂ ਤੋਂ ਪਤਾ ਲਗਦਾ ਹੈ ਕਿ ਲੇਖਕ ਫਿਰਕਾਪ੍ਰਸਤੀ ਫੈਲਾਉਣ ਦੇ ਅਸਲੀ ਅਧਾਰ ਭਾਰਤੀ ਲੁਟੇਰੇ ਨਿਜ਼ਾਮ ਤੇ ਉਂਗਲਾਂ ਰੱਖਣ ਦੀ ਬਜਾਏ ਮਦਾਰੀ ਝੁਰਲੂ ਫੇਰਦਾ ਹੋਇਆ ਕੁਝ ਵਿਅਕਤੀਆਂ ਸਿਰ ਦੋਸ਼ ਥੋਪਕੇ ਸੁਧਾਰਵਾਦੀ ਸਮਝ ਪੇਸ਼ ਕਰ ਰਿਹਾ ਹੈ ਤੇ ਇਸ ਸਭ ਕੁਝ ਦਾ ਸਤਨਾਜਾ ਪਾਠਕਾਂ ਪੱਲੇ ਪਾ ਰਿਹਾ ਹੈ ।

ਤੁਹਾਡਾ ਸਾਥੀ

ਹਰਦੀਪ ਸਿੰਘ ਕੋਟਕਪੂਰਾ

—ਸਮਤਾ ਲਗਾਤਾਰ ਮਿਲ ਰਿਹਾ ਹੈ । ਇਸ ਵਾਰੀ ਦਾ ਭਾਰਦਵਾਜ ਹੋਰਾਂ ਦਾ ਲੇਖ ਬਹੁਤ ਹੀ ਪਸੰਦ ਆਇਆ । ਮੈਂ ਏਥੇ ਆਪਣੇ ਬਹੁਤ ਸਾਰੇ ਦੋਸਤਾਂ ਯਾਰਾਂ ਨੂੰ ਪੜ੍ਹ ਇਆ ਏ । ਉਹਨਾਂ ਦੀ ਸਲਾਹ ਏ ਇਸਨੂੰ ਲੋਕਾਂ ਵਿਚ ਵੰਡਣਾ ਚਾਹੀਦਾ ਏ । ਦੂਰ ਬੈਠੇ ਪੰਜਾਬੀਆਂ ਲਈ ਇਹ ਜਾਣਕਾਰੀ ਜ਼ਰੂਰੀ ਹੈ ।

ਮੱਖਣ ਸਿੰਘ (ਬੰਬਈ)

—ਸਮਤਾ ਸਹੀ ਰਸਤੇ ਤੇ ਚਲ ਰਿਹਾ ਹੈ, ਉਮੀਦ ਹੈ ਤੁਸੀਂ ਇਸੇ ਰਾਹ ਅੱਗੇ ਵਧਦੇ ਰਹੋਗੇ। ਐਤਕੀਂ ਦੀ ਸਾਰੀ ਸਮਤਾ ਬਹੁਤ ਹੀ ਸਲਾਹੁਣ ਯੋਗ ਹੈ। ਪ੍ਰੋ. ਭਾਰਦਵਾਜ ਨੇ ਬੜੇ ਹੀ ਸਰਲ ਤੇ ਸਾਦ-ਮੁਰਾਦੇ ਢੰਗ ਨਾਲ ਬਹੁਤ ਗੁੰਝਲਦਾਰ ਤੇ ਖੁਸ਼ਕ ਮਸਲਿਆਂ ਨੂੰ ਸਮਤਾ ਰਾਹੀਂ ਪੇਸ਼ ਕਰਕੇ ਪੰਜਾਬੀ ਜ਼ਬਾਨ ਦੀ ਬਹੁਤ ਠਿੱਗਰ ਤੇ ਵਡਮੁੱਲੀ ਸੇਵਾ ਕੀਤੀ ਹੈ। ਤੁਹਾਡੀ ਐਤਕਾਂ ਦੀ ਸੰਪਾਦਕੀ ਹਰ ਪਖੋਂ ਸਲਾਹੁਣਯੋਗ ਹੈ। ਹੁਣ ਤੀਕਰ ਅਸੀਂ ਸਾਰੇ ਸਿਧਾਂਤਵਾਦ ਦੇ ਹੀ ਸ਼ਿਕਾਰ ਚਲੇ ਆ ਰਹੇ ਹਾਂ, ਭੱਠ ਪੈਣ ਜਿਹੋ ਜਿਹੇ ਸਿਧਾਂਤ, ਜਿਹਨਾਂ ਦੀ ਹੋਰ ਨਾ ਹੋਰ ਬੋਲੀ ਵੀ ਲੋਕਾਈ ਦੀ ਸੁਮਝ ਤੋਂ ਬਾਹਰ ਹੋਵੇ। ਸਾਡੇ ਬਹੁਤੇ ਸਿਧਾਂਤਕਾਰ ਦਰੁਸਤਵਾਦ ਦੇ ਸ਼ਿਕਾਰ ਹੋਣ ਕਰਕੇ ਮਾਰਕਸਵਾਦ ਦੇ ਵਕੀਲ ਬੇਸ਼ਕ ਹੋਣ ਪਰ ਇਨਕਲਾਬੀ ਮਾਰਕਸਵਾਦੀ ਨਹੀਂ । ਉਹ ਆਪਣੇ ਸਿਧਾਂਤਾਂ ਦੇ ਖੋਲਾਂ ਵਿਚ ਲੋਕਾਂ ਤੋਂ ਹੋਰ ਦੂਰ ਹੁੰਦੇ ਜਾ ਰਹੇ ਹਨ ਤੇ ਨਤੀਜਾ ਸਾਡੇ ਸਾਹਮਣੇ ਹੈ। ਸੋ ਉਮੀਦ ਹੈ ਤੁਸੀਂ ਪਰਚੇ ਦੀ ਸੇਧ ਕਿਸੇ ਇਕ ਗਰੁਪ ਪੱਖੀ ਰੱਖਣ ਦੀ ਬਜਾਇ ਲੋਕ ਪੱਖੀ ਹੀ ਰਖੋਗੇ। ਇਹਦੀਆਂ ਜੜ੍ਹਾਂ ਸਾਡੀ ਆਪਣੀ ਧਰਤੀ ਆਪਣੇ ਵਿਰਸੇ ਤੇ ਆਪਣੇ ਇਤਿਹਾਸ ਵਿਚ ਹੀ ਲਗਣੀਆਂ ਹਨ, ਨਹੀਂ ਤਾਂ ਇਹਦਾ ਹਸ਼ਰ ਵੀ ਇਹੋ ਜਿਹੋ ਹੋਰ ਅਨੇਕਾਂ ਮਰ ਚੁੱਕੇ ਪਰਚਿਆਂ ਵਾਲਾ ਹੀ ਹੋਵੇਗਾ ।

ਨਿਰਮਲ ਸਿੰਘ (ਲਾਂਬੜਾ)

# *12.* ਬਰਤਾਨਵੀ 'ਜਮਹੂਰੀਅਤ' ਦਾ ਫਾਸ਼ੀ ਚਿਹਰਾ

ਬਰਤਾਨਵੀ ਹਕੂਮਤ ਨੇ ਕਾਲੇ ਲੋਕਾਂ ਖਿਲਾਫ਼ ਨਵਾਂ ਜਿਹਾਦ ਛੇੜ ਦਿਤਾ ਹੈ । ਕਾਲੇ ਸਿਆਸੀ ਕਾਰਕੁਨਾਂ ਨੂੰ ਚੁੱਪ ਕਰਾਉਣ ਲਈ ਉਨ੍ਹਾਂ ਤੇ ਸਾਜ਼ਸ਼ਾਂ ਦੇ ਕੇਸ ਬਣਾ ਕੇ ਉਨ੍ਹਾਂ ਨੂੰ ਜੇਲ੍ਹੀਂ ਡੱਕਿਆ ਜਾ ਰਿਹਾ ਹੈ । ਬਰੈਡਫੋਰਡ ਵਿਚ 'ਯੂਨਾਈਟਡ ਬਲੈਕ ਯੂਥ ਲੀਗ' ਨਾਲ ਸੰਬੰਧਤ 12 ਨੌਜਵਾਨ ਏਸ਼ਿਆਈਆਂ ਨੂੰ ਜਾਇਦਾਦ ਨੂੰ ਨੁਕਸਾਨ ਪੁਚਾਉਣ ਤੇ ਗੰਭੀਰ ਸਰੀਰਕ ਸੱਟਾਂ ਮਾਰਨ ਦੀ ਸਾਜ਼ਸ਼ ਦੇ ਇਲਜ਼ਾਮ ਲਾ ਕੇ ਮੁਕੱਦਮੇ ਵਿਚ ਫਸਾਇਆਂ ਗਿਆ ਹੈ । ਇਸ ਮੁਕੱਦਮੇ ਵਿਚ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ । 30 ਜੁਲਾਈ ਤੋਂ, ਜਦੋਂ ਤੋਂ ਉਹ ਗ੍ਰਿਫਤਾਰ ਕੀਤੇ ਗਏ ਹਨ. ਉਨ੍ਹਾਂ ਦੀ ਜ਼ਮਾਨਤ ਨਹੀਂ ਕੀਤੀ ਗਈ, ਸਿਵਾ ਦੋ ਬੰਦਿਆ ਦੇ । ਉਹਨਾਂ ਇਹ ਇਲਜ਼ਾਮ ਮਨਜ਼ੂਰ ਨਹੀਂ ਕੀਤੇ ਹਨ ।

ਬਰੈਡਫੋਰਡ ਵਿਚ ਇਹ ਨੰਗਾ ਚਿੱਟਾ ਸਿਆਸੀ ਧੱਕਾ ਉਦੋਂ ਹੋ ਰਿਹਾ ਹੈ, ਜਦੋਂ ਲਿਵਰਪੂਲ, ਮਾਨ-ਚੈਸਟਰ ਅਤੇ ਬਰਿਨਸਟਨ ਵਿਚ ਵੀ ਕਾਲੇ ਲੋਕਾਂ ਦੇ ਸਮੂਹ ਤੇ ਨੀਮ-ਫੌਜੀ ਜ਼ੁਲਮ ਹੋ ਰਿਹਾ ਹੈ । ਅਜਿਹਾ ਮਾਹੌਲ ਬਣਾਇਆ ਗਿਆ ਹੈ, ਜਿਸ ਵਿਚ ਕਾਲੇ ਲੋਕਾਂ ਖਿਲਾਫ ਸਾਜ਼ਸ਼ਾਂ ਦੇ ਅਜਿਹੇ ਕੇਸ ਘੜੇ ਜਾ ਸਕਦੇ ਹਨ, ਅਜਿਹੇ ਕੇਸ, ਜਿਨ੍ਹਾਂ ਨੂੰ ਸਾਬਤ ਕਰਨ ਲਈ ਪੁਲਸ ਨੂੰ ਸਹੂਲਤਾਂ ਹਨ ਤੇ ਬਚਾਅ ਪੱਖ ਦੀ ਸਿਆਸਤ ਵੀ ਉਹਨਾਂ ਖਿਲਾਫ ਸਬੂਤ ਦੇ ਤੌਰ ਤੇ ਵਰਤਿਆ ਜਾਂਦਾ ਹੈ । ਹਕੂਮਤ ਦੀ ਨਿਗਾਹ ਵਿਚ ਬਰੈਡਰੋਰਡ ਦੇ 12' ਦਾ ਅਸਲ ਗੁਨਾਹ ਇਹ ਹੈ ਕਿ ਪਹਿਲਾਂ ਤਾਂ ਉਨ੍ਹਾਂ ਪੁਲਸ ਦੇ ਨਸਲਵਾਦੀ ਵਤੀਰੇ ਨੂੰ ਸਫਲਤਾ ਨਾਲ ਨੰਗਾ ਕੀਤਾ ਅਤੇ ਦੂਜਾ ਅਵਾਮੀ ਕਾਨੂੰਨਾਂ ਦੇ ਨਸਲ-ਵਾਦ ਖਿਲਾਫ਼ ਸੰਘਰਸ਼ ਕਰਨਾ । ਉਨ੍ਹਾਂ ਜਸਵਿੰਦਰ ਕੌਰ ਦੇ ਹੱਕ ਵਿਚ ਪ੍ਰਚਾਰ ਕੀਤਾ, ਜਿਸ ਦੇ ਸਿਰ ਤੇ ਵਾਪਸ ਭੇਜੇ ਜਾਣ ਦੀ ਤਲਵਾਰ ਲਟਕ ਰਹੀ ਸੀ ਕਿਉਂਕਿ ਉਸਦੀ ਸ਼ਾਦੀ ਟੁੱਟ ਗਈ ਸੀ ਅਤੇ ਅਨਵਰ ਦਿੱਤਾ ਲਈ ਵੀ, ਜਿਸ ਨੇ ਗ੍ਰਹਿ ਦਫਤਰ ਖਿਲਾਫ ਏਸ ਸਾਲ ਦੇ ਸ਼ੁਰੂ ਵਿਚ ਆਪਣੀ ਪੰਜ ਸਾਲਾਂ ਦੀ ਲੜਾਈ ਜਿੱਤੀ ਸੀ, ਜਿਸ ਨਾਲ ਉਸਨੂੰ ਆਪਣੇ ਪੰਜ ਬੱਚਿਆਂ ਨੂੰ ਆਪਣੇ ਨਾਲ ਇੰਗਲੈਂਡ ਵਿਚ ਰੱਖਣ ਦਾ ਹੱਕ ਮਿਲ ਗਿਆ ਸੀ । ਅਨਵਰ ਦੇ ਸ਼ਬਦਾਂ ਵਿਚ, "ਅਸੀਂ ਸਾਰੇ ਜਾਣਦੇ ਹਾਂ ਕਿ ਕਿਉਂਕਿ ਉਹ ਏਨ੍ਹਾਂ ਪ੍ਰਚਾਰ ਮੁਹਿੰਮਾਂ ਵਿਚ ਸਰਗਰਮ ਸਨ, ਏਸ ਲਈ ਉਨ੍ਹਾਂ ਨੂੰ ਏਨ੍ਹਾਂ ਕੂੜ ਇਲਜ਼ਾਮਾਂ ਵਿਚ ਫਸਾਇਆ ਹੈ । ਪਰ ਇਹ ਚਲ ਨਹੀਂ ਸਕੇਗਾ । ਨਾਲੇ ਲੋਕੀਂ ਇਸ ਨੂੰ ਮੰਨਣ ਨਹੀਂ ਲੱਗੇ।" ਇਸਦੇ ਨਾਲ ਹੀ 'ਬਰੈਡਫੋਰਡ 12' ਵਿਚੋਂ ਕੁੱਝ ਨੇ ਇਕ ਕਾਲੇ ਮਜ਼ਦੂਰ ਗੈਰੀ ਮੈਂਬਰਟਨ ਦੇ ਹੱਕ ਵਿਚ ਪ੍ਰਚਾਰ ਕਰਕੇ ਵੈਸਟ ਯਾਰਕਸ਼ਾਇਰ ਪੁਲਸ ਦੇ ਝੂਠਾਂ ਨੂੰ ਨੰਗਿਆਂ ਕੀਤਾ । ਮੈਂਬਰਟਨ ਨੂੰ ਝੂਠੇ ਕੇਸਾਂ ਵਿਚ ਪੁਲਸ ਨੇ ਸਜ਼ਾ ਕਰਵਾ ਦਿੱਤੀ ਸੀ, ਪਰ ਏਸ ਪ੍ਰਚਾਰ ਕਾਰਣ ਉਸਨੂੰ ਰਿਹਾਈ ਮਿਲੀ ।

'ਬਰੈਡਫੋਰਡ 12' ਉਤੇ ਘੋਨਮੋਨਿਆਂ, ਪੁਲਸ ਤੇ ਵੱਡੇ ਸਟੋਰਾਂ ਉੱਤੇ ਪੈਟਰੋਲ ਇਸਤੇਮਾਲ ਕਰਨ ਦੀ ਯੋਜਨਾ ਦਾ ਇਲਜ਼ਾਮ ਲਾਇਆ ਗਿਆ ਹੈ ਵੈਸਟ ਯਾਰਕ ਸ਼ਾਇਰ ਪੁਲਸ ਦਾਵਾ ਕਰਦੀ ਹੈ ਕਿ ਗਰਟਨ ਵਿਚ ਇਕ ਬਰਬਾਦ ਕੀਤੀ ਜਗਾ 'ਤੇ 17 ਜੁਲਾਈ ਨੂੰ ਉਨ੍ਹਾਂ 38 ਦੁੱਧ ਵਾਲੀਆਂ ਬੋਤਲਾਂ ਜਿਨਾਂ ਵਿਚ ਪੈਟਰੋਲ ਭਰਿਆ ਸੀ ਕਬਜ਼ੇ 'ਚ ਕੀਤੀਆਂ, 30 ਜੁਲਾਈ ਦੀ ਸਵੇਰ ਦੇ ਛਾਪਿਆਂ ਵਿਚ ਬਚਾਅ ਮੱਧ ਵਿਚੋਂ ਦੋ ਬੰਦਿਆਂ ਤਰਲੋਚਨ ਗਾਤਾ-ਔਰਾ ਅਤੇ ਤਾਰਿਕ ਮੁਹੰਮਦ ਅਲੀ ਨੂੰ ਗ੍ਰਿਫਤਾਰ ਕੀਤਾ ਗਿਆ । ਉਨ੍ਹਾਂ ਦੇ ਘਰਾਂ ਦੀ ਤਲਾਸ਼ੀ ਲਈ ਗਈ ਅਤੇ 'ਯੂਨਾਈਟਡ ਬਲੈਕ ਲੀਗ ਯੂਥ' ਦੇ ਕਾਰਵਾਈ ਰਜਿਸਟਰ ਸਮੇਤ ਦੂਜੇ ਦਸਤਾਵੇਜ਼ ਪੁਲਸ ਲੈ ਗਈ । ਅਗਲੇ 24 ਘੰਟਿਆਂ ਵਿਚ ਦੂਜਿਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ । ਅਗਲੇ ਦੋ ਦਿਨਾਂ ਤੱਕ ਉਨ੍ਹਾਂ ਨੂੰ ਆਪਣੇ ਵਕੀਲਾਂ ਨੂੰ ਮਿਲਣ ਨਹੀਂ ਦਿਤਾ ਗਿਆ । ਏਸ ਦੌਰਾਨ ਉਨ੍ਹਾਂ ਦੀ ਲਗਾਤਾਰ 'ਪੁੱਠ ਗਿੱਛ" ਕੀਤੀ ਗਈ ਅਤੇ ਪੁਲਸ ਦਾ ਦਾਵਾ ਹੈ ਕਿ ਉਨ੍ਹਾਂ 'ਸਵੈ-ਇੱਛਕ ਬਿਆਨ' ਹਾਸਲ ਕੀਤੇ ਹਨ, ਜਿਨ੍ਹਾਂ ਨੂੰ ਉਹ ਮੁਕੱਦਮੇ ਦੌਰਾਨ ਵਰਤਣਗੇ । ਵੈਸਟ ਯਾਰਕਸ਼ਾਰ ਪੁਲਸ ਨੇ ਫਰਜ਼ੀ 'ਸਵੈ-ਇੱਛਕ ਬਿਆਨਾਂ ਹਾਸਲ ਕਰਨ ਦਾ ਰਿਕਾਰਡ ਕਾਇਮ ਕੀਤਾ ਹੋਇਆ ਹੈ । 1978 ਵਿਚ ਇਕ ਕਾਲੇ ਮਜ਼ਦੂਰ ਜਾਰਜ ਲਿੰਡੋ ਨੂੰ 'ਸਵੈ-ਇੱਛਕ ਬਿਆਨ' ਦੇ ਅਧਾਰ ਤੇ ਸਜ਼ਾ ਹੋਈ ਸੀ । ਇਹ ਸਜ਼ਾ ਉਦੋਂ ਰੱਦ ਕੀਤੀ ਗਈ, ਜਦ ਇਹ ਗੱਲ ਸਾਹਮਣੇ ਆਈ ਕਿ ਹਕੀਕਤ ਵਿਚ ਇਹ ਬਿਆਨ ਇਕ ਪੁਲਸ ਅਫਸਰ ਨੇ ਲਿਖਿਆ ਸੀ ਤੇ ਜਾਰਜ ਲਿੰਡੋ ਤੇ ਦਬਾਅ ਅਧੀਨ ਉਸ ਤੇ ਦਸਖਤ ਕੀਤੇ ਸਨ । ਇਸੇ ਸਾਲ ਇਕ ਗੋਰੇ ਆਦਮੀ ਜਾਫਰੀ ਇਲੀਅਟ ਬਾਰੇ ਵੀ ਕਿਹਾ ਗਿਆ ਕਿ ਉਸਨੇ ਬਰੈਡਫੋਰਡ ਪੁਲਸ ਨੂੰ ਜਬਰਜਿਨਾਹ ਸੰਬੰਧੀ ਵਿਸਥਾਰ ਪੂਰਵਕ 'ਸਵੈ-ਇੱਛਕ ਬਿਆਨ' ਦਿੱਤਾ । ਬਾਦ ਵਿਚ ਇਹ ਬਿਆਨ ਵੀ ਝੂਠਾ ਸਾਬਤ ਹੋਇਆ, ਜਦ ਕਿਸੇ ਹੋਰ ਆਦਮੀ ਨੇ ਜਬਰਜਿਨਾਹ ਦਾ ਕਸੂਰ ਮੰਨਿਆ ।

'ਬਰੈਡਫੋਰਡ 12' ਤੇ ਲਾਏ ਇਲਜ਼ਾਮਾਂ ਪਿੱਛੇ, ਅਸਲ ਮਸਲਾ ਪੈਟਰੋਲ ਬੰਬਾਂ ਦਾ ਨਹੀਂ, ਸਗੋਂ ਪੁਲਸ

Post Office No. PA/R–33
Registred With Registrar. News Paper Vide No.MA/12397-D dated 14.8.80.

ਵਲੋਂ ਕਾਲੇ ਲੋਕਾਂ ਦੀ ਸਵੈਰੱਖਿਆ ਨੂੰ ਕੁਚਲਣਾ ਹੈ । ਦਾਅ ਤੇ ਕਾਲੇ ਲੋਕਾਂ ਦੇ ਸਵੈ-ਰੱਖਿਆ ਦਾ ਹੱਕ ਹੈ, ਜਦ ਕਿ ਸਵੈ-ਰੱਖਿਆ ਦਾ ਹੋਰ ਕੋਈ ਸਾਧਨ ਨਹੀਂ ਹੈ, ਪੁਲਸ ਉਨ੍ਹਾਂ ਦੀ ਰੱਖਿਆ ਕਰਦੀ ਨਹੀਂ । ਹਫਤੇ ਦੇ ਅਖੀਰ ਤੇ ਬਰੈਡਫੋਰਡ ਵਿਚ ਅਕਸਰ ਨੈਸ਼ਨਲ ਫਰੰਟ ਦਾ ਧਾਵਾ ਹੁੰਦਾ ਹੈ । ਬਰੈਡਫੋਰਡ ਅੰਦਰ ਤੇ ਆਲੇ ਦੁਆਲੇ ਘਰਾਂ, ਦੁਕਾਨਾਂ ਅਤੇ ਪੂਜਾ-ਸਥਾਨਾਂ ਨੂੰ ਅੱਗ ਲਾਈ ਜਾ ਚੁੱਕੀ ਹੈ । ਗਲੀਆਂ ਵਿਚ ਹਮਲੇ ਹੋਣੇ ਤਾਂ ਆਮ ਵਰਗੀ ਗੱਲ ਹੈ । ਪਿਛਲੇ ਕੁੱਝ ਹਫਤਿਆਂ ਵਿਚ ਅਜਿਹੇ ਅਨੇਕਾਂ ਹਮਲੇ ਹੋਏ ਹਨ । ਮਿਸਾਲ ਲਈ 24 ਜੁਲਾਈ ਨੂੰ ਏਸ਼ੀਆਈਆਂ ਦੇ ਦੋ ਘਰਾਂ ਵਿਚ ਬਦਨੀਤੀ ਨਾਲ ਹਮਲੇ ਨਾਲ ਤਬਾਹੀ ਕੀਤੀ ਗਈ । ਦੋ ਗੋਰੇ ਆਦਮੀਆਂ ਦੇ ਦੋਸ਼ ਲਾਏ ਗਏ, ਪਰ ਜ਼ਮਾਨਤ ਤੇ ਛੱਡ ਦਿਤੇ ਗਏ, 14 ਜੁਲਾਈ ਨੂੰ ਇਕ ਏਸ਼ਆਈ ਸਕੂਲੀ ਮੁੰਡੇ ਤੇ ਕਰੀਬ 40 ਗੋਰੇ ਆਦਮੀਆਂ ਦੇ ਗਿਰੋਹ ਨੇ ਨਸਲਵਾਦੀ ਨਾਰੇ ਲਾਉਂਦੇ ਹੋਏ ਤੇ ਨਾਜ਼ੀ ਸਲੂਟ ਮਾਰਦਿਆਂ ਪੈਟਰੋਲ ਬੰਬ ਨਾਲ ਹਮਲਾ ਕੀਤਾ । ਸਿਰਫ ਦੋ ਬੰਦਿਆਂ ਤੇ ਇਲਜ਼ਾਮ ਲਾਇਆ ਗਿਆ, ਉਹ ਵੀ ਸਿਰਫ ਬੰਬਾਂ ਲਈ ਪੈਟਰੋਲ ਚੋਰੀ ਕਰਨ ਦਾ ।

ਫਾਸ਼ਿਸ਼ਟ ਹਮਲਿਆਂ ਦੌਰਾਨ ਬਰੈਡਫੋਰਡ ਪੁਲਸ ਨਾਂ ਸਿਰਫ ਤਮਾਸ਼ਬੀਨ ਹੀ ਰਹਿੰਦੀ ਹੈ, ਸਗੋਂ ਕਾਲੇ ਨੂੰ ਸਿੱਧੇ ਰੂਪ ਵਿਚ ਤੰਗ ਵੀ ਕਰਦੀ ਹੈ । ਪਿਛਲੇ 18 ਮਹੀਨਿਆਂ ਤੋਂ ਖਾਸ ਤੌਰ ਤੇ ਨਿਗਾਹ ਰੱਖਣ ਦਾ ਕੰਮ ਤੇਜ਼ ਹੋਇਆ ਹੈ । ਮਿਸਾਲ ਲਈ ਕਾਲੇ ਲੋਕਾਂ ਦੀ ਇਕ ਕਾਨਫਰੰਸ ਵਿਚ ਹਿੱਸਾ ਲੈਣ ਵਾਲਿਆਂ ਨੂੰ 'ਵਾਚ' ਕੀਤਾ ਗਿਆ ਤੇ ਇਕ ਪੁਲਸ ਅਫਸਰ ਉਨ੍ਹਾਂ ਦੇ ਫੋਟੋ ਵੀ ਖਿੱਚ ਰਿਹਾ ਸੀ । ਬਚਾਅ ਪੱਖ ਦੀਆਂ ਗ੍ਰਿਫਤਾਰੀਆਂ ਤੋਂ ਬਾਦ ਉਨ੍ਹਾਂ ਦੇ ਰਿਸ਼ਤੇਦਾਰਾਂ, ਦੋਸਤਾਂ (ਲੰਦਨ ਤੱਕ ਵਿਚ ਰਹਿਣ ਵਾਲੇ ਵੀ) ਦੀ ਪੁੱਛ ਗਿੱਛ ਤੇ ਹੋਰ ਤਰ੍ਹਾਂ ਤਰ੍ਹਾਂ ਤੰਗ ਕੀਤਾ ਜਾ ਰਿਹਾ ਹੈ ।

ਫਾਸ਼ਿਸ਼ਟਾਂ ਨਾਲ ਪੁਲਸ ਮਿਲੀ ਭਗਤ ਦੀ ਤਾਜ਼ੀ ਮਿਸਾਲ 23 ਅਗਸਤ ਦੀ ਹੈ । ਬਰੈਡਫੋਰਡ ਟੈਕਸ-ਟਾਈਲ ਹਾਲ ਵਿਚ ਵੈਸਟ ਇੰਡੀਜ਼ ਕਮਿਊਨਿਟੀ ਸੈਂਟਰ ਵਿਚ 'ਬਰੈਡਫੋਰਡ 12' ਬਚਾਅ ਕਮੇਟੀ ਦੀ ਮੀਟਿੰਗ ਦੀ ਥਾਂ ਨੂੰ ਅੱਗ ਲਾਈ ਗਈ । ਪੁਲਸ ਇਸ ਨੂੰ ਸਿਰਫ ਦੁਰਘਟਨਾ ਦੱਸ ਰਹੀ ਹੈ ।

ਇਹ ਘਟਨਾਵਾਂ ਕੀ ਜ਼ਾਹਰ ਕਰਦੀਆਂ ਹਨ ? ਨਾਂ ਸਿਰਫ ਪੁਲਸ ਨੈਸ਼ਨਲ ਫਰੰਟ ਦੀ ਹਿਮਾਇਤੀ ਤੇ ਹਮਦਰਦ ਹੈ, ਸਗੋਂ ਹਕੂਮਤ ਵੀ ਆਪਣੇ ਪਾਸ ਕੀਤੇ ਕਾਨੂੰਨਾਂ ਤੇ ਸਿਆਸੀ ਵਿਰੋਧੀਆਂ ਨੂੰ ਨਿਗਾਹ ਹੇਠ ਰੱਖਣ ਦੀ ਨੀਤੀ ਨਾਲ ਫਾਸ਼ੀ ਹਕੂਮਤ ਵੱਲ ਵਧ ਰਹੀ ਹੈ । ਹਕੂਮਤ ਨੂੰ ਖੁਦ ਫਾਸ਼ੀ ਗੁੰਡਿਆਂ ਦੀ ਲੋੜ ਹੈ, ਜੋ ਉਹ ਖੁਦ ਇਸ ਵੇਲੇ ਆਪ ਖੁਲ੍ਹ ਕੇ ਨਹੀਂ ਕਰ ਸਕਦੀ, ਉਹ ਉਹਨਾਂ ਤੋਂ ਕਰਾਉਂਦੀ ਹੈ । ਜੇ ਇਸ ਵਰ੍ਹੇ ਸਾਊਥਾਲ ਵਿਚ ਫਾਸਿਸ਼ਟਾਂ ਨੂੰ ਮੂੰਹ ਦੀ ਖਾਣੀ ਪਈ ਤਾਂ ਹਕੂਮਤ ਉਨ੍ਹਾਂ ਦੇ ਪੱਖ ਵਿਚ ਆਈ । ਏਸ ਗਰਮੀ ਦੀ ਬਗਾਵਤ ਨੇ ਦਿਖਾਇਆ ਹੈ ਕਿ ਇੰਗਲੈਂਡ ਵਿਚ ਇਸ ਸਮੇਂ ਮਜ਼ਦੂਰ ਜਮਾਤ ਵਿਚ ਕਾਲੇ ਲੋਕ ਸਭ ਤੋਂ ਵੱਧ ਇਨਕਲਾਬੀ ਹਿਸਾ ਹਨ । ਇਸੇ ਲਈ ਇਹ ਕੇਸ ਘੜੇ ਜਾ ਰਹੇ ਹਨ । ਇਸੇ ਲਈ ਪੂਰੀ ਮਜ਼ਦੂਰ ਜਮਾਤ ਤੇ ਵਾਰ ਕੀਤਾ ਜਾ ਰਿਹਾ ਹੈ । ਜੇ ਉਹ ਸਵੇਰੇ ਸਾਡੇ ਲਈ ਆਉਂਦੇ ਹਨ ਤਾਂ ਨਿਸ਼ਚਿਤ ਹੀ ਰਾਤ ਨੂੰ ਤੁਹਾਡੇ ਲਈ ਵੀ ਆਉਣਗੇ ।

ਕੀ 'ਬਰੈਡਫੋਰਡ 12', ਜਿਨ੍ਹਾਂ ਤੇ ਪੁਲਸ ਨੇ ਸਾਜ਼ਸ਼ ਦੇ ਇਲਜ਼ਾਮ ਲਾਏ ਹਨ, ਜਿਨ੍ਹਾਂ ਨੂੰ ਉਮਰ ਕੈਦ ਹੋ ਸਕਦੀ ਹੈ, ਨਿਆਂਪੂਰਣ ਮੁਕੱਦਮੇ ਦੀ ਉਮੀਦ ਕਰ ਸਕਦੇ ਹਨ ? ਕੀ ਉਹ ਜ਼ਾਲਮ ਤੇ ਨਸਲਵਾਦੀ ਨਿਆਂ-ਵਿਵਸਥਾ ਤੋਂ ਇਨਸਾਫ ਦੀ ਉਮੀਦ ਕਰ ਸਕਦੇ ਹਨ ? ਜਿਸ ਨੂੰ ਸਾਲਾਂ ਤੋਂ ਲਗਾਤਾਰ ਕਾਲੇ ਲੋਕਾਂ ਤੇ ਦੋਸ਼ ਲਾਉਣ ਲਈ ਵਰਤਿਆ ਗਿਆ ਹੈ ? ਇਹ ਮੁਕੱਦਮਾ ਅਵੱਸ਼ ਹੀ ਬੰਦ ਕੀਤਾ ਜਾਣਾ ਚਾਹੀਦਾ ਹੈ !
— ਬਰੈਡਫੋਰਡ 12' ਤੇ ਲਾਏ ਇਲਜ਼ਾਮ ਵਾਪਸ ਲਓ ! ਫਾਸ਼ੀਆਂ ਤੇ ਇਲਜ਼ਾਮ ਲਾਓ ! 'ਬਰੈਡਫੋਰਡ 12' ਨੂੰ ਰਿਹਾ ਕਰੋ !

14 ਸਿਤੰਬਰ ਤੋਂ ਇਸ ਮੁਕੱਦਮੇ ਖਿਲਾਫ 'ਬਰੈ-ਡਫੋਰਡ 12' ਮਦਦ ਗਰੁੱਪ, ਲੰਦਨ' ਨੇ ਨੈਸ਼ਨਲ ਪਿਕਟਿੰਗ ਸ਼ੁਰੂ ਕੀਤੀ ਪਬਲਿਕ ਮੀਟਿੰਗਾਂ ਵੀ ਕੀਤੀਆਂ ਹਨ । ਹਿੰਦੁਸਤਾਨ ਦੇ ਜਮਹੂਰੀ ਹਲਕਿਆਂ ਨੂੰ ਵੀ ਬਰੈਡਫੋਰਡ 12' ਦੀ ਰਿਹਾਈ ਦੀ ਮੰਗ ਕਰਨੀ ਚਾਹੀਦੀ ਹੈ ।

—ਅਮ੍ਰਿਤ ਵਿਲਸਨ

**